Watch
PUNJAB MAIL USA
TV Channel
On IP box, App, Website
For Advertisment
916-320-9444

A Voice of NRI's
ਸੈਕਰਾਮੈਂਟੋ ਤੋਂ ਪ੍ਰਕਾਸ਼ਤ ਹੋਣ ਵਾਲਾ ਪਹਿਲਾ ਪੰਜਾਬੀ ਅਖ਼ਬਾਰ
ਯੂ. ਐੱਸ. ਏ.

# ਪੰਜਾਬ ਮੇਲ

Chief Editor: **Gurjatinder Singh Randhawa**
Punjab Mail USA


REALTYONEGROUP
FOR SALE & PURCHASE OF ANY KIND OF PROPERTY
ਕੈਲੀਫੋਰਨੀਆ ਵਿਚ ਘਰ ਖਰੀਦਣ ਲਈ ਸੰਪਰਕ ਕਰੋ।
Gurjatinder S. Randhawa
REALTOR
916-320-9444

Vol. 17, Issue- 759, 20 to 26 July, 2023, Ph: 916-320-9444, E-mail: punjabmailusa@yahoo.com, Web: punjabmailusa.com

## ਪਿਛਲੇ 20 ਸਾਲਾਂ ਦੌਰਾਨ ਜਾਅਲੀ ਡਿਗਰੀਆਂ 'ਤੇ ਭਰਤੀ ਹੁੰਦੇ ਰਹੇ ਅਧਿਆਪਕ!

- ਵਿਜੀਲੈਂਸ ਕਰ ਰਹੀ ਹੈ ਸਕੈਮ ਦੀ ਜਾਂਚ
- 100 ਤੋਂ ਵੱਧ ਅਧਿਆਪਕਾਂ ਦਾ ਰਿਕਾਰਡ ਵਿਜੀਲੈਂਸ ਬਿਊਰੋ ਕੋਲ ਪਹੁੰਚਿਆ
- ਇਕੱਲੇ ਲੁਧਿਆਣਾ ਜ਼ਿਲ੍ਹੇ ਦੇ 13 ਸਰਕਾਰੀ ਅਧਿਆਪਕ ਵਿਜੀਲੈਂਸ ਦੇ ਰਡਾਰ 'ਤੇ




**ਚੰਡੀਗੜ੍ਹ, (ਪੰਜਾਬ ਮੇਲ)-** ਪੰਜਾਬ 'ਚ ਆਉਣ ਵਾਲੇ ਸਮੇਂ ਦੌਰਾਨ ਇੱਕ ਵੱਡਾ ਸਕੈਮ ਦੇਖਣ ਨੂੰ ਮਿਲ ਸਕਦਾ ਹੈ। ਪੰਜਾਬ ਦੇ ਸਰਕਾਰੀ ਸਕੂਲਾਂ 'ਚ ਜਾਅਲੀ ਅਤੇ ਗ਼ੈਰ ਮਾਨਤਾ ਪ੍ਰਾਪਤ ਯੂਨੀਵਰਸਿਟੀਆਂ ਦੀਆਂ ਡਿਗਰੀਆਂ ਦੇ ਆਧਾਰ 'ਤੇ ਨਿਯੁਕਤ ਅਧਿਆਪਕਾਂ ਦੀ ਗਿਣਤੀ ਵਧਦੀ ਜਾ ਰਹੀ ਹੈ। ਪੰਜਾਬ ਵਿਜੀਲੈਂਸ ਬਿਊਰੋ ਨੂੰ ਮੁੱਢਲੀ ਜਾਂਚ ਦੌਰਾਨ ਫਰਜ਼ੀ ਡਿਗਰੀਆਂ ਦੇ ਆਧਾਰ 'ਤੇ ਨੌਕਰੀਆਂ ਹਾਸਲ ਕਰਨ ਵਾਲੇ ਲੁਧਿਆਣਾ ਦੇ 13 ਅਧਿਆਪਕਾਂ ਦੇ ਨਾਂ ਸਾਹਮਣੇ ਆਏ ਹਨ।

ਪਿਛਲੀਆਂ ਸਰਕਾਰਾਂ ਦੇ ਕਾਰਜਕਾਲ ਦੌਰਾਨ ਰੱਖੇ ਅਧਿਆਪਕਾਂ ਦੀ ਨਿਯੁਕਤੀ 'ਤੇ ਹੁਣ ਸਵਾਲ ਖੜ੍ਹੇ ਹੋਣ ਲੱਗੇ ਹਨ। ਵਿਜੀਲੈਂਸ ਹੁਣ ਜਾਂਚ ਦਾ ਘੇਰਾ ਵਧਾ ਰਹੀ ਹੈ ਅਤੇ ਪਿਛਲੇ 20 ਸਾਲਾਂ ਦੌਰਾਨ ਭਰਤੀ ਹੋਏ ਅਧਿਆਪਕਾਂ ਦੀਆਂ ਡਿਗਰੀਆਂ ਦੇ ਰਿਕਾਰਡ ਦੀ ਜਾਂਚ ਕੀਤੀ ਜਾ ਰਹੀ ਹੈ। ਮੁੱਢਲੀ ਜਾਂਚ ਦੌਰਾਨ ਸਾਹਮਣੇ ਆਏ ਤੱਥਾਂ ਤੋਂ ਬਾਅਦ ਵਿਜੀਲੈਂਸ ਬਿਊਰੋ ਨੇ ਵੀ ਇਸ ਪੂਰੇ ਮਾਮਲੇ ਦੀ ਜਾਂਚ ਲਈ ਐੱਸ.ਪੀ. ਪੱਧਰ ਦੇ ਅਧਿਕਾਰੀ ਦੀ ਅਗਵਾਈ ਵਿਚ ਜਾਂਚ ਟੀਮ ਦਾ ਗਠਨ ਕੀਤਾ ਹੈ।

ਪਿਛਲੇ ਦਿਨੀਂ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਫੇਜ਼-11 ਮੋਹਾਲੀ ਦੀ ਪ੍ਰਿੰਸੀਪਲ ਪਰਮਜੀਤ ਕੌਰ ਨੂੰ ਫਰਜ਼ੀ ਡਿਗਰੀ ਦੇ ਆਧਾਰ 'ਤੇ ਨੌਕਰੀ ਲੈਣ ਦੇ ਦੋਸ਼ 'ਚ ਗ੍ਰਿਫਤਾਰ ਕੀਤੇ ਜਾਣ ਤੋਂ ਬਾਅਦ ਇਹ ਮਾਮਲਾ ਕਾਫ਼ੀ ਗਰਮਾ ਗਿਆ ਹੈ। ਲੁਧਿਆਣਾ ਅਤੇ ਹੋਰ ਜ਼ਿਲ੍ਹਿਆਂ ਵਿਚ ਸਾਹਮਣੇ ਆਏ ਜ਼ਿਆਦਾਤਰ ਫਰਜ਼ੀ ਡਿਗਰੀਆਂ ਦੇ ਮਾਮਲੇ ਬਿਹਾਰ ਅਤੇ ਬੁੰਦੇਲਖੰਡ ਨਾਲ ਜੁੜੇ ਹਨ। ਵੱਡੀ ਗਿਣਤੀ ਵਿਚ ਮਾਸਟਰਾਂ ਨੇ ਬਿਹਾਰ ਅਤੇ ਬੁੰਦੇਲਖੰਡ ਦੀ ਮਗਧ ਯੂਨੀਵਰਸਿਟੀ ਤੋਂ ਡਿਗਰੀਆਂ ਹਾਸਲ ਕੀਤੀਆਂ ਹਨ। ਕੁਝ ਅਧਿਆਪਕਾਂ ਨੇ ਯੂ.ਪੀ. ਦੀਆਂ ਕੁਝ ਗੈਰ ਮਾਨਤਾ ਪ੍ਰਾਪਤ ਯੂਨੀਵਰਸਿਟੀਆਂ ਦੀਆਂ ਡਿਗਰੀਆਂ ਵੀ ਨੱਥੀ ਕੀਤੀਆਂ ਹੋਈਆਂ ਹਨ।

ਜਾਂਚ ਦੌਰਾਨ ਸਾਹਮਣੇ ਆਏ ਤੱਥਾਂ ਤੋਂ ਬਾਅਦ ਇਕੱਲੇ ਲੁਧਿਆਣਾ ਜ਼ਿਲ੍ਹੇ ਦੇ 13 ਸਰਕਾਰੀ ਅਧਿਆਪਕ ਵਿਜੀਲੈਂਸ ਦੇ ਰਡਾਰ 'ਤੇ ਹਨ।

■ ਬਾਕੀ ਖਬਰ ਸਫਾ 15 'ਤੇ

## ਅਮਰੀਕਾ ਦੀ ਗੈਰ ਕਾਨੂੰਨੀ ਆਬਾਦੀ ਪਿਛਲੇ 2 ਸਾਲਾਂ 'ਚ 2.3 ਮਿਲੀਅਨ ਵਧੀ



**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕਾ 'ਚ ਤਕਰੀਬਨ ਦੋ ਸਾਲਾਂ 'ਚ ਗੈਰ ਕਾਨੂੰਨੀ ਨਾਗਰਿਕਾਂ ਦੀ ਭਾਰੀ ਗਿਣਤੀ 'ਚ ਆਮਦ ਹੋਈ ਹੈ। ਇਕ ਸਰਵੇ ਮੁਤਾਬਕ ਅਮਰੀਕਾ 'ਚ ਪਿਛਲੇ ਦੋ ਸਾਲਾਂ ਦੌਰਾਨ 2.3 ਮਿਲੀਅਨ ਲੋਕ ਗੈਰ ਕਾਨੂੰਨੀ ਤੌਰ 'ਤੇ ਦਾਖਲ ਹੋਏ ਹਨ। ਜਨਗਣਨਾ ਬਿਊਰੋ ਦੇ ਤਾਜ਼ਾ ਅੰਕੜਿਆਂ ਅਨੁਸਾਰ ਵਿਸ਼ਲੇਸ਼ਣ ਤੋਂ ਪਤਾ ਚੱਲਦਾ ਹੈ ਕਿ ਇਸ ਵਕਤ ਤਕਰੀਬਨ 1 ਕਰੋੜ 70 ਲੱਖ ਗੈਰ-ਕਾਨੂੰਨੀ ਨਾਗਰਿਕ ਅਮਰੀਕਾ 'ਚ ਰਹਿੰਦੇ ਹਨ।

ਅਪ੍ਰੈਲ 2023 ਤੱਕ, ਸੰਯੁਕਤ ਰਾਜ ਅਮਰੀਕਾ ਦੀ ਵਿਦੇਸ਼ੀ ਮੂਲ ਦੀ ਆਬਾਦੀ ਸਿਰਫ 50 ਮਿਲੀਅਨ ਤੋਂ ਘੱਟ ਸੀ, ਜੋ ਹੁਣ ਤੱਕ ਦੀ ਸਭ ਤੋਂ ਉੱਚੀ ਹੈ। ਅਮਰੀਕਾ ਦੇ ਹਰ ਤਿੰਨ ਵਿਦੇਸ਼ੀ ਮੂਲ ਨਿਵਾਸੀਆਂ ਵਿਚੋਂ ਇੱਕ ਗੈਰ-ਕਾਨੂੰਨੀ ਪ੍ਰਵਾਸੀ ਹੈ। 20 ਜਨਵਰੀ, 2021 ਅਤੇ 30 ਅਪ੍ਰੈਲ, 2023 ਦੇ ਵਿਚਕਾਰ, ਲਗਭਗ 2.3 ਮਿਲੀਅਨ ਨਵੇਂ ਗੈਰ-ਕਾਨੂੰਨੀ ਲੋਕਾਂ ਨੇ ਅਮਰੀਕਾ 'ਚ ਨਿਵਾਸ ਕੀਤਾ ਹੈ। ਮੌਜੂਦਾ ਗੈਰ-ਕਾਨੂੰਨੀ ਨਾਗਰਿਕਾਂ ਦੀ ਆਬਾਦੀ ਚਾਰ ਅਮਰੀਕੀ ਰਾਜਾਂ - ਕੈਲੀਫੋਰਨੀਆ, ਟੈਕਸਾਸ, ਫਲੋਰੀਡਾ ਅਤੇ ਨਿਊਯਾਰਕ ਤੋਂ ਇਲਾਵਾ ਸਭ ਤੋਂ ਵੱਧ ਹੈ।

ਗੈਰ-ਕਾਨੂੰਨੀ ਇਮੀਗ੍ਰੇਸ਼ਨ ਦੀ ਮੌਜੂਦਾ ਰਫਤਾਰ ਨਾਲ, 2010 ਦੇ ਪੂਰੇ ਦਹਾਕੇ ਦੇ ਮੁਕਾਬਲੇ ਬਾਇਡਨ ਪ੍ਰਸ਼ਾਸਨ ਦੇ ਪਹਿਲੇ ਤਿੰਨ ਸਾਲਾਂ ਵਿਚ ਵਧੇਰੇ ਗੈਰ-ਕਾਨੂੰਨੀ ਨਾਗਰਿਕ ਅਮਰੀਕਾ 'ਚ ਦਾਖਲ ਹੋਏ ਹਨ।

ਗੈਰ-ਕਾਨੂੰਨੀ ਨਾਗਰਿਕ ਆਬਾਦੀ 'ਚ ਤਿੱਖੇ ਵਾਧੇ ਦੇ ਨਾਲ-ਨਾਲ ਅਮਰੀਕੀ ਕਰਦਾਤਾਵਾਂ ਲਈ ਲਾਗਤਾਂ ਵਿਚ ਤਿੱਖਾ ਵਾਧਾ ਹੁੰਦਾ ਹੈ। ਪਿਛਲੇ ਸਾਲ ਵਿਚ ਨਵੇਂ ਗੈਰ-ਕਾਨੂੰਨੀ ਨਾਗਰਿਕਾਂ ਦੀ ਬੇਮਿਸਾਲ ਪੱਧਰ 'ਤੇ ਆਮਦ ਨਾਲ ਗੈਰ-ਕਾਨੂੰਨੀ ਇਮੀਗ੍ਰੇਸ਼ਨ ਦੇ ਖਰਚਿਆਂ 'ਚ ਸਾਲਾਨਾ 12.6 ਬਿਲੀਅਨ ਡਾਲਰ ਦਾ ਵਾਧਾ ਹੋਇਆ।

ਗੈਰ-ਕਾਨੂੰਨੀ ਇਮੀਗ੍ਰੇਸ਼ਨ ਦੀ ਮੌਜੂਦਾ ਗਤੀ 'ਤੇ, 2026 ਤੱਕ ਸਾਲਾਨਾ ਸ਼ੁੱਧ ਲਾਗਤ 200 ਬਿਲੀਅਨ ਡਾਲਰ ਤੋਂ ਵੱਧ ਜਾਵੇਗੀ।

ਸਰਵੇਖਣ ਅਨੁਸਾਰ 16.8 ਮਿਲੀਅਨ ਖਰਚ ਇਕ ਅਨੁਮਾਨ ਹੀ ਹੈ। ਜਨਗਣਨਾ ਬਿਊਰੋ ਆਪਣੇ ਸਾਲਾਨਾ ਅਮਰੀਕਨ ਕਮਿਊਨਿਟੀ ਸਰਵੇ (ਏ.ਸੀ.ਐੱਸ.) ਅਤੇ ਇਸ ਦੇ ਮਾਸਿਕ ਮੌਜੂਦਾ ਆਬਾਦੀ ਸਰਵੇਖਣ (ਸੀ.ਪੀ.ਐੱਸ.) ਵਿਚ ਵਿਦੇਸ਼ੀ-ਜਨਮੀ ਆਬਾਦੀ ਅਤੇ ਉਸ ਆਬਾਦੀ ਦੇ ਉਪ ਸਮੂਹ ਨੂੰ ਮਾਪਦਾ ਹੈ, ਜੋ ਇੱਥੇ ਗੈਰ-ਕਾਨੂੰਨੀ ਤੌਰ 'ਤੇ ਹੈ।

ਅਮਰੀਕਾ 'ਚ ਗੈਰ ਕਾਨੂੰਨੀ ਆਬਾਦੀ ਜਨਗਣਨਾ ਬਿਊਰੋ ਦੇ ਮਾਪਦੰਡ ਤੋਂ 30 ਫੀਸਦੀ ਤੋਂ ਵੀ ਵੱਧ ਹੋ ਸਕਦੀ ਹੈ, ਕਿਉਂਕਿ ਬਹੁਤੇ ਲੋਕ ਪੁੱਛਗਿਛ ਦੌਰਾਨ ਆਪਣਾ ਵੇਰਵਾ ਨਹੀਂ ਦਿੰਦੇ।

ਇਸ ਤੋਂ ਇਲਾਵਾ, ਬਿਊਰੋ ਦੇ ਸਰਵੇਖਣ ਨਮੂਨੇ ਸਿਰਫ਼ ਨਿਸ਼ਚਿਤ ਪਤੇ ਵਾਲੇ ਲੋਕਾਂ ਨੂੰ ਟਰੈਕ ਕਰਦੇ ਹਨ, ਜੋ ਸਰਕਾਰ ਕੋਲ ਫਾਈਲ 'ਤੇ ਹਨ। ਨਵੇਂ ਆਉਣ ਵਾਲੇ ਗੈਰ-ਕਾਨੂੰਨੀ ਲੋਕਾਂ ਦੀ ਇੱਕ ਵੱਡੀ ਪ੍ਰਤੀਸ਼ਤ ਆਬਾਦੀ ਅਸਥਾਈ ਸ਼ੈਲਟਰਾਂ ਵਿਚ ਰਹਿ ਰਹੀ ਹੈ। ਸਰਵੇਖਣਾਂ 'ਚ "ਗੌਟਵੇਜ਼" ਜਾਂ ਹੋਰ ਵਿਅਕਤੀਆਂ ਦੀ ਵੱਡੀ ਗਿਣਤੀ ਨੂੰ ਵੀ ਸ਼ਾਮਲ ਨਹੀਂ ਕੀਤਾ ਗਿਆ ਹੈ, ਜਿਨ੍ਹਾਂ ਨੂੰ ਅਮਰੀਕਾ ਵਿਚ ਪੈਰੋਲ 'ਤੇ ਰਿਹਾਅ ਕੀਤਾ ਗਿਆ ਹੈ ਅਤੇ ਰਾਡਾਰ ਦੇ ਅਧੀਨ ਰਹਿੰਦੇ ਹਨ। ਫਿਰ ਵੀ ਅਮਰੀਕਾ 'ਚ ਗੈਰ-ਕਾਨੂੰਨੀ ਆਬਾਦੀ ਦਾ ਅੰਦਾਜ਼ਾ ਲਗਾਉਣਾ ਬਹੁਤ ਮੁਸ਼ਕਿਲ ਹੈ।

## ਤੁਸੀਂ ਹੁਣ ਆਪਣੇ ਕੰਮ ਅਤੇ ਯਾਤਰਾ ਪਰਮਿਟ ਦੇ ਉਡੀਕ ਸਮੇਂ ਨੂੰ ਆਨਲਾਈਨ ਟ੍ਰੈਕ ਕਰ ਸਕਦੇ ਹੋ

- ਯੂ.ਐੱਸ.ਸੀ.ਆਈ.ਐੱਸ. ਆਪਣੇ ਪ੍ਰੋਸੈਸਿੰਗ ਟਾਈਮ ਟੂਲ ਨੂੰ ਵਧਾ ਰਿਹੈ

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕਾ ਦੇ ਕੇਸਾਂ ਦੀ ਅਪਡੇਟ ਦੇਖਣ ਲਈ ਬਿਨੈਕਾਰਾਂ ਨੂੰ ਕਾਫੀ ਤਣਾਅਪੂਰਨ ਸਥਿਤੀ ਦਾ ਸਾਹਮਣਾ ਕਰਨਾ ਪੈਂਦਾ ਹੈ।

ਯੂ.ਐੱਸ. ਸਿਟੀਜ਼ਨਸ਼ਿਪ ਐਂਡ ਇਮੀਗ੍ਰੇਸ਼ਨ ਸਰਵਿਸਿਜ਼ (ਯੂ.ਐੱਸ.ਸੀ.ਆਈ.ਐੱਸ.) ਬਿਨੈਕਾਰਾਂ ਲਈ ਆਪਣੀਆਂ ਅਰਜ਼ੀਆਂ ਦੇ ਉਡੀਕ ਸਮੇਂ ਦੀ ਆਨਲਾਈਨ ਜਾਂਚ ਕਰਨਾ ਆਸਾਨ ਬਣਾ ਰਿਹਾ ਹੈ।

ਫੈਡਰਲ ਏਜੰਸੀ ਨੇ ਐਲਾਨ ਕੀਤਾ ਹੈ ਕਿ ਉਹ ਆਪਣੇ ਪ੍ਰੋਸੈਸਿੰਗ ਟਾਈਮ ਟੂਲ, ਜਿਸ ਨੂੰ 'ਮਾਈ ਪ੍ਰੋਗਰੈਸ' ਕਿਹਾ ਜਾਂਦਾ ਹੈ, ਨੂੰ ਫਾਰਮ I-765 ("ਰੁਜ਼ਗਾਰ ਅਧਿਕਾਰ ਲਈ ਅਰਜ਼ੀ") ਅਤੇ ਫਾਰਮ I-131 ("ਟ੍ਰੈਵਲ ਦਸਤਾਵੇਜ਼ ਲਈ ਅਰਜ਼ੀ") ਤੱਕ ਵਧਾ ਰਹੀ ਹੈ।

ਯੂ.ਐੱਸ.ਸੀ.ਆਈ.ਐੱਸ. ਨੇ ਇੱਕ ਬਿਆਨ ਵਿਚ ਕਿਹਾ, ਮਾਈ ਪ੍ਰੋਗਰੈਸ ਟੂਲ ਬਿਨੈਕਾਰਾਂ ਨੂੰ 'ਉਨ੍ਹਾਂ ਦੇ ਕੇਸ ਦੇ ਉਡੀਕ ਸਮੇਂ ਅਤੇ ਵਿਅਕਤੀਗਤ ਅੰਦਾਜ਼ੇ ਪ੍ਰਾਪਤ ਕਰਨ 'ਚ ਮਦਦ ਕਰੇਗਾ, ਜਿਸ ਵਿਚ ਉਨ੍ਹਾਂ ਦੇ ਅੰਤਿਮ ਕੇਸ ਦੇ ਫੈਸਲੇ ਵੀ ਸ਼ਾਮਲ ਹਨ।" ਮਤਲਬ ਕਿ ਜੱਜ ਵੱਲੋਂ ਜੋ ਵੀ ਫੈਸਲਾ ਕੀਤਾ ਜਾਵੇਗਾ, ਉਸ ਨੂੰ ਵੀ ਹੁਣ ਵੈੱਬਸਾਈਟ 'ਤੇ ਦੇਖਿਆ ਜਾ ਸਕੇਗਾ।

■ ਬਾਕੀ ਖਬਰ ਸਫਾ 15 'ਤੇ

## ਬਾਇਡਨ ਨੇ ਗੈਰ ਕਾਨੂੰਨੀ ਪਰਿਵਾਰਾਂ ਦੇ ਡੀ.ਐੱਨ.ਏ. ਜਾਂਚ ਦੇ ਫੈਸਲੇ ਨੂੰ ਬਦਲਿਆ

**ਵਾਸ਼ਿੰਗਟਨ, (ਪੰਜਾਬ ਮੇਲ)-** ਜੋਅ ਬਾਇਡਨ ਨੇ ਸਾਬਕਾ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਦੇ 2019 ਵਿਚ ਸ਼ੁਰੂ



ਕੀਤੇ ਇਕ ਪ੍ਰੋਗਰਾਮ ਨੂੰ ਬਦਲ ਦਿੱਤਾ ਹੈ। ਇਸ ਪ੍ਰੋਗਰਾਮ ਅਧੀਨ ਗੈਰ ਕਾਨੂੰਨੀ ਆਉਣ ਵਾਲੇ ਪਰਿਵਾਰਾਂ ਦੀ ਡੀ.ਐੱਨ.ਏ. ਜਾਂਚ ਕੀਤੀ ਜਾਂਦੀ ਸੀ, ਤਾਂ ਜੋ ਗੈਰ ਕਾਨੂੰਨੀ ਪ੍ਰਵਾਸੀ ਲੋਕਾਂ ਨੂੰ ਪਰਿਵਾਰਕ ਸੰਬੰਧਾਂ ਦਾ ਝੂਠਾ ਦਾਅਵਾ ਕਰਕੇ ਬੱਚਿਆਂ ਦੀ ਤਸਕਰੀ ਤੋਂ ਬਚਾਇਆ ਜਾ ਸਕੇ। ਡੀ.ਐੱਨ.ਏ. ਟੈਸਟ ਮੌਕੇ 'ਤੇ ਹੀ ਕੀਤਾ ਜਾਂਦਾ ਸੀ ਅਤੇ ਇਸ ਦੀ ਰਿਪੋਰਟ ਕੁੱਝ ਮਿੰਟਾਂ ਅੰਦਰ ਹੀ ਪਤਾ ਲੱਗ ਸਕਦੀ ਸੀ। ਇਸ ਟੈਸਟ ਨਾਲ ਮਾਤਾ-ਪਿਤਾ ਤੇ ਬੱਚੇ ਦੇ ਰਿਸ਼ਤੇ ਬਾਰੇ ਪੱਕੀ ਜਾਣਕਾਰੀ ਪ੍ਰਾਪਤ ਕੀਤੀ ਜਾਂਦੀ ਸੀ।

ਫਲੋਰਸ ਮੁਕੱਦਮੇ 'ਚ 2015 ਦੇ ਸੰਘੀ ਅਦਾਲਤ ਦੇ ਫੈਸਲੇ ਦੇ ਕਾਰਨ, ਓਬਾਮਾ ਅਤੇ ਟਰੰਪ ਪ੍ਰਸ਼ਾਸਨ ਦੇ ਦੌਰਾਨ ਯੂ.ਐੱਸ. ਬਾਰਡਰ 'ਤੇ ਪਹੁੰਚਣ ਵਾਲੀਆਂ ਜਾਅਲੀ ਪਰਿਵਾਰਕ ਇਕਾਈਆਂ ਦੀ ਵਧਦੀ ਗਿਣਤੀ ਇੱਕ ਗੰਭੀਰ ਸਮੱਸਿਆ ਬਣ ਗਈ ਸੀ।

■ ਬਾਕੀ ਖਬਰ ਸਫਾ 15 'ਤੇ

## ਕੈਨੇਡਾ ਵੱਲੋਂ ਆਪਣੇ ਤਕਨੀਕੀ ਕਰਮਚਾਰੀਆਂ ਨੂੰ ਉਤਸ਼ਾਹਤ ਕਰਨ ਲਈ ਇਮੀਗ੍ਰੇਸ਼ਨ ਪਹਿਲਕਦਮੀ ਦਾ ਐਲਾਨ

**ਟੋਰਾਂਟੋ, (ਪੰਜਾਬ ਮੇਲ)-** ਕੈਨੇਡਾ ਨੇ ਐੱਚ-1ਬੀ ਵਰਕ ਵੀਜ਼ਾ ਵਾਲੇ ਸੰਯੁਕਤ ਰਾਜ ਤੋਂ ਉੱਚ ਹੁਨਰਮੰਦ ਤਕਨਾਲੋਜੀ ਪੇਸ਼ੇਵਰਾਂ ਨੂੰ ਆਕਰਸ਼ਿਤ ਕਰਨ ਲਈ ਇੱਕ ਇਮੀਗ੍ਰੇਸ਼ਨ ਪਹਿਲਕਦਮੀ ਦਾ ਐਲਾਨ ਕੀਤਾ ਹੈ। ਐੱਚ-1ਬੀ ਵੀਜ਼ਾ ਵਿਸ਼ੇਸ਼ ਹੁਨਰ ਵਾਲੇ ਗੈਰ-ਪ੍ਰਵਾਸੀ ਵਿਦੇਸ਼ੀ ਕਾਮਿਆਂ ਲਈ ਹਨ। ਹੁਣ 16 ਜੁਲਾਈ ਤੋਂ ਇਨ੍ਹਾਂ ਵੀਜ਼ਾ ਧਾਰਕਾਂ ਵਿਚੋਂ 10,000 ਤੱਕ ਕੈਨੇਡਾ ਵਿਚ ਕੰਮ ਕਰਨ ਲਈ ਅਪਲਾਈ ਕਰ ਸਕਣਗੇ। ਇਹ ਕਦਮ ਦੇਸ਼ ਦੀ ਨਵੀਂ ਤਕਨੀਕੀ ਪ੍ਰਤਿਭਾ ਰਣਨੀਤੀ ਦਾ




ਹਿੱਸਾ ਹੈ।

ਇਮੀਗ੍ਰੇਸ਼ਨ, ਰਫਿਊਜੀਜ਼ ਅਤੇ ਸਿਟੀਜ਼ਨਸ਼ਿਪ ਕੈਨੇਡਾ ਵੱਲੋਂ ਇਕ ਬਿਆਨ 'ਚ ਕਿਹਾ ਗਿਆ ਹੈ ਕਿ ਕੈਨੇਡਾ ਸਰਕਾਰ ਇਹ ਯਕੀਨੀ ਬਣਾਉਣ ਲਈ ਗਲੋਬਲ ਤਕਨੀਕੀ ਪ੍ਰਤਿਭਾ ਦੀ ਭਰਤੀ ਅਤੇ ਆਕਰਸ਼ਨ ਵਿਚ ਇੱਕ ਮੋਹਰੀ ਵਜੋਂ ਕੈਨੇਡਾ ਦੀ ਉੱਭਰਦੀ ਭੂਮਿਕਾ ਨੂੰ ਅਪਣਾ ਰਹੀ ਹੈ, ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਕੈਨੇਡਾ ਅੱਜ ਨਾ ਸਿਰਫ਼ ਮੰਗ ਵਿਚ ਨੌਕਰੀਆਂ ਨੂੰ ਪੂਰਾ ਕਰ ਰਿਹਾ ਹੈ, ਸਗੋਂ ਕੱਲ੍ਹ ਦੀਆਂ ਨੌਕਰੀਆਂ ਪੈਦਾ ਕਰਨ ਲਈ ਹੁਨਰ ਅਤੇ ਕਾਰੋਬਾਰੀ ਪ੍ਰਤਿਭਾ ਨੂੰ ਵੀ ਆਕਰਸ਼ਿਤ ਕਰ ਰਿਹਾ ਹੈ।

ਇਹ ਨਵੰਬਰ ਦੇ ਐਲਾਨ ਤੋਂ ਬਾਅਦ ਹੈ, ਜਿਸ ਵਿਚ ਸਰਕਾਰ ਨੇ ਆਉਣ ਵਾਲੀ ਮਜ਼ਦੂਰਾਂ ਦੀ ਘਾਟ ਨਾਲ ਨਜਿੱਠਣ ਦਾ ਟੀਚਾ ਰੱਖਿਆ ਹੈ। 2025 ਤੱਕ, ਦੇਸ਼

■ ਬਾਕੀ ਖਬਰ ਸਫਾ 15 'ਤੇ

## ਬਾਇਡਨ ਪ੍ਰਸ਼ਾਸਨ ਵੱਲੋਂ ਬਾਰਡਰ ਕਰਾਸਿੰਗ ਨੂੰ ਰੋਕਣ ਲਈ ਨਵਾਂ ਕਾਨੂੰਨੀ ਮਾਈਗ੍ਰੇਸ਼ਨ ਪ੍ਰੋਗਰਾਮ ਸ਼ੁਰੂ

**ਵਾਸ਼ਿੰਗਟਨ, (ਪੰਜਾਬ ਮੇਲ)-** ਬਾਇਡਨ ਪ੍ਰਸ਼ਾਸਨ ਜਲਦੀ ਹੀ ਇੱਕ ਨਵਾਂ ਇਮੀਗ੍ਰੇਸ਼ਨ ਪ੍ਰੋਗਰਾਮ ਸ਼ੁਰੂ ਕਰੇਗਾ, ਜਿਸ ਨਾਲ ਅਮਰੀਕਾ ਦੇ ਗੁਆਂਢੀ ਮੁਲਕਾਂ ਦੇ ਲੋਕਾਂ ਨੂੰ ਗੈਰ-ਕਾਨੂੰਨੀ ਸਰਹੱਦ ਪਾਰ ਕਰਨ ਦੇ ਵਿਕਲਪ ਵਜੋਂ ਕਾਨੂੰਨੀ ਤੌਰ 'ਤੇ ਅਮਰੀਕਾ ਵਿਚ ਦਾਖਲ ਹੋਣ ਦੀ ਇਜਾਜ਼ਤ ਦਿੱਤੀ ਜਾਵੇਗੀ। ਇਸ ਪ੍ਰੋਗਰਾਮ ਨੂੰ 'ਫੈਮਿਲੀ ਰੀਯੂਨੀਫਿਕੇਸ਼ਨ ਪੈਰੋਲ ਪ੍ਰੋਸੈਸ' ਕਿਹਾ ਜਾਂਦਾ ਹੈ। ਇਨ੍ਹਾਂ ਮੁਲਕਾਂ 'ਚ ਕੋਲੰਬੀਆ, ਅਲ ਸੈਲਵਾਡੋਰ, ਗੁਆਟੇਮਾਲਾ, ਅਤੇ ਹੋਂਡੁਰਾਸ ਤੋਂ ਯੋਗ ਪ੍ਰਵਾਸੀਆਂ ਨੂੰ ਵਰਕ ਪਰਮਿਟ



ਪ੍ਰਦਾਨ ਕੀਤਾ ਜਾਵੇਗਾ। ਇਨ੍ਹਾਂ ਪ੍ਰਵਾਸੀਆਂ ਦੇ ਅਮਰੀਕੀ ਨਾਗਰਿਕ ਜਾਂ ਸਥਾਈ ਨਿਵਾਸੀ ਰਿਸ਼ਤੇਦਾਰ ਅਮਰੀਕਾ ਵਿਚ ਪੱਕੇ ਤੌਰ 'ਤੇ ਰਹਿੰਦੇ ਹੋਣੇ ਚਾਹੀਦੇ ਹਨ।

ਪਿਛਲੇ ਦਿਨਾਂ ਦੌਰਾਨ ਇਨ੍ਹਾਂ ਮੁਲਕਾਂ ਵਿਚੋਂ ਭਾਰੀ ਗਿਣਤੀ 'ਚ ਉਥੋਂ ਦੇ ਸਥਾਨਕ ਲੋਕ ਅਮਰੀਕਾ 'ਚ ਗੈਰ ਕਾਨੂੰਨੀ ਤੌਰ 'ਤੇ ਪ੍ਰਵੇਸ਼ ਕਰ ਰਹੇ ਹਨ। ਅਮਰੀਕੀ ਸੁਰੱਖਿਆ ਦਸਤਿਆਂ ਵੱਲੋਂ ਇਨ੍ਹਾਂ ਨੂੰ ਵੱਖ-ਵੱਖ ਤਰੀਕਿਆਂ ਨਾਲ ਰੋਕਣ ਦੀ ਕੋਸ਼ਿਸ਼ ਵੀ ਕੀਤੀ ਜਾਂਦੀ ਰਹੀ ਹੈ। 2023 ਦੀ ਸ਼ੁਰੂਆਤ ਤੋਂ, ਟੈਕਸਾਸ ਵਿਚ ਬਾਰਡਰ ਏਜੰਟਾਂ ਨੇ 100 ਤੋਂ ਵੱਧ ਟਰੱਕਾਂ ਨੂੰ ਰੋਕਿਆ। ਇਨ੍ਹਾਂ ਟਰੱਕਾਂ ਵਿਚੋਂ ਭਾਰੀ ਗਿਣਤੀ ਵਿਚ ਪ੍ਰਵਾਸੀ ਗੈਰ ਕਾਨੂੰਨੀ ਤੌਰ 'ਤੇ ਅਮਰੀਕਾ ਵਿਚ ਪ੍ਰਵੇਸ਼ ਕਰ ਰਹੇ ਸਨ। ਇਸ ਵਕਤ ਤਸਕਰਾਂ ਨੂੰ ਡਰੱਗ ਨਾਲੋਂ ਪ੍ਰਵਾਸੀਆਂ ਨੂੰ ਬਾਰਡਰ ਟਪਾਉਣ ਵਿਚ ਜ਼ਿਆਦਾ ਪੈਸਾ ਕਮਾਉਣ ਦਾ ਮੌਕਾ ਮਿਲ ਰਿਹਾ ਹੈ।

# ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਹੜ੍ਹ ਪੀੜਤਾਂ ਦੀ ਮਦਦ ਲਈ ਅੱਗੇ ਆਈ

**■ ਡਾ. ਐੱਸ.ਪੀ. ਸਿੰਘ ਓਬਰਾਏ ਵੱਲੋਂ ਹਰ ਤਰ੍ਹਾਂ ਦੀ ਮਦਦ ਦਾ ਭਰੋਸਾ**



**ਤਰਨਤਾਰਨ, (ਪੰਜਾਬ ਮੇਲ)-** ਸਮਾਜ ਸੇਵਾ ਦੇ ਖੇਤਰ ਵਿਚ ਮੋਹਰੀ ਭੂਮਿਕਾ ਅਦਾ ਕਰ ਰਹੀ ਵਿਸ਼ਵ ਪ੍ਰਸਿੱਧ ਸੰਸਥਾ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਹੜ੍ਹ ਪੀੜਤਾਂ ਦੀ ਮਦਦ ਲਈ ਅੱਗੇ ਆਈ ਹੈ। ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੇ ਬਾਨੀ ਡਾਕਟਰ ਐੱਸ.ਪੀ. ਸਿੰਘ ਓਬਰਾਏ ਵੱਲੋਂ ਐਲਾਨ ਕੀਤਾ ਗਿਆ ਹੈ ਕਿ ਹੜ੍ਹ ਪ੍ਰਭਾਵਿਤ ਇਲਾਕਿਆਂ ਵਿਚ ਜਿਸ ਤਰ੍ਹਾਂ ਦੀ ਸਹਾਇਤਾ ਦੀ ਲੋੜ ਮਹਿਸੂਸ ਹੋਵੇਗੀ, ਉਸ ਲਈ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ ਸੇਵਾ ਕੀਤੀ ਜਾਵੇਗੀ। ਤਰਨਤਾਰਨ ਜ਼ਿਲ੍ਹੇ ਦੇ 31 ਪਿੰਡ ਵੱਡੇ ਪੱਧਰ 'ਤੇ ਪਾਣੀ ਦੀ ਮਾਰ ਹੇਠ ਆਏ ਹਨ। ਇਸ ਕਾਰਨ ਇਨ੍ਹਾਂ ਪਿੰਡਾਂ ਦੇ ਵਸਨੀਕਾਂ ਨੂੰ ਆਪਣੇ ਮਾਲ ਡੰਗਰ ਨਾਲ ਘਰਾਂ ਨੂੰ ਛੱਡ ਕੇ ਉੱਚੇ ਥਾਂ 'ਤੇ ਹਿਜਰਤ ਕਰਨੀ ਪਈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਟਰੱਸਟ ਦੇ ਜਰਨਲ ਸਕੱਤਰ ਗੁਰਪ੍ਰੀਤ ਸਿੰਘ ਪਨਗੋਟਾ ਨੇ ਦੱਸਿਆ ਕਿ ਡਾਕਟਰ ਓਬਰਾਏ ਵੱਲੋਂ ਹੜ੍ਹ ਆਉਣ ਦੇ ਹਲਾਤਾਂ ਨੂੰ ਵੇਖਦਿਆਂ ਪਹਿਲੇ ਦਿਨ ਹੀ ਜ਼ਿਲ੍ਹਾ ਟੀਮ ਨੂੰ ਜ਼ਮੀਨੀ ਪੱਧਰ 'ਤੇ ਹਾਲਾਤਾਂ ਦਾ ਜਾਇਜ਼ਾ ਲੈਣ ਲਈ ਕਿਹਾ ਸੀ। ਟੀਮ ਵੱਲੋਂ ਜ਼ਮੀਨੀ ਪੱਧਰ 'ਤੇ ਵਿਚਰਦਿਆਂ ਇਹ ਮਹਿਸੂਸ ਕੀਤਾ ਕਿ ਪਾਣੀ ਦੀ ਮਾਰ ਹੇਠ ਆਉਣ ਕਾਰਨ ਜਿਥੇ ਝੋਨੇ ਦੀ ਫ਼ਸਲ ਦਾ ਨੁਕਸਾਨ ਹੋਇਆ ਹੈ, ਉਥੇ ਕਿਸਾਨਾਂ ਦੇ ਪਸ਼ੂ ਧੰਨ ਲਈ ਹਰੇ ਚਾਰੇ ਦੀ ਸਮੱਸਿਆ ਸਭ ਤੋਂ ਵੱਡੀ ਮੁਸ਼ਕਿਲ ਵਜੋਂ ਉੱਭਰ ਕੇ ਸਾਹਮਣੇ ਆਈ। ਇਸ ਸਬੰਧੀ ਜਦੋਂ ਕੈਬਨਿਟ ਮੰਤਰੀ ਲਾਲਜੀਤ ਸਿੰਘ ਭੁੱਲਰ ਨਾਲ ਸਲਾਹ ਕੀਤੀ, ਤਾਂ ਉਨ੍ਹਾਂ ਨੇ ਵੀ ਡਾ. ਓਬਰਾਏ ਕੋਲੋਂ ਪਸ਼ੂਆਂ ਦੀ ਖ਼ੁਰਾਕ ਲਈ ਸਹਾਇਤਾ ਦੀ ਬੇਨਤੀ ਕੀਤੀ। ਉਨ੍ਹਾਂ ਦੀ ਟੀਮ ਅਤੇ ਪ੍ਰਸ਼ਾਸਨ ਦੀ ਮੰਗ ਨੂੰ ਵੇਖਦਿਆਂ ਡਾ. ਓਬਰਾਏ ਵੱਲੋਂ 330 ਕੁਇੰਟਲ ਮੱਕੀ ਦਾ ਆਚਾਰ ਭੇਜਿਆ ਗਿਆ, ਜਿਸ ਨੂੰ ਪਿੰਡ ਘੜੁੰਮ, ਗਦਾਈਕੇ, ਘੁੱਲੇਵਾਲਾ, ਕੋਟਬੁੱਢਾ, ਕੁੱਤੀਵਾਲਾ, ਡੂੰਮਣੀ ਵਾਲਾ ਆਦਿ ਪਿੰਡਾਂ ਦੇ ਕਿਸਾਨਾਂ ਨੂੰ ਤਕਸੀਮ ਕੀਤਾ ਗਿਆ ਹੈ। ਇਸ ਮੌਕੇ ਕੈਬਨਿਟ ਮੰਤਰੀ ਲਾਲਜੀਤ ਸਿੰਘ ਭੁੱਲਰ ਨੇ ਡਾਕਟਰ ਓਬਰਾਏ ਦਾ ਧੰਨਵਾਦ ਕਰਦਿਆਂ ਕਿਹਾ ਕਿ ਡਾ. ਓਬਰਾਏ ਦਾ ਨਾਂ ਕਿਸੇ ਜਾਣ-ਪਛਾਣ ਦਾ ਮੁਥਾਜ ਨਹੀਂ। ਜਿਥੇ ਕਿਤੇ ਵੀ ਕੋਈ ਮੁਸ਼ਕਿਲ, ਔਕੜ ਆਉਂਦੀ ਹੈ, ਤਾਂ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਹਮੇਸ਼ਾ ਅੱਗੇ ਵੱਧ ਕੇ ਆਪਣਾ ਯੋਗਦਾਨ ਪਾਉਂਦਾ ਹੈ। ਹੁਣ ਵੀ ਜਦੋਂ ਤਰਨਤਾਰਨ ਜ਼ਿਲ੍ਹੇ ਨੂੰ ਪਸ਼ੂਆਂ ਦੀ ਖ਼ੁਰਾਕ ਦੀ ਲੋੜ ਸੀ, ਤਾਂ ਉਨ੍ਹਾਂ ਵੱਲੋਂ ਟਰੱਕ ਭਰ ਕੇ ਮੱਕੀ ਦਾ ਆਚਾਰ ਭੇਜਿਆ ਗਿਆ ਹੈ।

# ਪੰਜਾਬ ਦੇ ਹੜ੍ਹ ਪੀੜਤਾਂ ਲਈ ਡਾ. ਓਬਰਾਏ ਦਾ ਵੱਡਾ ਐਲਾਨ

**ਅੰਮ੍ਰਿਤਸਰ, (ਜੋਗਿੰਦਰ ਪਾਲ ਸਿੰਘ ਕੁੰਦਰਾ/ਪੰਜਾਬ ਮੇਲ)-** ਹਰ ਔਖੀ ਘੜੀ ਵੇਲੇ ਹਮੇਸ਼ਾਂ ਸਭ ਤੋਂ ਅੱਗੇ ਹੋ ਕੇ ਮਿਸਾਲੀ ਸੇਵਾ ਕਾਰਜ ਨਿਭਾਉਣ ਵਾਲੇ ਦੁਬਈ ਦੇ ਉੱਘੇ ਕਾਰੋਬਾਰੀ ਅਤੇ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੇ ਮੁਖੀ ਡਾ. ਐੱਸ.ਪੀ. ਸਿੰਘ ਓਬਰਾਏ ਵੱਲੋਂ ਹੜ੍ਹ ਪ੍ਰਭਾਵਿਤ ਖੇਤਰਾਂ ਦੇ ਅਜਿਹੇ ਲੋੜਵੰਦ ਲੋਕਾਂ ਨੂੰ ਘਰ ਬਣਾ ਕੇ ਦੇਣ ਦਾ ਐਲਾਨ ਕੀਤਾ ਹੈ, ਜਿਨ੍ਹਾਂ ਦੇ ਘਰ ਹੜ੍ਹ ਦੇ ਪਾਣੀ ਕਾਰਨ ਢਹਿ ਗਏ ਹਨ।

ਇਸ ਸਬੰਧੀ ਜਾਣਕਾਰੀ ਸਾਂਝੀ ਕਰਦਿਆਂ ਟਰੱਸਟ ਦੇ ਬਾਨੀ ਡਾ. ਐੱਸ.ਪੀ. ਸਿੰਘ ਓਬਰਾਏ ਨੇ ਦੱਸਿਆ ਕਿ ਹੜ੍ਹਾਂ ਕਾਰਨ ਪੈਦਾ ਹੋਏ ਚਿੰਤਾਜਨਕ ਹਾਲਾਤ ਦੌਰਾਨ ਵੇਖਣ 'ਚ ਆਇਆ ਹੈ ਕਿ ਕੁਝ ਲੋਕਾਂ ਦੇ ਘਰਾਂ ਅੰਦਰ ਪਾਣੀ ਭਰ ਜਾਣ ਕਾਰਨ ਉਨ੍ਹਾਂ ਦੇ ਘਰ ਢਹਿ-ਢੇਰੀ ਹੋ ਗਏ ਹਨ ਜਾਂ ਰਹਿਣਯੋਗ ਨਹੀਂ ਰਹੇ, ਜਿਸ ਲਈ ਉਨ੍ਹਾਂ ਨੇ ਫੈਸਲਾ ਕੀਤਾ ਹੈ ਕਿ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਜਲਦ ਅਜਿਹੇ ਲੋੜਵੰਦ ਲੋਕਾਂ ਨੂੰ ਨਵੇਂ ਘਰ ਬਣਾ ਕੇ ਦੇਵੇਗਾ। ਉਨ੍ਹਾਂ ਇਹ ਦੱਸਿਆ ਇਸ ਸਬੰਧੀ ਟਰੱਸਟ ਦੀਆਂ ਹੜ੍ਹ ਪ੍ਰਭਾਵਿਤ ਇਲਾਕਿਆਂ ਨਾਲ ਸਬੰਧਿਤ ਜ਼ਿਲ੍ਹਾ ਇਕਾਈਆਂ ਨੂੰ ਹਦਾਇਤਾਂ ਜਾਰੀ ਕਰ ਦਿੱਤੀਆਂ ਹਨ ਕਿ ਉਹ ਪ੍ਰਭਾਵਿਤ ਲੋੜਵੰਦ ਲੋਕਾਂ ਦੀਆਂ ਸੂਚੀਆਂ ਬਣਾ ਕੇ ਉਨ੍ਹਾਂ ਤੱਕ ਪੁੱਜਦਾ ਕਰਨ, ਤਾਂ ਜੋ ਟਰੱਸਟ ਵੱਲੋਂ ਮਾਹੌਲ ਸੁਖਾਵਾਂ ਹੋਣ ਉਪਰੰਤ ਜਲਦ ਤੋਂ ਜਲਦ ਘਰ ਬਣਾਉਣ ਦਾ ਕੰਮ ਸ਼ੁਰੂ ਕੀਤਾ ਜਾ ਸਕੇ। ਉਨ੍ਹਾਂ ਇਹ ਵੀ ਸਪੱਸ਼ਟ ਕੀਤਾ ਕਿ ਇਸ ਕਾਰਜ ਲਈ ਟਰੱਸਟ ਆਪਣੀ ਇੱਕ ਵੱਖਰੀ ਵਿਸ਼ੇਸ਼ ਕਮੇਟੀ ਦਾ ਗਠਨ ਕਰੇਗਾ, ਜੋ ਪੂਰੀ ਘੋਖ ਕਰਨ ਉਪਰੰਤ ਉਨ੍ਹਾਂ ਅਸਲ ਲੋੜਵੰਦਾਂ ਦੀ ਚੋਣ ਕਰੇਗੀ, ਜਿਨ੍ਹਾਂ ਨੂੰ ਘਰ ਬਣਾ ਕੇ ਦਿੱਤੇ ਜਾਣਗੇ।

ਡਾ. ਓਬਰਾਏ ਨੇ ਇਹ ਵੀ ਦੱਸਿਆ ਕਿ ਟਰੱਸਟ ਵੱਲੋਂ ਪਿਛਲੇ ਕਈ ਦਿਨਾਂ ਤੋਂ ਸਰਕਾਰ ਦੇ ਨੁਮਾਇੰਦਿਆਂ ਦੇ ਨਾਲ-ਨਾਲ ਪ੍ਰਭਾਵਿਤ ਜ਼ਿਲ੍ਹਿਆਂ ਦੇ ਸਿਵਲ ਤੇ ਪੁਲਿਸ ਪ੍ਰਸ਼ਾਸਨ ਅਤੇ ਰੈੱਡ ਕਰਾਸ ਸੁਸਾਇਟੀਆਂ ਦੀ ਮੰਗ ਦੇ ਆਧਾਰ 'ਤੇ ਪ੍ਰਭਾਵਿਤ ਖੇਤਰਾਂ ਵਿਚ ਹੁਣ ਤੱਕ 250 ਟਨ ਦੇ ਕਰੀਬ ਪਸ਼ੂਆਂ ਲਈ ਮੱਕੀ ਦਾ ਆਚਾਰ, ਵੱਡੇ ਪੱਧਰ 'ਤੇ ਸੁੱਕੇ ਤੇ ਤਿਆਰ ਰਾਸ਼ਨ ਸਮੇਤ ਹੋਰ ਜ਼ਰੂਰੀ ਲੋੜੀਂਦਾ ਸਮਾਨ ਵੰਡਿਆ ਜਾ ਚੁੱਕਿਆ ਹੈ ਅਤੇ ਪ੍ਰਸ਼ਾਸਨ ਵੱਲੋਂ ਆ ਰਹੀ ਹੋਰ ਮੰਗ ਨੂੰ ਵੇਖਦਿਆਂ ਇਹ ਸੇਵਾ ਕਾਰਜ ਅੱਗੇ ਵੀ ਨਿਰੰਤਰ ਜਾਰੀ ਹਨ।



ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੇ ਮੁਖੀ ਡਾ. ਐੱਸ.ਪੀ. ਸਿੰਘ ਓਬਰਾਏ।

**■ ਹੜ੍ਹਾਂ ਕਾਰਨ ਢਹਿ ਗਏ ਲੋੜਵੰਦ ਲੋਕਾਂ ਦੇ ਘਰ ਬਣਾ ਕੇ ਦੇਵਾਂਗੇ : ਡਾ. ਐੱਸ.ਪੀ. ਸਿੰਘ ਓਬਰਾਏ**

**■ ਟਰੱਸਟ ਨੇ ਪ੍ਰਭਾਵਿਤ ਖੇਤਰਾਂ 'ਚ ਹੁਣ ਤੱਕ 250 ਟਨ ਦੇ ਕਰੀਬ ਪਸ਼ੂਆਂ ਲਈ ਮੱਕੀ ਦੇ ਆਚਾਰ ਸਮੇਤ ਸੁੱਕਾ ਤੇ ਤਿਆਰ ਰਾਸ਼ਨ ਵੰਡਿਆ**


REALTY ONE GROUP

FOR SALE & PURCHASE OF ANY KIND OF PROPERTY

Recently Sold Properties






Gurjatinder S. Randhawa
REALTOR CA DRE licence # 01490567

ਕੈਲੀਫੋਰਨੀਆ ਵਿਚ ਘਰ ਖਰੀਦਣ ਜਾਂ ਵੇਚਣ ਲਈ ਸੰਪਰਕ ਕਰੋ।

Gurjatinder S. Randhawa
web: www.RealtorRandhawa.com
916-320-9444
garysingh123@yahoo.com



GAKHAL GROUP
UNITED SPORTS CLUB CALIFORNIA, AMERICA
16TH WORLD KABADDI CUP
(James Logan High School 1800 H Street, Union City, California 94587)
17 SEPTEIMBER 2023, SUNDAY
(Timing 09:00am - 06pm)
ਸੰਗਤਾਂ ਨੂੰ ਹੁੰਮ-ਹੁਮਾ ਕੇ ਪਹੁੰਚਣ ਦਾ ਖੁੱਲ੍ਹਾ ਸੱਦਾ
Amolak Singh Gakhal
Chief Patron, United Sports Club
Sponsor of 1st Prize
Diamond Trucking Stockton's
Gulwinder Gakhal, Neki Atwal & Pinki Atwal
Sponsor of 2nd Prize
Jugraj Singh Sahota & Narinder Singh Sahota of Sahota Family
Sponsor of 3rd Prize
Jaswinder Boparai, Dalbir Boparai, Melkit Bopari, Gurdev Boparai
Diamond Sponsor
Inder Dosanjh
Dosanjh Family Auto Group Inc.
Diamond Sponsor
In the loving Memory of Late S. Mehnga Singh Saral
By: Saral Family
Diamond Sponsor
Jagjit Singh Rakkar Ocean Transport
Kuljit Singh Nijjar White Hawk
Diamond Sponsor
Major Singh Natt
Jeeta Natt
Asian Food Center, Canada
Diamond Sponsor
Jaswant Dass Gill, Canada
Diamond Sponsor
Joe's
Kashmir Singh Dhoot
OPENING
ਟੂਰਨਾਮੈਂਟ ਅਰੰਭਤਾ ਦੀ ਅਰਦਾਸ ਕਰਨਗੇ
Inder Dosanjh
Many Grewal
Garry Singh
Surjit Singh Tutt
Sewa Singh Randhawa
Jaspreet Singh Attorney
Dulla Surkhpur
Dr. Harcharn Gill
Surinder Singh Atwal
Tarlochan Singh Lachhar
Mohan Singh Gill
Mike Boparai
Paul Sihota
Lakha Gazipur
Bant Nijjar
Surinder Nijjar
* DIAMOND SPONSORS
* KINGS SPORTS CLUB
* SHAEED BABA DEEP SINGH SPORTS CLUB
* CENTER VALLEY SPORTS CLUB
* SANDEEP NANGAL AMBIAN BAY AREA SPORTS CLUB
ਗੋਲਡ ਮੈਡਲ ਨਾਲ ਸਨਮਾਨ
Sarwan Singh Ball
Surinder Singh Atwal
Dulla Surkhpur
ਵਿਸ਼ੇਸ਼ ਸਨਮਾਨ
Kulwant Lasher
Johan Gill
Baljit Sandhu
Tirath Gakhal
ਵਿਸ਼ੇਸ਼ ਸਨਮਾਨ
Club Management
Makhan Singh Bains Chairman
Iqbal Singh Gakhal Vice Chairman
Jugraj Singh Sahota President
Palwinder Singh Gakhal Advisor
S. Ashok Bhaura Gen. Sec & Media Incharge
Narinder Singh Sahota Treasurer
Sadhu Singh Khlaur Advisor
Balvir Singh Bhatia Director
Natha Singh Gakhal Advisor
Makhan Singh Dhaliwal
Debi Sohal Sidhwan Dona Advisor
Inderjit Singh Thind Advisor
Bakhtawar Singh Gakhal Advisor
Gurpreet Singh Gakhal Advisor
Giani Ravinder Singh Advisor
Baljinder Singh Gakhal Advisor
Harjinder Ladhar Advisor
Dalwinder Padda Advisor
Arundeep Singh Advisor
Baljinder Singh Advisor
Kirandeep Singh (Advisor)
Dhanoa Coach Advisor
Gurnam Singh Wraich Advisor
16ਵੇਂ ਵਿਸ਼ਵ ਕਬੱਡੀ ਕੱਪ ਵਿਚ ਭਾਗ ਲੈਣ ਵਾਲੀਆਂ ਟੀਮਾਂ
1. Sandeep Nangal Ambian Bay Area and Metro New York Sports Club Newyork
2. Charda Punjab Sports Club,
3. Baba Sang Ji Kabaddi Club
4. Shaheed Baba Deep Singh/Fateh Sports Club
GUEST OF HONOUR
All Kabaddi Lovers are openly Invited
ਸਾਰਾ ਦਿਨ ਰਾਜਾ ਸਵੀਟਸ ਵਲੋਂ ਗੁਰੂ ਕਾ ਲੰਗਰ ਲਗਾਇਆ ਜਾਵੇਗਾ
Raja Sweets & Catering
LIVE KABADDI
jus punjabi
Media In charge World Kabaddi Cup
S. Ashok Bhaura
Phone: 510 415 3315,
Email: ashokbhaura@gmail.com
Spectator Have to reach at James Logan High School, International Law of Kabddi will apply, United Sports Club has reserve the right for last decisions.

# ਪੰਜਾਬ 'ਤੇ ਹੜ੍ਹਾਂ ਦੀ ਮਾਰ: 19 ਜ਼ਿਲ੍ਹਿਆਂ ਦੇ 1432 ਪਿੰਡ ਹੜ੍ਹਾਂ ਨਾਲ ਹੋਏ ਪ੍ਰਭਾਵਿਤ



- ਪੰਜਾਬ ਸਰਕਾਰ ਵੱਲੋਂ ਹੜ੍ਹ ਪ੍ਰਭਾਵਿਤ ਇਲਾਕਿਆਂ ਵਿਚ ਰਾਹਤ ਕਾਰਜ ਜੰਗੀ ਪੱਧਰ 'ਤੇ ਜਾਰੀ
- 26280 ਲੋਕਾਂ ਨੂੰ ਸੁਰੱਖਿਅਤ ਥਾਵਾਂ 'ਤੇ ਪਹੁੰਚਾਇਆ
- 3828 ਲੋਕ ਅਜੇ ਵੀ 155 ਰਾਹਤ ਕੈਂਪਾਂ 'ਚ ਰਹਿ ਰਹੇ ਹਨ

**ਚੰਡੀਗੜ੍ਹ, (ਪੰਜਾਬ ਮੇਲ)-** ਮੁੱਖ ਮੰਤਰੀ ਭਗਵੰਤ ਮਾਨ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਕੀਮਤੀ ਮਨੁੱਖੀ ਜਾਨਾਂ ਅਤੇ ਜਾਇਦਾਦਾਂ ਨੂੰ ਬਚਾਉਣ ਲਈ ਪੰਜਾਬ ਸਰਕਾਰ ਦੀ ਮਸ਼ੀਨਰੀ ਸੂਬੇ ਵਿਚ ਹੜ੍ਹਾਂ ਕਾਰਨ ਪ੍ਰਭਾਵਿਤ ਹੋਏ ਲੋਕਾਂ ਨੂੰ ਮੁੜ ਲੀਹ 'ਤੇ ਲਿਆਉਣ ਲਈ ਜੰਗੀ ਪੱਧਰ 'ਤੇ ਕੰਮ ਕਰ ਰਹੀ ਹੈ।

ਸੂਬੇ ਵਿਚ ਰਾਹਤ ਕਾਰਜਾਂ ਨੂੰ ਤੇਜ਼ ਕਰਦਿਆਂ ਅਤੇ ਮੁੱਖ ਮੰਤਰੀ ਭਗਵੰਤ ਮਾਨ ਦੇ ਨਿਰਦੇਸ਼ਾਂ ਅਨੁਸਾਰ 26280 ਵਿਅਕਤੀਆਂ ਨੂੰ ਹੜ੍ਹ ਪ੍ਰਭਾਵਿਤ ਇਲਾਕਿਆਂ ਵਿਚੋਂ ਕੱਢ ਕੇ ਸੁਰੱਖਿਅਤ ਥਾਵਾਂ 'ਤੇ ਪਹੁੰਚਾਇਆ ਗਿਆ ਹੈ। ਇਕ ਸਰਕਾਰੀ ਬੁਲਾਰੇ ਨੇ ਦੱਸਿਆ ਕਿ 18 ਜੁਲਾਈ ਨੂੰ ਸਵੇਰੇ 8 ਵਜੇ ਤੱਕ 1432 ਪਿੰਡ ਹੜ੍ਹ ਤੋਂ ਪ੍ਰਭਾਵਿਤ ਹਨ। ਸੂਬੇ ਵਿਚ ਕੁੱਲ 155 ਰਾਹਤ ਕੈਂਪ ਸਥਾਪਿਤ ਕੀਤੇ ਗਏ ਹਨ, ਜਿਨ੍ਹਾਂ ਵਿਚ 3828 ਲੋਕ ਠਹਿਰੇ ਹੋਏ ਹਨ।

ਜ਼ਿਕਰਯੋਗ ਹੈ ਕਿ ਤਰਨਤਾਰਨ, ਫਿਰੋਜ਼ਪੁਰ, ਫ਼ਤਿਹਗੜ੍ਹ ਸਾਹਿਬ, ਫ਼ਰੀਦਕੋਟ, ਹੁਸ਼ਿਆਰਪੁਰ, ਰੂਪਨਗਰ, ਕਪੂਰਥਲਾ, ਪਟਿਆਲਾ, ਮੋਗਾ, ਲੁਧਿਆਣਾ, ਐਸ.ਏ.ਐੱਸ. ਨਗਰ, ਜਲੰਧਰ, ਸੰਗਰੂਰ, ਐੱਸ.ਬੀ.ਐੱਸ. ਨਗਰ, ਫਾਜ਼ਿਲਕਾ, ਗੁਰਦਾਸਪੁਰ, ਮਾਨਸਾ, ਬਠਿੰਡਾ ਅਤੇ ਪਠਾਨਕੋਟ ਸਮੇਤ 19 ਜ਼ਿਲ੍ਹੇ ਹੜ੍ਹਾਂ ਤੋਂ ਪ੍ਰਭਾਵਿਤ ਹੋਏ ਹਨ।

ਮਾਲ ਵਿਭਾਗ ਵੱਲੋਂ ਵੱਖ-ਵੱਖ ਜ਼ਿਲ੍ਹਿਆਂ ਤੋਂ ਪ੍ਰਾਪਤ ਰਿਪੋਰਟਾਂ ਅਨੁਸਾਰ ਸੂਬੇ ਵਿਚ ਹੜ੍ਹਾਂ ਕਾਰਨ ਕੁੱਲ 38 ਲੋਕਾਂ ਦੀ ਜਾਨ ਗਈ ਹੈ ਅਤੇ 15 ਜ਼ਖ਼ਮੀ ਹੋਏ ਹਨ, ਜਦਕਿ 2 ਅਜੇ ਵੀ ਲਾਪਤਾ ਹਨ।

ਪਸ਼ੂ ਪਾਲਣ ਵਿਭਾਗ ਤੋਂ ਮਿਲੀ ਜਾਣਕਾਰੀ ਅਨੁਸਾਰ ਸੂਬੇ ਵਿਚ ਕੁੱਲ 2198 ਪਸ਼ੂਆਂ ਦਾ ਇਲਾਜ ਕੀਤਾ ਗਿਆ ਅਤੇ 7243 ਪਸ਼ੂਆਂ ਦਾ ਟੀਕਾਕਰਨ ਕੀਤਾ ਗਿਆ ਹੈ। ਵਿਭਾਗ ਦੀਆਂ ਬਚਾਅ ਟੀਮਾਂ ਲੋੜਵੰਦ ਪਸ਼ੂਆਂ ਦੇ ਇਲਾਜ, ਫੀਡ ਸਪਲਾਈ, ਚਾਰਾ ਅਤੇ ਸਿਲੇਜ ਮੁਹੱਈਆ ਕਰਵਾਉਣ ਲਈ ਦਿਨ-ਰਾਤ ਕੰਮ ਕਰ ਰਹੀਆਂ ਹਨ।

ਸਿਹਤ ਵਿਭਾਗ ਦੀਆਂ ਟੀਮਾਂ ਪੂਰੀ ਤਨਦੇਹੀ ਨਾਲ ਹੜ੍ਹ ਪ੍ਰਭਾਵਿਤ ਇਲਾਕਿਆਂ ਵਿਚ ਕੰਮ ਕਰ ਰਹੀਆਂ ਹਨ। ਬੁਲਾਰੇ ਅਨੁਸਾਰ 458 ਰੈਪਿਡ ਰਿਸਪਾਂਸ ਟੀਮਾਂ ਹੜ੍ਹ ਪ੍ਰਭਾਵਿਤ ਖੇਤਰਾਂ ਵਿਚ ਕੰਮ ਕਰ ਰਹੀਆਂ ਹਨ। ਸਿਹਤ ਵਿਭਾਗ ਨੇ ਪ੍ਰਭਾਵਿਤ ਖੇਤਰਾਂ ਵਿਚ 244 ਮੈਡੀਕਲ ਕੈਂਪ ਲਗਾਏ ਹਨ ਅਤੇ ਓ.ਪੀ.ਡੀਜ਼. ਦੀ ਕੁੱਲ ਗਿਣਤੀ 8531 ਹੈ।

ਉਨ੍ਹਾਂ ਅੱਗੇ ਦੱਸਿਆ ਕਿ ਹੜ੍ਹ ਪ੍ਰਭਾਵਿਤ ਖੇਤਰਾਂ ਵਿਚ ਲਗਾਤਾਰ ਡਰਾਈ ਫੂਡ ਦੇ ਪੈਕੇਟ ਵੰਡੇ ਜਾ ਰਹੇ ਹਨ। ਰੂਪਨਗਰ ਵਿਚ 21,971, ਪਟਿਆਲਾ ਵਿਚ 64,000 ਅਤੇ ਐੱਸ.ਏ.ਐੱਸ. ਨਗਰ ਵਿਚ 4000, ਐੱਸ.ਬੀ.ਐੱਸ. ਨਗਰ ਵਿਚ 5700 ਅਤੇ ਫ਼ਤਿਹਗੜ੍ਹ ਸਾਹਿਬ ਵਿਚ 2200 ਪੈਕੇਟ ਵੰਡੇ ਗਏ ਹਨ।

# ਪੰਜਾਬੀ ਜਗਤ ਦੇ ਉੱਘੇ ਗਾਇਕ ਸੁਰਿੰਦਰ ਛਿੰਦਾ ਦੀ ਹਾਲਤ ਗੰਭੀਰ



**ਲੁਧਿਆਣਾ, (ਪੰਜਾਬ ਮੇਲ)-** ਪੰਜਾਬੀ ਜਗਤ ਦੇ ਉੱਘੇ ਗਾਇਕ ਸੁਰਿੰਦਰ ਛਿੰਦਾ ਦੀ ਸਰੀਰਕ ਹਾਲਤ ਹੋਰ ਗੰਭੀਰ ਹੋ ਗਈ ਹੈ, ਜਿਸ ਕਰਕੇ ਉਨ੍ਹਾਂ ਨੂੰ ਚਾਹੁਣ ਵਾਲਿਆਂ 'ਚ ਪ੍ਰੇਸ਼ਾਨੀ ਪਾਈ ਜਾ ਰਹੀ ਹੈ। ਮਿਲੀ ਜਾਣਕਾਰੀ ਅਨੁਸਾਰ ਗਾਇਕ ਛਿੰਦਾ ਦੀ ਨਾਜ਼ੁਕ ਹਾਲਤ ਨੂੰ ਦੇਖਦਿਆਂ ਦੀਪ ਹਸਪਤਾਲ ਤੋਂ ਦਿਆਨੰਦ ਹਸਪਤਾਲ 'ਚ ਦਾਖ਼ਲ ਕਰਵਾਇਆ ਗਿਆ ਹੈ। ਇਸ ਵੇਲੇ ਉਹ ਹਸਪਤਾਲ ਦੇ ਐਮਰਜੈਂਸੀ ਵਾਰਡ 'ਚ ਦਾਖ਼ਲ ਹਨ, ਜਿਥੇ ਉਨ੍ਹਾਂ ਦਾ ਇਲਾਜ ਮੈਡੀਸਨ ਦੇ ਮਾਹਿਰ ਡਾ. ਸੰਦੀਪ ਪੁਰੀ ਕਰ ਰਹੇ ਹਨ, ਜਦਕਿ ਇਸ ਦੇ ਨਾਲ ਹੀ ਛਾਤੀ ਰੋਗਾਂ ਦੇ ਮਾਹਿਰ ਡਾ. ਅਕਾਸ਼ਦੀਪ ਸਿੰਘ ਵੀ ਡਾਕਟਰੀ ਟੀਮ ਵਿਚ ਸ਼ਾਮਲ ਹਨ।

# ਲੁਧਿਆਣਾ 'ਚ ਐੱਨ.ਆਰ.ਆਈ. ਦਾ ਤੇਜ਼ਧਾਰ ਹਥਿਆਰਾਂ ਨਾਲ ਕਤਲ




**ਲੁਧਿਆਣਾ, (ਪੰਜਾਬ ਮੇਲ)-** ਲੁਧਿਆਣਾ ਵਿਖੇ ਐੱਨ.ਆਰ.ਆਈ. ਦੀ ਮੋਟਰਸਾਈਕਲ ਸਵਾਰਾਂ ਨੇ ਤੇਜ਼ਧਾਰ ਹਥਿਆਰਾਂ ਨਾਲ ਉਦੋਂ ਹੱਤਿਆ ਕਰ ਦਿੱਤੀ, ਜਦੋਂ ਉਹ ਮੋਟਰਸਾਈਕਲ 'ਤੇ ਘਰ ਜਾ ਰਿਹਾ ਸੀ। ਮ੍ਰਿਤਕ ਦੀ ਪਛਾਣ 42 ਸਾਲਾ ਬਰਿੰਦਰ ਸਿੰਘ ਵਜੋਂ ਹੋਈ ਹੈ। ਲਲਤੋਂ ਪੁਲਿਸ ਚੌਕੀ ਦੇ ਇੰਚਾਰਜ ਏ.ਐੱਸ.ਆਈ. ਰਵਿੰਦਰ ਕੁਮਾਰ ਨੇ ਦੱਸਿਆ ਕਿ ਬਰਿੰਦਰ ਸਿੰਘ ਆਪਣੇ ਨੌਕਰ ਸਮੇਤ ਫਾਰਮ ਹਾਊਸ ਤੋਂ ਲਲਤੋਂ ਕਲਾਂ ਸਥਿਤ ਆਪਣੇ ਘਰ ਜਾ ਰਿਹਾ ਸੀ ਕਿ ਰਸਤੇ ਵਿਚ ਦੋ ਮੋਟਰਸਾਈਕਲ ਸਵਾਰਾਂ ਨੇ ਉਸ ਨੂੰ ਰੋਕ ਲਿਆ। ਉਨ੍ਹਾਂ ਨੇ ਆਪਣੇ ਮੂੰਹ ਢਕੇ ਹੋਏ ਸਨ ਅਤੇ ਕਥਿਤ ਤੌਰ 'ਤੇ ਤੇਜ਼ਧਾਰ ਹਥਿਆਰਾਂ ਨਾਲ ਹਮਲਾ ਕਰ ਦਿੱਤਾ। ਉਸ ਨੂੰ ਡੀ.ਐੱਮ.ਸੀ. ਹਸਪਤਾਲ ਲਿਜਾਇਆ ਗਿਆ, ਜਿੱਥੇ ਉਸ ਨੇ ਦਮ ਤੋੜ ਦਿੱਤਾ। ਹਮਲੇ ਵਿਚ ਨੌਕਰ ਵੀ ਜ਼ਖਮੀ ਹੋ ਗਿਆ। ਮੁੱਢਲੀ ਜਾਂਚ ਵਿਚ ਇਹ ਕਤਲ ਨਿੱਜੀ ਰੰਜਿਸ਼ ਕਾਰਨ ਹੋਇਆ ਲੱਗਦਾ ਹੈ।

# ਰਾਹਤ ਕਾਰਜ ਨੂੰ ਲੈ ਕੇ ਮੁੱਖ ਮੰਤਰੀ ਭਗਵੰਤ ਮਾਨ ਤੇ ਸ਼੍ਰੋਮਣੀ ਕਮੇਟੀ ਆਹਮੋ-ਸਾਹਮਣੇ

- ਮੁੱਖ ਮੰਤਰੀ ਵੱਲੋਂ ਸ਼੍ਰੋਮਣੀ ਕਮੇਟੀ ਦਾ ਖਾਤਾ ਨੰਬਰ ਜਾਰੀ ਕਰਨ 'ਤੇ ਸੁਖਬੀਰ ਬਾਦਲ ਦੀ ਨਿਖੇਧੀ

**ਚੰਡੀਗੜ੍ਹ, (ਪੰਜਾਬ ਮੇਲ)-** ਸਿੱਖ ਮਸਲਿਆਂ ਵਿਚ ਦਖ਼ਲ ਕਾਰਨ ਛਿੜੀ ਸ਼ਬਦੀ ਜੰਗ ਤੋਂ ਬਾਅਦ ਮੁੱਖ ਮੰਤਰੀ ਭਗਵੰਤ ਮਾਨ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਹੁਣ ਹੜ੍ਹਾਂ ਦੇ ਰਾਹਤ ਕਾਰਜਾਂ ਨੂੰ ਲੈ ਕੇ ਮੁੜ ਆਹਮੋ-ਸਾਹਮਣੇ ਹਨ। ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਲੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐੱਸ.ਜੀ.ਪੀ.ਸੀ.) ਦਾ ਬੈਂਕ ਖਾਤਾ ਨੰਬਰ ਜਾਰੀ ਕਰਨ ਦੀ ਨਿਖੇਧੀ ਕੀਤੀ ਹੈ। ਉਨ੍ਹਾਂ ਕਿਹਾ ਕਿ ਸੁਖਬੀਰ ਬਾਦਲ ਨੇ ਕਿਸ ਹੈਸੀਅਤ 'ਚ ਇਹ ਨੰਬਰ ਜਾਰੀ ਕੀਤਾ। ਸ਼੍ਰੀ ਮਾਨ ਨੇ ਕਿਹਾ ਕਿ ਇਹ ਬਹੁਤ ਸ਼ਰਮਨਾਕ ਹੈ ਕਿ ਅਕਾਲੀ ਆਗੂ ਸ਼੍ਰੋਮਣੀ ਕਮੇਟੀ ਦੇ ਅਧਿਕਾਰਤ ਨੁਮਾਇੰਦਿਆਂ ਦੀ ਥਾਂ ਖੁਦ ਇਨ੍ਹਾਂ ਖਾਤਾ ਨੰਬਰਾਂ ਦਾ ਵੇਰਵਾ ਜਨਤਕ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਦੇ ਅਧਿਕਾਰੀਆਂ ਵੱਲੋਂ ਅਜੇ ਤੱਕ ਖਾਤਾ ਨੰਬਰ ਜਨਤਕ ਨਹੀਂ ਕੀਤੇ ਗਏ ਪਰ ਸੁਖਬੀਰ ਬਾਦਲ ਨੇ ਇਹ ਨੰਬਰ ਜਾਰੀ ਕਰ ਦਿੱਤੇ ਹਨ। ਮੁੱਖ ਮੰਤਰੀ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ 'ਤੇ ਇਕੋ ਪਰਿਵਾਰ ਦਾ ਕੰਟਰੋਲ ਹੈ ਅਤੇ ਅਕਾਲੀ ਆਗੂ ਵੱਲੋਂ ਨੰਬਰ ਜਾਰੀ ਕਰਨ ਨਾਲ ਉਨ੍ਹਾਂ ਦਾਅਵਾ ਸਹੀ ਸਾਬਤ ਹੋ ਗਿਆ। ਉਨ੍ਹਾਂ ਕਿਹਾ ਕਿ ਅਣਗਿਣਤ ਕੁਰਬਾਨੀਆਂ ਤੋਂ ਬਾਅਦ ਹੋਂਦ 'ਚ ਆਈ ਸੰਸਥਾ ਇਨ੍ਹਾਂ ਆਗੂਆਂ ਦੇ ਹੱਥਾਂ ਦੀ ਕਠਪੁਤਲੀ ਬਣੀ ਹੋਈ ਹੈ।


Mann & Associates Insurance Services, Inc.

Medicare Supplement Plans



Inderjeet Singh Mann
CA Lic# 0H82488

• Life • Health • Travel • Medicare • Trucking • ਲਾਈਫ • ਹੈਲਥ • ਟ੍ਰੈਵਲ • ਮੈਡੀਕੇਅਰ • ਟਰੱਕਿੰਗ

- The American Rescue Plan passed by President Biden could save you hundreds or even thousands of dollars a month.
- There is more financial help than ever before
- Even if you didn t qualify for subsidies before, now you might be able to save thousands on health insurance premiums.
- Huge tax credits are available only if you apply thru Covered California

- ਰਾਸ਼ਟਰਪਤੀ ਜੋਅ ਬਾਇਡਨ ਦੁਆਰਾ ਪਾਸ ਕੀਤੀ ਗਈ ਅਮਰੀਕੀ ਬਚਾਅ ਯੋਜਨਾ ਤੁਹਾਨੂੰ ਮਹੀਨੇ ਵਿੱਚ ਹਜ਼ਾਰਾਂ ਡਾਲਰ ਦੀ ਬਚਤ ਕਰਵਾ ਸਕਦੀ ਹੈ।
- ਪਹਿਲਾਂ ਨਾਲੋਂ ਵਧੇਰੇ ਵਿੱਤੀ ਮਦਦ ਮਿਲੀ ਹੈ।
- ਭਾਵੇਂ ਤੁਸੀਂ ਪਹਿਲਾਂ ਸਬਸਿਡੀਆਂ ਲਈ ਯੋਗਤਾ ਪੂਰੀ ਨਹੀਂ ਕਰਦੇ ਹੋ, ਪਰ ਹੁਣ ਤੁਸੀਂ ਸਿਹਤ ਬੀਮਾ ਪ੍ਰੀਮੀਅਮਾਂ 'ਤੇ ਹਜ਼ਾਰਾਂ ਲੋਕਾਂ ਨੂੰ ਬਚਾਉਣ ਦੇ ਯੋਗ ਹੋ ਸਕਦੇ ਹੋ।
- ਭਾਰੀ ਟੈਕਸ ਕ੍ਰੈਡਿਟ ਕੇਵਲ ਤਾਂ ਹੀ ਉਪਲਬਧ ਹੁੰਦੇ ਹਨ, ਜੇ ਤੁਸੀਂ ਕਵਰਡ ਕੈਲੀਫੋਰਨੀਆ ਦੁਆਰਾ ਅਰਜ਼ੀ ਦਿੰਦੇ ਹੋ।

ਹੈਲਥ ਇੰਸੋਰੈਂਸ ਨਾ ਕਰਵਾਉਣ 'ਤੇ ਤੁਹਾਨੂੰ ਜੁਰਮਾਨਾ ਵੀ ਹੋ ਸਕਦਾ ਹੈ। ਇਸ ਲਈ ਅੱਜ ਹੀ ਆਪਣੀ ਅਤੇ ਆਪਣੇ ਪਰਿਵਾਰ ਦੀ ਹੈਲਥ ਇੰਸ਼ੋਰੈਂਸ ਕਰਵਾਉਣ ਲਈ ਇੰਦਰਜੀਤ ਮਾਨ ਨੂੰ ਕਾਲ ਕਰੋ। ਜਿਹੜੇ Covered California ਦੇ Certified Agent ਸਨ। ਇੰਦਰਜੀਤ ਮਾਨ ਕੋਲ ਹੈਲਥ ਇੰਸੋਰੈਂਸ ਦਾ ਲੰਬੇ ਸਮੇਂ ਦਾ ਤਜ਼ਰਬਾ ਹੈ।

Anthem

COVERED CALIFORNIA | Certified Insurance Agent

Designed By Punjab Mail USA

Ph.: (916) 900-2000

# ਰਾਜਪਾਲ ਵੱਲੋਂ ਪੰਜਾਬ ਸਰਕਾਰ ਦਾ ਵਿਸ਼ੇਸ਼ ਵਿਧਾਨ ਸਭਾ ਸੈਸ਼ਨ ਹੀ ਗੈਰ ਸੰਵਿਧਾਨਕ ਕਰਾਰ

**■ ਰਾਜਪਾਲ ਨੇ ਮੁੱਖ ਮੰਤਰੀ ਭਗਵੰਤ ਮਾਨ ਦੀ ਚਿੱਠੀ ਦਾ ਦਿੱਤਾ ਜਵਾਬ**

ਚੰਡੀਗੜ੍ਹ, (ਪੰਜਾਬ ਮੇਲ)- ਪੰਜਾਬ ਦੇ ਰਾਜਪਾਲ ਬਨਵਾਰੀ ਲਾਲ ਪੁਰੋਹਿਤ ਨੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਲਿਖੀ ਚਿੱਠੀ ਦਾ ਜਵਾਬ ਦਿੱਤਾ ਗਿਆ। ਇਸ ਦੇ ਨਾਲ ਹੀ ਗੁਰਬਾਣੀ ਪ੍ਰਸਾਰਣ ਮਾਮਲੇ ਵਿਚ ਵੀ ਨਵਾਂ ਮੋੜ ਆ ਗਿਆ ਹੈ। ਦਰਅਸਲ, ਸ਼ਨੀਵਾਰ ਨੂੰ ਮੁੱਖ ਮੰਤਰੀ ਮਾਨ ਨੇ ਰਾਜਪਾਲ ਨੂੰ ਚਿੱਠੀ ਲਿੱਖ ਕੇ ਪੰਜਾਬ ਵਿਧਾਨ ਸਭਾ ਵੱਲੋਂ ਪਾਸ ਕੀਤੇ ਗਏ ਸਿੱਖ ਗੁਰਦੁਆਰਾ ਐਕਟ 1925 'ਚ ਸੋਧ ਸਬੰਧੀ ਬਿੱਲ 'ਤੇ ਛੇਤੀ ਦਸਤਖ਼ਤ ਕਰਨ ਦੀ ਅਪੀਲ ਕੀਤੀ ਸੀ। ਰਾਜਪਾਲ ਪੁਰੋਹਿਤ ਨੇ ਉਸ ਚਿੱਠੀ ਦਾ ਜਵਾਬ ਦਿੰਦਿਆਂ ਵਿਧਾਨ ਸਭਾ ਸੈਸ਼ਨ ਨੂੰ ਹੀ ਗੈਰ-ਸੰਵਿਧਾਨਕ ਕਰਾਰ ਦਿੱਤਾ ਹੈ।



ਰਾਜਪਾਲ ਬਨਵਾਰੀ ਲਾਲ ਪੁਰੋਹਿਤ ਨੇ ਚਿੱਠੀ 'ਚ ਕਿਹਾ ਕਿ ਆਪ ਸਰਕਾਰ ਵੱਲੋਂ 19 ਤੇ 20 ਜੂਨ ਨੂੰ ਬੁਲਾਇਆ ਗਿਆ ਵਿਸ਼ੇਸ਼ ਸੈਸ਼ਨ ਗੈਰ-ਸੰਵਿਧਾਨਕ ਸੀ। ਇਸ ਵਿਚ ਪਾਸ ਕੀਤੇ ਗਏ ਚਾਰੋ ਬਿੱਲ ਕਾਨੂੰਨ ਦਾ ਉਲੰਘਨ ਹੈ। ਉਨ੍ਹਾਂ ਕਿਹਾ ਕਿ ਉਹ ਇਸ ਬਾਰੇ ਦੇਸ਼ ਦੇ ਅਟਾਰਨੀ ਜਨਰਲ ਦੀ ਸਲਾਹ ਲੈਣਗੇ। ਇਸ ਤੋਂ ਬਾਅਦ ਹੀ ਉਹ ਪਾਸ ਕੀਤੇ ਗਏ ਬਿੱਲਾਂ 'ਤੇ ਫ਼ੈਸਲੇ ਲੈਣਗੇ।

ਜ਼ਿਕਰਯੋਗ ਹੈ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਸਰਕਾਰ ਵੱਲੋਂ ਉਕਤ ਵਿਧਾਨ ਸਭਾ ਸੈਸ਼ਨ 'ਚ 4 ਬਿੱਲ ਪਾਸ ਕੀਤੇ ਗਏ ਸਨ। ਇਸ ਵਿਚ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਤੋਂ ਮੁਫ਼ਤ ਗੁਰਬਾਣੀ ਪ੍ਰਸਾਰਣ ਨੂੰ ਲੈ ਕੇ ਸਿੱਖ ਗੁਰਦੁਆਰਾ ਐਕਟ 1925 'ਚ ਸੋਧ ਕਰਕੇ ਨਵੀਂ ਧਾਰਾ ਜੋੜਣ ਸਮੇਤ 4 ਬਿੱਲ ਪਾਸ ਕੀਤੇ ਗਏ ਸਨ। ਇਨ੍ਹਾਂ ਬਿੱਲਾਂ ਵਿਚ ਪੇਂਡੂ ਵਿਕਾਸ ਫੰਡ ਨਾ ਦੇਣ 'ਤੇ ਕੇਂਦਰ ਸਰਕਾਰ ਨੂੰ ਚੇਤਾਵਨੀ, ਮੁੱਖ ਮੰਤਰੀ ਨੂੰ ਯੂਨੀਵਰਸਿਟੀਜ਼ ਦਾ ਚਾਂਸਲਰ ਬਣਾਉਣ ਬਾਰੇ ਅਤੇ ਪੰਜਾਬ ਪੁਲਿਸ ਸੋਧ ਐਕਟ ਵੀ ਸ਼ਾਮਲ ਸਨ। ਰਾਜਪਾਲ ਨੇ ਇਨ੍ਹਾਂ ਚਾਰਾਂ ਬਿੱਲਾਂ ਨੂੰ ਪਾਸ ਕਰਨਾ ਕਾਨੂੰਨ ਦਾ ਉਲੰਘਨ ਦੱਸਿਆ ਹੈ।

## ਵਿਜੀਲੈਂਸ ਵੱਲੋਂ ਆਮਦਨ ਤੋਂ ਵੱਧ ਜਾਇਦਾਦ ਮਾਮਲੇ 'ਚ ਆਈ.ਏ.ਐੱਸ. ਅਧਿਕਾਰੀ ਸੰਜੇ ਪੋਪਲੀ ਦਾ ਰਿਮਾਂਡ

ਚੰਡੀਗੜ੍ਹ, (ਪੰਜਾਬ ਮੇਲ)- ਪੰਜਾਬ ਵਿਜੀਲੈਂਸ ਬਿਊਰੋ ਨੇ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਦੀ ਧਾਰਾ 13 (1) (ਬੀ) ਆਰ/ਡਬਲਯੂ 13 (2) ਤਹਿਤ ਥਾਣਾ ਵਿਜੀਲੈਂਸ ਬਿਊਰੋ ਫਲਾਇੰਗ ਸਕੁਐਡ-1, ਪੰਜਾਬ ਵਿਖੇ ਦਰਜ ਆਮਦਨ ਤੋਂ ਵੱਧ ਜਾਇਦਾਦ ਦੇ ਮਾਮਲੇ ਵਿਚ ਮੁਲਜ਼ਮ ਆਈ.ਏ.ਐੱਸ. ਅਧਿਕਾਰੀ ਸੰਜੇ ਪੋਪਲੀ ਦਾ ਮੰਗਲਵਾਰ ਨੂੰ ਦੋ ਦਿਨ ਦਾ ਪੁਲਿਸ ਰਿਮਾਂਡ ਹਾਸਲ ਕੀਤਾ ਹੈ।

ਜਾਣਕਾਰੀ ਦਿੰਦੇ ਹੋਏ ਵਿਜੀਲੈਂਸ ਬਿਓਰੋ ਦੇ ਬੁਲਾਰੇ ਨੇ ਦੱਸਿਆ ਕਿ ਸੰਜੇ ਪੋਪਲੀ ਨੂੰ ਪੁਲਿਸ ਥਾਣਾ ਵਿਜੀਲੈਂਸ ਬਿਊਰੋ ਫਲਾਇੰਗ ਸਕੁਐਡ-1, ਪੰਜਾਬ ਮੁਹਾਲੀ ਵਿਖੇ ਦਰਜ ਐੱਫ.ਆਈ.ਆਰ. ਨੰਬਰ 11 ਮਿਤੀ 06.08.2022 ਵਿਚ ਪ੍ਰੋਡਕਸ਼ਨ ਵਾਰੰਟ ਪ੍ਰਾਪਤ ਕਰਨ ਉਪਰੰਤ ਚੀਫ਼ ਜੁਡੀਸ਼ੀਅਲ ਮੈਜਿਸਟਰੇਟ, ਮੁਹਾਲੀ ਦੀ ਅਦਾਲਤ ਵਿਚ ਪੇਸ਼ ਕੀਤਾ ਗਿਆ। ਅਦਾਲਤ ਵੱਲੋਂ ਉਕਤ ਅਧਿਕਾਰੀ ਦਾ ਦੋ ਦਿਨ ਦਾ ਪੁਲਿਸ ਰਿਮਾਂਡ ਮਨਜ਼ੂਰ ਕੀਤਾ ਗਿਆ ਹੈ।

ਬੁਲਾਰੇ ਨੇ ਦੱਸਿਆ ਕਿ ਉਕਤ ਮੁਲਜ਼ਮ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਦੀ ਧਾਰਾ 7, 7-ਏ ਅਤੇ ਆਈ.ਪੀ.ਸੀ. ਦੀ ਧਾਰਾ 120-ਬੀ ਤਹਿਤ ਦਰਜ ਇਕ ਹੋਰ ਕੇਸ ਵਿਚ ਕੇਂਦਰੀ ਜੇਲ੍ਹ ਪਟਿਆਲਾ ਵਿਚ ਨਿਆਂਇਕ ਰਿਮਾਂਡ 'ਤੇ ਸੀ ।

## ਸ਼੍ਰੋਮਣੀ ਕਮੇਟੀ ਨੇ ਗਵਰਨਰ ਵੱਲੋਂ ਪੰਜਾਬ ਸਰਕਾਰ ਨੂੰ ਭੇਜੇ ਜਵਾਬ 'ਤੇ ਪ੍ਰਗਟਾਈ ਤਸੱਲੀ

ਅੰਮ੍ਰਿਤਸਰ, (ਪੰਜਾਬ ਮੇਲ)- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐੱਸ.ਜੀ.ਪੀ.ਸੀ.) ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਪੰਜਾਬ ਦੇ ਰਾਜਪਾਲ ਬਨਵਾਰੀ ਲਾਲ ਪੁਰੋਹਿਤ ਵੱਲੋਂ ਸੂਬੇ ਦੇ ਸੰਵਿਧਾਨਕ ਮੁਖੀ ਵਜੋਂ ਪੰਜਾਬ ਸਰਕਾਰ ਨੂੰ ਭੇਜੇ ਜਵਾਬ 'ਤੇ ਤਸੱਲੀ ਪ੍ਰਗਟ ਕਰਦਿਆਂ ਆਸ ਕੀਤੀ ਹੈ ਕਿ ਉਹ ਭਵਿੱਖ 'ਚ ਵੀ ਕਾਨੂੰਨ ਮੁਤਾਬਕ ਹੀ ਫ਼ੈਸਲਾ ਕਰਨਗੇ ਤਾਂ ਜੋ ਲੋਕਾਂ ਦੀਆਂ ਭਾਵਨਾਵਾਂ ਦੀ ਤਰਜਮਾਨੀ ਹੋਵੇ। ਐਡਵੋਕੇਟ ਧਾਮੀ ਨੇ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਰਾਜਪਾਲ ਪੰਜਾਬ ਵੱਲੋਂ ਭੇਜੇ ਜਵਾਬ ਤੋਂ ਸਬਕ ਲੈਣਾ ਚਾਹੀਦਾ ਹੈ ਅਤੇ ਭਵਿੱਖ 'ਚ ਗ਼ੈਰ-ਸੰਵਿਧਾਨਕ ਅਤੇ ਆਪ-ਹੁਦਰੇ ਫ਼ੈਸਲਿਆਂ ਤੋਂ ਬਚਣਾ ਚਾਹੀਦਾ ਹੈ।

ਜ਼ਿਕਰਯੋਗ ਹੈ ਕਿ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਤੋਂ ਫ੍ਰੀ ਗੁਰਬਾਣੀ ਪ੍ਰਸਾਰਣ ਨੂੰ ਲੈ ਕੇ ਸਿੱਖ ਗੁਰਦੁਆਰਾ ਐਕਟ 1925 'ਚ ਸੋਧ ਕਰ ਕੇ ਨਵੀਂ ਧਾਰਾ ਜੋੜਨ ਸਮੇਤ 4 ਬਿੱਲ ਪਾਸ ਕੀਤੇ ਗਏ ਸਨ। ਇਨ੍ਹਾਂ ਪਾਸ ਕੀਤੇ 4 ਬਿੱਲਾਂ ਨੂੰ ਲੈ ਕੇ ਮੁੱਖ ਮੰਤਰੀ ਮਾਨ ਵੱਲੋਂ ਭੇਜੀ ਚਿੱਠੀ ਦੇ ਜਵਾਬ 'ਚ ਰਾਜਪਾਲ ਬਨਵਾਰੀ ਲਾਲ ਪੁਰੋਹਿਤ ਨੇ ਕਿਹਾ ਕਿ 'ਆਪ' ਸਰਕਾਰ ਵੱਲੋਂ 19 ਤੇ 20 ਜੂਨ ਨੂੰ ਬੁਲਾਇਆ ਗਿਆ ਵਿਸ਼ੇਸ਼ ਸੈਸ਼ਨ ਗ਼ੈਰ-ਸੰਵਿਧਾਨਕ ਸੀ। ਇਸ 'ਚ ਪਾਸ ਕੀਤੇ ਗਏ ਚਾਰੋਂ ਬਿੱਲ ਕਾਨੂੰਨ ਦੀ ਉਲੰਘਣਾ ਹੈ। ਉਨ੍ਹਾਂ ਕਿਹਾ ਕਿ ਉਹ ਇਸ ਬਾਰੇ ਦੇਸ਼ ਦੇ ਅਟਾਰਨੀ ਜਨਰਲ ਦੀ ਸਲਾਹ ਲੈਣਗੇ।

# ਪੰਜਾਬ 'ਚ ਨਗਰ ਨਿਗਮ ਚੋਣਾਂ 'ਚ ਹੋ ਸਕਦੀ ਹੈ ਦੇਰੀ !

**■ ਪਹਿਲਾਂ ਪੰਚਾਇਤੀ ਚੋਣਾਂ ਕਰਵਾਉਣ ਦੇ ਮੂਡ 'ਚ ਹੈ 'ਆਪ' ਸਰਕਾਰ**

ਲੁਧਿਆਣਾ, (ਪੰਜਾਬ ਮੇਲ)- ਪੰਜਾਬ 'ਚ ਮੀਂਹ ਤੋਂ ਬਾਅਦ ਜੋ ਹਾਲਾਤ ਪੈਦਾ ਹੋਏ ਹਨ, ਉਸ ਦੇ ਮੱਦੇਨਜ਼ਰ ਨਗਰ ਨਿਗਮ ਚੋਣਾਂ ਹੋਰ ਵੀ ਲੇਟ ਹੋ ਸਕਦੀਆਂ ਹਨ। ਇੱਥੇ ਦੱਸਣਾ ਉੱਚਿਤ ਹੋਵੇਗਾ ਕਿ ਪੰਜਾਬ ਦੇ ਵੱਡੇ ਸ਼ਹਿਰਾਂ ਲੁਧਿਆਣਾ, ਅੰਮ੍ਰਿਤਸਰ, ਜਲੰਧਰ, ਪਟਿਆਲਾ 'ਚ ਨਗਰ ਨਿਗਮ ਦੇ ਜਨਰਲ ਹਾਊਸ ਦਾ ਕਾਰਜਕਾਲ ਕਾਫੀ ਪਹਿਲਾਂ ਪੂਰਾ ਹੋ ਗਿਆ ਹੈ। ਜਿੱਥੋਂ ਤੱਕ ਨਵੇਂ ਸਿਰੇ ਤੋਂ ਨਗਰ ਨਿਗਮ ਚੋਣਾਂ ਕਰਵਾਉਣ ਦਾ ਸਵਾਲ ਹੈ, ਇਹ ਪ੍ਰਕਿਰਿਆ ਨਿਯਮਾਂ ਮੁਤਾਬਕ 6 ਮਹੀਨਿਆਂ ਅੰਦਰ ਮੁਕੰਮਲ ਹੋਣੀਆਂ ਚਾਹੀਦੀਆਂ ਹਨ। ਹਾਲਾਂਕਿ ਜਲੰਧਰ ਲੋਕ ਸਭਾ ਜ਼ਿਮਨੀ ਚੋਣ ਦੌਰਾਨ ਮਿਲੀ ਜਿੱਤ ਤੋਂ ਬਾਅਦ ਸਰਕਾਰ ਵਲੋਂ ਜਲਦ ਨਗਰ ਨਿਗਮ ਚੋਣਾਂ ਕਰਵਾਉਣ ਦੀ ਚਰਚਾ ਸੁਣਨ ਨੂੰ ਮਿਲੀ ਸੀ ਪਰ ਲੁਧਿਆਣਾ 'ਚ ਨਵੇਂ ਸਿਰੇ ਤੋਂ ਵਾਰਡਬੰਦੀ ਫਾਈਨਲ ਨਾ ਹੋਣ ਕਾਰਨ ਇਹ ਟਾਰਗੈੱਟ ਹਾਸਲ ਨਹੀਂ ਹੋਇਆ।

ਇਸੇ ਦੌਰਾਨ ਭਾਰੀ ਮੀਂਹ ਤੋਂ ਬਾਅਦ ਪੰਜਾਬ 'ਚ ਹੜ੍ਹ ਦੇ ਹਾਲਾਤ ਪੈਦਾ ਹੋ ਗਏ, ਜਿਸ ਕਾਰਨ ਮੁਸ਼ਕਲਾਂ ਦਾ ਸਾਹਮਣਾ ਕਰ ਰਹੇ ਲੋਕ ਸਰਕਾਰ ਨੂੰ ਕੋਸ ਰਹੇ ਹਨ। ਇਸ ਦੇ ਮੱਦੇਨਜ਼ਰ ਸਰਕਾਰ ਵਲੋਂ ਇਸ ਗੱਲ 'ਤੇ ਜ਼ੋਰ ਦਿੱਤਾ ਜਾ ਰਿਹਾ ਹੈ ਕਿ ਬਚਾਅ ਪ੍ਰਬੰਧਾਂ 'ਚ ਕੋਈ ਕਮੀ ਨਾ ਰਹੇ ਅਤੇ ਹਾਲਾਤ ਆਮ ਹੋਣ ਤੋਂ ਬਾਅਦ ਹੀ ਨਗਰ ਨਿਗਮ ਚੋਣਾਂ ਕਰਵਾਉਣ ਦਾ ਫ਼ੈਸਲਾ ਕੀਤਾ ਜਾਵੇਗਾ।

ਜਾਣਕਾਰੀ ਮੁਤਾਬਕ ਆਮ ਆਦਮੀ ਪਾਰਟੀ ਦੀ ਸਰਕਾਰ ਨਗਰ ਨਿਗਮ ਤੋਂ ਪਹਿਲਾਂ ਪੰਚਾਇਤੀ ਚੋਣਾਂ ਕਰਵਾਉਣ ਦੇ ਮੂਡ 'ਚ ਹੈ, ਜਿਸ ਦੇ ਸੰਕੇਤ ਐਤਵਾਰ ਨੂੰ ਲੁਧਿਆਣਾ ਪੁੱਜੇ ਲੋਕਲ ਬਾਡੀਜ਼ ਮੰਤਰੀ ਬਲਕਾਰ ਸਿੰਘ ਵਲੋਂ ਵਿਧਾਇਕਾਂ ਨਾਲ ਕੀਤੀ ਮੀਟਿੰਗ ਦੌਰਾਨ ਦਿੱਤੇ ਗਏ ਹਨ। ਸ਼ਾਇਦ ਇਹੀ ਕਾਰਨ ਹੈ ਕਿ ਉਨ੍ਹਾਂ ਨੇ ਨਵੇਂ ਸਿਰੇ ਤੋਂ ਵਾਰਡਬੰਦੀ ਜਾਂ ਨਗਰ ਨਿਗਮ ਚੋਣਾਂ ਦਾ ਸ਼ਡਿਊਲ ਫਾਈਨਲ ਕਰਨ ਸਬੰਧੀ ਮੀਡੀਆ ਵਲੋਂ ਪੁੱਛੇ ਸਵਾਲਾਂ ਦਾ ਜਵਾਬ ਨਹੀਂ ਦਿੱਤਾ।

**ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ : www.punjabmailusa.com**




# ਸਾਬਕਾ ਕਾਂਗਰਸੀ ਮੰਤਰੀ ਅਸ਼ਵਨੀ ਸੇਖੜੀ ਭਾਜਪਾ ’ਚ ਹੋਏ ਸ਼ਾਮਲ

**■ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ ਤੋਂ ਦੁਖੀ ਹੋ ਕੇ ਪਾਰਟੀ ਛੱਡੀ: ਸੇਖੜੀ**



ਨਵੀਂ ਦਿੱਲੀ ਵਿਚ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨਾਲ ਅਸ਼ਵਨੀ ਸੇਖੜੀ ਤੇ ਉਨ੍ਹਾਂ ਦਾ ਪਰਿਵਾਰ।

ਬਟਾਲਾ, (ਪੰਜਾਬ ਮੇਲ)- ਸੱਤ ਦਹਾਕਿਆਂ ਤੋਂ ਕਾਂਗਰਸ ਪਾਰਟੀ ਨਾਲ ਜੁੜਿਆ ਸੇਖੜੀ ਪਰਿਵਾਰ ਪਾਰਟੀ ਛੱਡ ਕੇ ਭਾਜਪਾ ਵਿਚ ਸ਼ਾਮਲ ਹੋ ਗਿਆ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਅਸ਼ਵਨੀ ਸੇਖੜੀ, ਉਨ੍ਹਾਂ ਦੀ ਪਤਨੀ ਤੇ ਪੁੱਤਰਾਂ ਨੂੰ ਪਾਰਟੀ ਵਿਚ ਸ਼ਾਮਲ ਕੀਤਾ। ਜ਼ਿਕਰਯੋਗ ਹੈ ਕਿ ਅਸ਼ਵਨੀ ਸੇਖੜੀ ਬਟਾਲਾ ਤੋਂ ਤਿੰਨ ਵਾਰ ਵਿਧਾਇਕ ਰਹੇ ਹਨ, ਜਦਕਿ ਉਨ੍ਹਾਂ ਦੇ ਪਿਤਾ ਮਰਹੂਮ ਵਿਸ਼ਵਾਮਿੱਤਰ ਸੇਖੜੀ ਦੋ ਵਾਰ ਵਿਧਾਇਕ ਬਣੇ ਸਨ।

ਸ੍ਰੀ ਸੇਖੜੀ ਨੇ ਕਿਹਾ ਕਿ ਉਨ੍ਹਾਂ ਸਾਬਕਾ ਕੈਬਨਿਟ ਮੰਤਰੀ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ ਤੋਂ ਦੁਖੀ ਹੋ ਕੇ ਉਸ ਪਾਰਟੀ ਨੂੰ ਛੱਡਿਆ ਹੈ, ਜਿਸ ਨਾਲ ਉਨ੍ਹਾਂ ਦੇ ਪਰਿਵਾਰ ਦਾ ਸੱਤ ਦਹਾਕਿਆਂ ਦਾ ਰਿਸ਼ਤਾ ਹੈ। ਸੇਖੜੀ ਨੇ ਦੋਸ਼ ਲਾਇਆ ਕਿ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ ਉਨ੍ਹਾਂ ਨੂੰ ਆਪਣੇ ਹਲਕੇ ਵਿਚ ਕੰਮ ਨਹੀਂ ਕਰਨ ਦਿੰਦੇ ਤੇ ਹਰ ਕੰਮ ਵਿਚ ਬੇਲੋੜੀ ਦਖ਼ਲਅੰਦਾਜ਼ੀ ਵੀ ਕਰਦੇ ਹਨ। ਉਨ੍ਹਾਂ ਕਿਹਾ ਕਿ ਉਨ੍ਹਾਂ ’ਤੇ ਹਲਕਾ ਵਾਸੀਆਂ ਨਾਲ ਸੰਪਰਕ ਤੋੜਨ ਦੇ ਦੋਸ਼ ਲੱਗ ਰਹੇ ਹਨ, ਜਦਕਿ ਉਕਤ ਪਾਰਟੀ ਆਗੂ ਨੇ ਉਨ੍ਹਾਂ ਨੂੰ ਕਦੇ ਆਪਣਾ ਕੰਮ ਨਹੀਂ ਕਰਨ ਦਿੱਤਾ। ਉਨ੍ਹਾਂ ਕਿਹਾ ਕਿ ਹਲਕਾ ਵਾਸੀਆਂ ਨਾਲ ਉਨ੍ਹਾਂ ਦਾ ਸੰਪਰਕ ਦਿਨੋਂ-ਦਿਨ ਘਟਾਇਆ ਗਿਆ ਹੈ। ਸੇਖੜੀ ਨੇ ਕਿਹਾ ਕਿ ਉਹ ਲੋਕ ਸਭਾ, ਰਾਜ ਸਭਾ ਜਾਂ ਵਿਧਾਨ ਸਭਾ ਦੀ ਸੀਟ ਲਈ ਨਹੀਂ ਸਗੋਂ ਲੋਕ ਸੇਵਾ ਲਈ ਭਾਜਪਾ ਵਿਚ ਸ਼ਾਮਲ ਹੋਏ ਹਨ।

## ਵਿਜੀਲੈਂਸ ਵਲੋਂ ਭਰਤਇੰਦਰ ਚਹਿਲ ਤੋਂ 6 ਘੰਟੇ ਪੁੱਛਗਿੱਛ



ਪਟਿਆਲਾ, (ਪੰਜਾਬ ਮੇਲ)-ਸਰੋਤਾਂ ਤੋਂ ਵੱਧ ਆਮਦਨ ਦੇ ਦੋਸ਼ਾਂ ਤਹਿਤ ਚੱਲ ਰਹੀ ਪੜਤਾਲ ’ਚ ਸ਼ਾਮਲ ਹੋਣ ਲਈ ਦੂਜੀ ਵਾਰ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਸਲਾਹਕਾਰ ਰਹੇ ਸ. ਭਰਤਇੰਦਰ ਸਿੰਘ ਚਹਿਲ ਆਪਣੇ ਵਕੀਲ ਸਮੇਤ ਪਟਿਆਲਾ ਦੇ ਵਿਜੀਲੈਂਸ ਦਫ਼ਤਰ ’ਚ ਪੇਸ਼ ਹੋਏ। ਵਿਜੀਲੈਂਸ ਦੇ ਅਧਿਕਾਰੀਆਂ ਵਲੋਂ ਸ. ਚਹਿਲ ਸਵੇਰੇ 10 ਵਜੇ ਤੋਂ ਸ਼ਾਮ 4 ਵਜੇ ਤੱਕ ਪੁੱਛ-ਪੜਤਾਲ ਕੀਤੀ ਗਈ। ਇਸ ਦੌਰਾਨ ਸ. ਚਹਿਲ ਨੇ ਵਿਜੀਲੈਂਸ ਕੋਲ ਦਰਜ ਕਰਵਾਏ ਬਿਆਨਾਂ ਦੇ ਸਬੂਤ ਵਜੋਂ ਕੁਝ ਦਸਤਾਵੇਜ਼ ਅਤੇ ਰਿਕਾਰਡ ਪੇਸ਼ ਕੀਤਾ ਹੈ। ਸੂਤਰਾਂ ਦਾ ਕਹਿਣਾ ਹੈ ਕਿ ਚਹਿਲ ਨੇ ਵਿਜੀਲੈਂਸ ਦੇ ਕਾਫੀ ਸਵਾਲਾਂ ਦਾ ਜਵਾਬ ਨਹੀਂ ਦਿੱਤਾ ਅਤੇ ਨਾ ਹੀ ਸਾਰੇ ਦਸਤਾਵੇਜ਼ ਬਿਊਰੋ ਨੂੰ ਦਿੱਤੇ ਹਨ। ਦੂਜੇ ਪਾਸੇ ਕਿਸੇ ਵੀ ਵਿਜੀਲੈਂਸ ਅਧਿਕਾਰੀ ਨੇ ਭਰਤਇੰਦਰ ਸਿੰਘ ਚਹਿਲ ਤੋਂ ਚੱਲ ਰਹੀ ਪੁੱਛ-ਪੜਤਾਲ ਸੰਬੰਧੀ ਚੁੱਪੀ ਨਹੀਂ ਤੋੜੀ।

# ਕਾਂਗਰਸ ਹਾਈਕਮਾਨ ਵੱਲੋਂ ਕੇਜਰੀਵਾਲ ਸਰਕਾਰ ਵਿਰੁੱਧ ਬਿੱਲ ਦਾ ਵਿਰੋਧ ਕਰਨਾ ਪੰਜਾਬ ਕਾਂਗਰਸ ਲਈ ਵੱਡਾ ਝਟਕਾ

**■ ਕਈ ਆਗੂਆਂ ਵਲੋਂ ਹਾਈਕਮਾਨ ਤੱਕ ਪਹੁੰਚ**

ਚੰਡੀਗੜ੍ਹ, (ਪੰਜਾਬ ਮੇਲ)-ਕਾਂਗਰਸ ਹਾਈਕਮਾਨ ਵਲੋਂ ਕੇਜਰੀਵਾਲ ਸਰਕਾਰ ਦੀਆਂ ਤਾਕਤਾਂ ਘਟਾਉਣ ਵਾਲੇ ਬਿੱਲ ਦਾ ਵਿਰੋਧ ਕਰਨ ਸੰਬੰਧੀ ਕੀਤਾ ਗਿਆ ਐਲਾਨ ਪੰਜਾਬ ਕਾਂਗਰਸ ਲਈ ਵੱਡਾ ਝਟਕਾ ਸਾਬਤ ਹੋ ਰਿਹਾ ਹੈ ਅਤੇ ਇਸ ਐਲਾਨ ਨੇ ਸੂਬੇ ਦੇ ਕਾਂਗਰਸੀ ਆਗੂਆਂ ਵਿਚ ਇਕ ਤਰ੍ਹਾਂ ਖਲਬਲੀ ਜਿਹੀ ਮਚਾ ਦਿੱਤੀ ਹੈ। ਪੰਜਾਬ ਕਾਂਗਰਸ ਦੇ ਕਈ ਸੀਨੀਅਰ ਆਗੂਆਂ ਵਲੋਂ ਉਕਤ ਐਲਾਨ ਤੋਂ ਬਾਅਦ ਪਾਰਟੀ ਹਾਈਕਮਾਨ ਵਲੋਂ ਟੈਲੀਫੋਨ ਖੜਕਾ ਕੇ ਆਪਣੇ ਖਦਸ਼ਿਆਂ ਦਾ ਪ੍ਰਗਟਾਵਾ ਕੀਤਾ ਗਿਆ। ਪ੍ਰਦੇਸ਼ ਕਾਂਗਰਸ ਦੇ ਇਕ ਸੀਨੀਅਰ ਆਗੂ ਨੇ ਕਿਹਾ ਕਿ ਪੰਜਾਬ ਵਿਚ ਆਮ ਆਦਮੀ ਪਾਰਟੀ ਸਰਕਾਰ ਵਲੋਂ ਜਿਸ ਢੰਗ ਨਾਲ ਪਾਰਟੀ ਦੇ ਸਾਬਕਾ ਮੁੱਖ ਮੰਤਰੀ, ਮੰਤਰੀਆਂ ਤੇ ਹੋਰ ਕਈ ਸੀਨੀਅਰ ਆਗੂਆਂ ਨੂੰ ਲਗਾਤਾਰ ਤਸ਼ੱਦਦ ਦਾ ਸ਼ਿਕਾਰ ਬਣਾਇਆ ਜਾ ਰਿਹਾ ਹੈ ਅਤੇ ਸਿਆਸੀ ਤੌਰ ’ਤੇ ਬਦਨਾਮ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ, ਉਸੇ ਕਾਰਨ ਪੰਜਾਬ ਦੇ ਆਗੂਆਂ ਨੇ ਮੋਦੀ ਸਰਕਾਰ ਦੇ ਬਿੱਲ ਦਾ ਵਿਰੋਧ ਕਰਨ ਦੀ ਕੇਜਰੀਵਾਲ ਸਰਕਾਰ ਦੀ ਮੰਗ ਦਾ ਤਿੱਖਾ ਵਿਰੋਧ ਕੀਤਾ ਸੀ ਅਤੇ ਪਾਰਟੀ ਹਾਈਕਮਾਨ ਨੂੰ ਇਸ ਮੁੱਦੇ ’ਤੇ ਕੇਜਰੀਵਾਲ ਨੂੰ ਸਮਰਥਨ ਨਾ ਦਿੱਤੇ ਜਾਣ ਲਈ ਕਿਹਾ ਸੀ ਪਰ ਪੰਜਾਬ ਕਾਂਗਰਸ ਦੇ ਆਗੂਆਂ ਦਾ ਕਹਿਣਾ ਹੈ ਕਿ ਹਾਈਕਮਾਨ ਵਲੋਂ ਕੀਤੇ ਇਸ ਐਲਾਨ ਤੋਂ ਪਹਿਲਾਂ ਸਾਨੂੰ ਦੱਸਿਆ ਤੱਕ ਵੀ ਨਹੀਂ ਗਿਆ। ਇਨ੍ਹਾਂ ਆਗੂਆਂ ਨੂੰ ਹਾਈਕਮਾਨ ਵਲੋਂ ਦੱਸਿਆ ਗਿਆ ਹੈ ਕਿ ਪਾਰਟੀ ਵਲੋਂ ਇਸ ਐਲਾਨ ਤੋਂ ਪਹਿਲਾਂ ਕੇਜਰੀਵਾਲ ਜਾਂ ਆਮ ਆਦਮੀ ਪਾਰਟੀ ਨਾਲ ਕਿਸੇ ਤਰ੍ਹਾਂ ਦੀ ਗੱਲਬਾਤ ਨਹੀਂ ਕੀਤੀ, ਪਰ ਇਕਜੁੱਟ ਹੋ ਰਹੀਆਂ ਵਿਰੋਧੀ ਪਾਰਟੀਆਂ ਦੇ ਦਬਾਅ ਹੇਠ ਇਹ ਐਲਾਨ ਮਜਬੂਰੀ ਹੇਠ ਕੀਤਾ ਗਿਆ ਹੈ ਪਰ ਪੰਜਾਬ ਕਾਂਗਰਸ ਦੇ ਆਗੂਆਂ ਦਾ ਕਹਿਣਾ ਹੈ ਕਿ ਕਾਂਗਰਸ, ਭਾਜਪਾ ਸਰਕਾਰ ਦੇ ਬਿੱਲ ’ਤੇ ਆਰਡੀਨੈਂਸ ਦਾ ਭਾਵੇਂ ਸਿਧਾਂਤਕ ਵਿਰੋਧ ਕਰੇ, ਪਰ ਪੰਜਾਬ ਵਿਚ ਕਾਂਗਰਸੀ ਆਗੂਆਂ ਦੀ ਹੋ ਰਹੀ ਪਕੜ-ਧਕੜ ਦਾ ਵਿਰੋਧ ਕਰਦਿਆਂ ਕਾਂਗਰਸ, ਆਮ ਆਦਮੀ ਪਾਰਟੀ ਦੇ ਹੱਕ ’ਚ ਵੋਟ ਨਾ ਕਰੇ ਅਤੇ ਵੋਟਾਂ ਦਾ ਬਾਈਕਾਟ ਕਰੇ ਪਰ ਪੰਜਾਬ ਦੇ ਆਗੂਆਂ ਦਾ ਮੰਨਣਾ ਹੈ ਕਿ ਵਿਜੀਲੈਂਸ ਦੇ ਤਸ਼ੱਦਦ ਦਾ ਸ਼ਿਕਾਰ ਹੋ ਰਹੇ ਕਾਂਗਰਸੀ ਆਗੂਆਂ ਲਈ ਪਾਰਟੀ ਹਾਈਕਮਾਨ ਵਲੋਂ ਕੇਜਰੀਵਾਲ ਦੇ ਹੱਕ ਵਿਚ ਵੋਟ ਕਰਨ ਦੀ ਕਾਰਵਾਈ ਉਨ੍ਹਾਂ ਲਈ ਹਜ਼ਮ ਕਰਨੀ ਸੰਭਵ ਨਹੀਂ ਹੋਵੇਗੀ। ਇਨ੍ਹਾਂ ਹਲਕਿਆਂ ਦਾ ਮੰਨਣਾ ਹੈ ਕਿ ਪੰਜਾਬ ਹਾਈਕਮਾਨ ਵਲੋਂ ਅਜਿਹਾ ਤਾਨਾਸ਼ਾਹੀ ਰਵੱਈਆ ਅਪਣਾਏ ਜਾਣ ਕਾਰਨ ਬਹੁਤ ਸਾਰੇ ਹੋਰ ਆਗੂ ਵੀ ਪਾਰਟੀ ਨੂੰ ਅਲਵਿਦਾ ਕਹਿ ਸਕਦੇ ਹਨ। ਪਰ ਪਾਰਟੀ ਹਾਈਕਮਾਨ ਵਲੋਂ ਮਗਰਲੇ ਸਮੇਂ ਦੌਰਾਨ ਪੰਜਾਬ ਦੇ ਕਾਂਗਰਸੀਆਂ ਨੇ ਕੇਜਰੀਵਾਲ ਨੂੰ ਸਮਰਥਨ ਦੇ ਹੋਏ ਤਿੱਖੇ ਵਿਰੋਧ ਦੇ ਬਾਵਜੂਦ ਜੇਕਰ ਇਸ ਬਿੱਲ ਦੇ ਵਿਰੁੱਧ ਵਿਰੋਧੀ ਧਿਰ ਨਾਲ ਖੜ੍ਹੇ ਹੋਣ ਦਾ ਐਲਾਨ ਕਰ ਦਿੱਤਾ ਹੈ ਤਾਂ ਪੰਜਾਬ ਕਾਂਗਰਸ ਦੇ ਮੌਜੂਦਾ ਵਿਰੋਧ ਜਾਂ ਦਬਾਅ ਦਾ ਵੀ ਕੀ ਅਸਰ ਹੋਵੇਗਾ। ਹਾਈਕਮਾਨ ਦਾ ਇਹ ਵੀ ਕਹਿਣਾ ਹੈ ਕਿ ਕੇਂਦਰ ਦਾ ਬਿੱਲ ਰਾਜਾਂ ਦੇ ਅਧਿਕਾਰ ਘਟਾਉਣ ਵਾਲਾ ਹੈ ਅਤੇ ਇਹ ਇਕ ਰਾਸ਼ਟਰੀ ਮੁੱਦਾ ਹੈ।

## ਕੈਨੇਡਾ ’ਚ ਅਣਪਛਾਤਿਆਂ ਵਲੋਂ ਕੀਤੇ ਹਮਲੇ ’ਚ ਪੰਜਾਬੀ ਨੌਜਵਾਨ ਦੀ ਮੌਤ

ਨਵਾਂ ਸ਼ਹਿਰ, (ਪੰਜਾਬ ਮੇਲ)- ਅੰਤਰਰਾਸ਼ਟਰੀ ਵਿਦਿਆਰਥੀ ਵਜੋਂ ਕੈਨੇਡਾ ਗਏ ਨਵਾਂਸ਼ਹਿਰ ਦੇ ਪੰਜਾਬੀ ਨੌਜਵਾਨ ਗੁਰਵਿੰਦਰ ਨਾਥ ਦੀ ਅਣਪਛਾਤਿਆਂ ਵੱਲੋਂ ਕੀਤੇ ਹਮਲੇ ’ਚ ਮੌਤ ਹੋ ਗਈ। ਜਾਣਕਾਰੀ ਅਨੁਸਾਰ ਗੁਰਵਿੰਦਰ ਨਾਥ ਜੋ ਕਿ 2021 ਵਿਚ ਕੈਨੇਡਾ ਵਿਖੇ ਬਤੌਰ ਅੰਤਰਰਾਸ਼ਟਰੀ ਵਿਦਿਆਰਥੀ ਵਜੋਂ ਗਿਆ ਸੀ, ਪਿਛਲੇ ਦਿਨੀਂ ਕੈਨੇਡਾ ਵਿਚ ਅਣਪਛਾਤਿਆ ਵਲੋਂ ਗੱਡੀ ਖੋਹਣ ਸਮੇਂ ਉਸ ਦੇ ਸਿਰ ’ਤੇ ਜਾਨਲੇਵਾ ਹਮਲਾ ਕਰ ਦਿੱਤਾ ਗਿਆ ਸੀ। ਗੁਰਵਿੰਦਰ ਨਾਥ ਦੀ ਇਲਾਜ ਦੌਰਾਨ ਮੌਤ ਹੋ ਗਈ। ਉਸ ਦੇ ਸਾਥੀਆਂ ਦੀ ਮੰਗ ਹੈ ਕਿ ਕੇਂਦਰ ਅਤੇ ਪੰਜਾਬ ਸਰਕਾਰ ਗੁਰਵਿੰਦਰ ਨਾਥ ਦੀ ਮ੍ਰਿਤਕ ਦੇਹ ਭਾਰਤ ਲਿਆਉਣ ਲਈ ਮਦਦ ਕਰਨ।

## ਸਿਆਸੀ ਪਾਰਟੀਆਂ ਨੂੰ ਦੂਰਦਰਸ਼ਨ ’ਤੇ ਪ੍ਰਚਾਰ ਲਈ ਸਮੇਂ ਦੀ ਵੰਡ ਹੋਵੇਗੀ ਆਨਲਾਈਨ: ਚੋਣ ਕਮਿਸ਼ਨ

ਨਵੀਂ ਦਿੱਲੀ, (ਪੰਜਾਬ ਮੇਲ)- ਸਿਆਸੀ ਪਾਰਟੀਆਂ ਨੂੰ ਆਲ ਇੰਡੀਆ ਰੇਡੀਓ ਅਤੇ ਦੂਰਦਰਸ਼ਨ ’ਤੇ ਪ੍ਰਚਾਰ ਲਈ ਸਮੇਂ ਦੀ ਵੰਡ ਹੁਣ ਆਨਲਾਈਨ ਕੀਤੀ ਜਾਵੇਗੀ। ਇਹ ਜਾਣਕਾਰੀ ਚੋਣ ਕਮਿਸ਼ਨ ਨੇ ਦਿੱਤੀ ਹੈ। ਚੋਣ ਕਮਿਸ਼ਨ ਨੇ ਸਿਆਸੀ ਪਾਰਟੀਆਂ ਵੱਲੋਂ ਸਰਕਾਰੀ ਮਾਲਕੀ ਵਾਲੇ ਇਲੈਕਟ੍ਰਾਨਿਕ ਮੀਡੀਆ ਦੀ ਵਰਤੋਂ ਦੀ ਮੌਜੂਦਾ ਵਿਵਸਥਾ ਵਿਚ ਸੋਧ ਕੀਤੀ ਹੈ।




# ਜਾਖੜ ਦੀ ਟੀਮ 'ਚ 'ਇੰਪੋਰਟ' ਹੋਏ ਕਾਂਗਰਸੀ ਨੂੰ ਜਗ੍ਹਾ ਦੇਣ ਦੀ ਯੋਜਨਾ

**ਜਲੰਧਰ, (ਪੰਜਾਬ ਮੇਲ)**- ਪੰਜਾਬ 'ਚ ਭਾਰਤੀ ਜਨਤਾ ਪਾਰਟੀ ਨੇ ਸੂਬਾ ਪ੍ਰਧਾਨ ਦੇ ਅਹੁਦੇ 'ਤੇ ਸੁਨੀਲ ਜਾਖੜ ਨੂੰ ਤਾਇਨਾਤ ਕੀਤਾ ਹੈ, ਜਿਸ ਤੋਂ ਬਾਅਦ ਜਾਖੜ ਲਗਾਤਾਰ ਇਕ ਤੋਂ ਬਾਅਦ ਇਕ ਪੰਜਾਬ ਸਰਕਾਰ 'ਤੇ ਨਿਸ਼ਾਨੇ ਲਾ ਰਹੇ ਹਨ। ਹੁਣ ਤੱਕ ਭਾਜਪਾ 'ਚ ਸੂਬਾ ਸਰਕਾਰ 'ਤੇ ਉਸ ਤਰ੍ਹਾਂ ਹਾਵੀ ਹੋਣ ਦੀ ਕੋਸ਼ਿਸ਼ ਕਦੇ ਨਹੀਂ ਕੀਤੀ ਗਈ, ਜਿਸ ਤਰ੍ਹਾਂ ਜਾਖੜ ਇਨ੍ਹੀਂ ਦਿਨੀਂ ਕਰ ਰਹੇ ਹਨ। ਪਾਰਟੀ ਦੇ ਸੂਬਾ ਪ੍ਰਧਾਨ ਹੋਣ ਦੇ ਨਾਤੇ ਜਾਖੜ ਸੂਬੇ ਵਿਚ ਹੜ੍ਹ ਦੀ ਸਥਿਤੀ ਵੇਲੇ ਆਪਣੀ ਹਾਜ਼ਰੀ ਦਰਜ ਕਰਵਾਉਣ 'ਚ ਕੋਈ ਕਮੀ ਵੀ ਨਹੀਂ ਛੱਡ ਰਹੇ। ਇਸ ਸਭ ਦੇ ਵਿਚਾਲੇ ਸੂਬਾ ਭਾਜਪਾ ਦੇ ਬਾਕੀ ਨੇਤਾ ਇਸ ਵੇਲੇ ਪੂਰੀ ਤਰ੍ਹਾਂ ਚੁੱਪ ਬੈਠੇ ਹਨ, ਜਿਸ ਦੇ ਕਈ ਕਾਰਨ ਸਾਹਮਣੇ ਆ ਰਹੇ ਹਨ।

ਪੰਜਾਬ ਭਾਜਪਾ 'ਚ ਟਕਸਾਲੀ

**ਟਕਸਾਲੀ ਭਾਜਪਾਈਆਂ ਨੇ ਵੱਟੀ ਚੁੱਪੀ**

ਨੇਤਾਵਾਂ ਦੀ ਘਾਟ ਨਹੀਂ ਹੈ ਪਰ ਜਦੋਂ ਤੋਂ ਜਾਖੜ ਪ੍ਰਧਾਨ ਬਣੇ ਹਨ, ਪਾਰਟੀ ਦੇ ਕਈ ਨੇਤਾਵਾਂ ਨੂੰ ਤਾਂ ਜਿਵੇਂ ਸੱਪ ਹੀ ਸੁੰਘ ਗਿਆ ਹੈ। ਸੂਬੇ ਵਿਚ ਹੜ੍ਹ ਦੀ ਸਥਿਤੀ ਦੌਰਾਨ ਇਨ੍ਹਾਂ ਨੇਤਾਵਾਂ ਕੋਲ ਇਕ ਚੰਗਾ ਮੌਕਾ ਸੀ ਕਿ ਉਹ ਸੂਬਾ ਸਰਕਾਰ 'ਤੇ ਸਵਾਲ ਉਠਾ ਸਕਦੇ ਪਰ ਉਨ੍ਹਾਂ ਅਜਿਹਾ ਕੋਈ ਕੰਮ ਕੀਤਾ ਹੀ ਨਹੀਂ, ਜਿਸ ਨਾਲ ਉਹ ਮੀਡੀਆ 'ਚ ਸਾਹਮਣੇ ਆਉਂਦੇ। ਚਰਚਾ ਇਸ ਗੱਲ ਦੀ ਵੀ ਹੈ ਕਿ ਜਾਖੜ ਦੇ ਪ੍ਰਧਾਨ ਬਣਨ ਤੋਂ ਬਾਅਦ ਹੁਣ ਟੀਮ ਦੇ ਗਠਨ ਸਬੰਧੀ ਤਿਆਰੀ ਚੱਲ ਰਹੀ ਹੈ। ਪਾਰਟੀ ਦੇ ਕਈ ਨੇਤਾ ਇਸ ਟੀਮ ਵਿਚ ਸੈੱਟ ਹੋਣ ਦੀ ਕੋਸ਼ਿਸ਼ ਕਰ ਰਹੇ ਹਨ ਪਰ ਕਿਸ ਦੀ ਕਿੰਨੀ ਚੱਲਦੀ ਹੈ, ਇਹ ਆਉਣ ਵਾਲਾ ਸਮਾਂ ਹੀ ਦੱਸੇਗਾ। ਉਂਝ ਸੂਤਰਾਂ ਦੇ ਹਵਾਲੇ ਨਾਲ ਖ਼ਬਰ ਮਿਲੀ ਹੈ ਕਿ ਜਾਖੜ ਦੇ ਪ੍ਰਧਾਨ ਬਣਨ ਤੋਂ ਬਾਅਦ ਟੀਮ ਵਿਚ ਕਿਸ ਨੂੰ ਰੱਖਿਆ ਜਾਵੇਗਾ, ਇਸ ਗੱਲ 'ਤੇ ਵੀ ਕਾਫ਼ੀ ਖਿੱਚੋਤਾਣ ਚੱਲ ਰਹੀ ਹੈ। ਪੁਰਾਣੇ ਟਕਸਾਲੀ ਭਾਜਪਾਈ ਟੀਮ ਵਿਚ ਜਗ੍ਹਾ ਬਣਾਉਣ ਲਈ ਪਾਰਟੀ ਦੇ ਸੀਨੀਅਰ ਨੇਤਾਵਾਂ ਜਾਂ ਸੰਗਠਨ ਦੇ ਅਹੁਦੇਦਾਰਾਂ ਦੇ ਘਰਾਂ ਦੇ ਚੱਕਰ ਲਾ ਰਹੇ ਹਨ। ਸੂਤਰਾਂ ਦਾ ਕਹਿਣਾ ਹੈ ਕਿ ਪੰਜਾਬ ਭਾਜਪਾ ਦੀ ਟੀਮ ਬਣਾਉਣ ਲਈ ਜਾਖੜ ਨੇ ਕਾਫ਼ੀ ਕੁਝ ਸੰਗਠਨ ਦੇ ਉੱਪਰ ਛੱਡ ਦਿੱਤਾ ਹੈ। ਸੰਭਵ ਤੌਰ 'ਤੇ ਕਾਂਗਰਸ ਤੋਂ ਇੰਪੋਰਟ ਹੋਏ ਕੁਝ ਨੇਤਾਵਾਂ ਨੂੰ ਸੂਬਾ ਇਕਾਈ ਵਿਚ ਜਗ੍ਹਾ ਦੇਣ ਦੀ ਯੋਜਨਾ ਵੀ ਹੈ ਪਰ ਟੀਮ ਦੇ ਜ਼ਿਆਦਾਤਰ ਅਹੁਦੇਦਾਰ ਸੰਗਠਨ ਅਤੇ ਭਾਜਪਾ ਦੇ ਸੀਨੀਅਰ ਨੇਤਾਵਾਂ ਦੀ ਸਲਾਹ ਦੇ ਨਾਲ ਹੀ ਬਣਾਏ ਜਾਣ ਦੀ ਯੋਜਨਾ ਹੈ।

## ਟਵਿੱਟਰ ਕੋਲ ਨਕਦੀ ਦੀ ਘਾਟ: ਮਸਕ



**ਸਾਨ ਫਰਾਂਸਿਸਕੋ, (ਪੰਜਾਬ ਮੇਲ)**-ਐਲੋਨ ਮਸਕ ਦਾ ਕਹਿਣਾ ਹੈ ਕਿ ਟਵਿੱਟਰ ਕੋਲ ਨਕਦੀ ਦੀ ਘਾਟ ਹੈ, ਕਿਉਂਕਿ ਇਸ਼ਤਿਹਾਰਬਾਜ਼ੀ ਅੱਧੀ ਰਹਿ ਗਈ ਹੈ, ਜਿਸ ਕਾਰਨ ਕੰਪਨੀ 'ਤੇ ਭਾਰੀ ਕਰਜ਼ ਹੈ। ਮਸਕ ਨੇ ਕਿਹਾ ਕਿ ਟਵਿੱਟਰ ਦੇ ਇਸ਼ਤਿਹਾਰ ਮਾਲੀਆ 'ਚ ਲਗਭਗ 50 ਫ਼ੀਸਦੀ ਦੀ ਗਿਰਾਵਟ ਆਈ ਹੈ।

## ਭਾਜਪਾ ਤੇ ਅਕਾਲੀ ਦਲ ਗਠਜੋੜ ਦੇ ਇਕੱਠੇ ਹੋਣ ਦੀ ਹਾਲੇ ਵੀ ਚੱਲ ਰਹੀ ਚਰਚਾ!

**ਚੰਡੀਗੜ੍ਹ, (ਪੰਜਾਬ ਮੇਲ)**-ਪੰਜਾਬ 'ਚ ਸ਼੍ਰੋਮਣੀ ਅਕਾਲੀ ਦਲ ਨਾਲ ਮਿਲ ਕੇ ਚੋਣ ਲੜਨ ਦੀ ਚਰਚਾ 'ਤੇ ਕੁਝ ਹੱਦ ਤੱਕ ਰੋਕ ਲੱਗ ਚੁੱਕੀ ਹੈ ਅਤੇ ਦੋਵੇਂ ਪਾਰਟੀਆਂ ਮਿਲ ਕੇ ਚੱਲਣ ਦੀ ਯੋਜਨਾ ਤੋਂ ਇਨਕਾਰ ਕਰ ਚੁੱਕੀਆਂ ਹਨ ਪਰ ਸੂਤਰ ਦੱਸਦੇ ਹਨ ਕਿ ਦੋਵਾਂ ਪਾਰਟੀਆਂ ਅੰਦਰ ਅਜੇ ਵੀ ਇਸ ਚਰਚਾ ਦੀ ਚੰਗਿਆੜੀ ਸੁਲਗ ਰਹੀ ਹੈ। ਜਾਣਕਾਰ ਦੱਸਦੇ ਹਨ ਕਿ ਅਜੇ ਵੀ ਕੁਝ ਲੋਕ ਚਾਹੁੰਦੇ ਹਨ ਕਿ ਭਾਜਪਾ ਤੇ ਅਕਾਲੀ ਦਲ ਇਕੱਠੇ ਹੋ ਜਾਣ। ਇਸ ਦੇ ਲਈ ਬਾਕਾਇਦਾ ਸੀਟ ਸ਼ੇਅਰਿੰਗ ਸਬੰਧੀ ਵੀ ਚਰਚਾ ਚੱਲ ਰਹੀ ਹੈ। ਲੋਕ ਸਭਾ ਚੋਣਾਂ 'ਚ ਭਾਜਪਾ ਅਕਾਲੀ ਦਲ ਤੋਂ 13 ਵਿਚੋਂ 7 ਸੀਟਾਂ ਮੰਗ ਰਹੀ ਹੈ, ਜਦੋਂਕਿ ਇਸ ਤੋਂ ਪਹਿਲਾਂ ਭਾਜਪਾ 3 ਸੀਟਾਂ 'ਤੇ ਚੋਣ ਲੜਦੀ ਸੀ।

## ਗੁਰਕੀਰਤ ਕਿਰਪਾਲ ਸਿੰਘ ਪੰਜਾਬ ਦੇ ਨਵੇਂ ਗ੍ਰਹਿ ਸਕੱਤਰ ਨਿਯੁਕਤ



ਗੁਰਕੀਰਤ ਕਿਰਪਾਲ।

**ਚੰਡੀਗੜ੍ਹ, (ਪੰਜਾਬ ਮੇਲ)**- ਪੰਜਾਬ ਸਰਕਾਰ ਨੇ ਆਈ.ਏ.ਐੱਸ. ਅਧਿਕਾਰੀ ਗੁਰਕੀਰਤ ਕਿਰਪਾਲ ਸਿੰਘ ਨੂੰ ਗ੍ਰਹਿ ਵਿਭਾਗ ਦਾ ਪ੍ਰਬੰਧਕੀ ਸਕੱਤਰ ਨਿਯੁਕਤ ਕੀਤਾ ਹੈ। ਉਨ੍ਹਾਂ ਨੂੰ ਪ੍ਰਮੁੱਖ ਸਕੱਤਰ ਖੁਰਾਕ ਤੇ ਸਿਵਲ ਸਪਲਾਈ ਤੇ ਮਾਈਨਿੰਗ ਦਾ ਚਾਰਜ ਵੀ ਦਿੱਤਾ ਗਿਆ ਹੈ। ਪੰਜਾਬ ਸਰਕਾਰ ਨੇ ਚਾਰ ਆਈ.ਏ.ਐੱਸ., ਛੇ ਆਈ.ਪੀ.ਐੱਸ., 11 ਪੀ.ਪੀ.ਐੱਸ. ਅਤੇ ਇਕ ਪੀ.ਸੀ.ਐੱਸ. ਅਧਿਕਾਰੀਆਂ ਦੇ ਤਬਾਦਲੇ ਕੀਤੇ ਹਨ। ਆਈ.ਏ.ਐੱਸ. ਰਾਖੀ ਗੁਪਤਾ ਭੰਡਾਰੀ ਨੂੰ ਪ੍ਰਮੁੱਖ ਸਕੱਤਰ ਸੰਸਦੀ ਮਾਮਲੇ ਦੇ ਨਾਲ ਸੈਰ ਸਪਾਟਾ ਤੇ ਸੱਭਿਆਚਾਰਕ ਮਾਮਲੇ ਵਿਭਾਗ ਦੀ ਪ੍ਰਮੁੱਖ ਸਕੱਤਰ ਦਾ ਚਾਰਜ ਦਿੱਤਾ ਗਿਆ ਹੈ। ਇਸੇ ਤਰ੍ਹਾਂ ਆਈ.ਏ.ਐੱਸ. ਪ੍ਰਿਅੰਕ ਭਾਰਤੀ ਨੂੰ ਸਕੱਤਰ ਤਕਨੀਕੀ ਸਿੱਖਿਆ ਤੇ ਉਦਯੋਗਿਕ ਸਿਖਲਾਈ ਅਤੇ ਦੀਪਰਵਾ ਲਾਕਰਾ ਨੂੰ ਸਕੱਤਰ ਵਿੱਤ ਤੇ ਮੈਨੇਜਿੰਗ ਡਾਇਰੈਕਟਰ ਪੰਜਾਬ ਇਨਫਰਾਸਟਰੱਕਚਰ ਵਿਕਾਸ ਬੋਰਡ ਤੇ ਪੀ.ਸੀ.ਐੱਸ. ਅਧਿਕਾਰੀ ਪਰਦੀਪ ਸਿੰਘ ਬੈਂਸ ਨੂੰ ਉਪ ਸਕੱਤਰ ਮਾਲ ਲਾਇਆ ਹੈ।

ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ : www.punjabmailusa.com

# ਐੱਸ.ਜੀ.ਪੀ.ਸੀ. ਵੱਲੋਂ ਨਵੇਂ ਵੈੱਬ ਚੈਨਲ ਦਾ ਨਾਂ ਬਦਲਣ ਦਾ ਫੈਸਲਾ

**ਅੰਮ੍ਰਿਤਸਰ, (ਪੰਜਾਬ ਮੇਲ)**- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸੱਚਖੰਡ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਤੋਂ ਗੁਰਬਾਣੀ ਪ੍ਰਸਾਰਣ ਲਈ ਆਪਣਾ ਵੈੱਬ ਚੈਨਲ ਸ਼ੁਰੂ ਕੀਤਾ ਜਾ ਰਿਹਾ ਹੈ। ਚੈਨਲ ਦੀ ਸ਼ੁਰੂਆਤ 24 ਜੁਲਾਈ ਤੋਂ ਹੋ ਰਹੀ ਹੈ। ਇਸ ਤੋਂ ਪਹਿਲਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਨਵੇਂ ਵੈੱਬ ਚੈਨਲ ਦਾ ਨਾਂ ਬਦਲਣ ਦਾ ਫ਼ੈਸਲਾ ਕੀਤਾ ਹੈ।

ਇਸ ਸਬੰਧੀ ਜਾਣਕਾਰੀ ਸਾਂਝੀ ਕਰਦਿਆਂ ਐੱਸ.ਜੀ.ਪੀ.ਸੀ. ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਦੱਸਿਆ ਕਿ ਗੁਰਬਾਣੀ ਪ੍ਰਸਾਰਣ ਲਈ 24 ਜੁਲਾਈ ਤੋਂ ਸ਼ੁਰੂ ਕੀਤੇ ਜਾਣ ਵਾਲੇ ਵੈੱਬ ਚੈਨਲ ਦਾ ਨਾਂ "ਸੱਚਖੰਡ ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ" ਹੋਵੇਗਾ। ਉਨ੍ਹਾਂ ਦੱਸਿਆ ਕਿ ਇਸ ਤੋਂ ਪਹਿਲਾਂ ਚੈਨਲ ਦਾ ਨਾਂ "ਸੱਚਖੰਡ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਅੰਮ੍ਰਿਤਸਰ" ਵਜੋਂ ਰੱਖਣ ਦਾ ਫ਼ੈਸਲਾ ਕੀਤਾ ਗਿਆ ਸੀ, ਪਰ ਸੰਗਤ ਦੇ ਸੁਝਾਵਾਂ ਮੁਤਾਬਕ ਹੁਣ ਵੈੱਬ ਚੈਨਲ ਦਾ ਨਾਂ ਤਬਦੀਲ ਕਰ ਦਿੱਤਾ ਗਿਆ ਹੈ।

# ਹਾਈਕੋਰਟ ਵੱਲੋਂ ਪੰਜਾਬ ਦੀਆਂ ਜੇਲ੍ਹਾਂ 'ਚ ਜੈਮਰਾਂ ਦੀ ਅਸਫਲਤਾ 'ਤੇ ਨਿਰਾਸ਼ਾ ਜ਼ਾਹਿਰ

**ਚੰਡੀਗੜ੍ਹ, (ਪੰਜਾਬ ਮੇਲ)**- ਪੰਜਾਬ 'ਚ 12 ਸਾਲਾਂ 'ਚ ਵੀ ਜੇਲ੍ਹਾਂ 'ਚ ਮੌਜੂਦ ਜੈਮਰ 100 ਫ਼ੀਸਦੀ ਸਫ਼ਲ ਨਹੀਂ ਹੋ ਸਕੇ ਹਨ, ਜਿਸ ਕਾਰਨ ਪੰਜਾਬ ਅਤੇ ਹਰਿਆਣਾ ਹਾਈਕੋਰਟ ਨੇ ਨਿਰਾਸ਼ਾ ਜਤਾਈ ਹੈ। ਹਾਈਕੋਰਟ ਨੇ ਹੁਣ ਅਗਲੀ ਸੁਣਵਾਈ ਤੱਕ ਚੁੱਕੇ ਗਏ ਸਾਰੇ ਕਦਮਾਂ ਦਾ ਬਿਓਰੋ ਅਤੇ ਅੱਗੇ ਦੀ ਯੋਜਨਾ ਸੌਂਪਣ ਦੇ ਹੁਕਮ ਦਿੱਤੇ ਹਨ। ਹਾਈਕੋਰਟ ਨੇ ਪੰਜਾਬ ਦੀਆਂ ਜੇਲ੍ਹਾਂ 'ਚ ਮੋਬਾਇਲਾਂ ਦੀ ਵੱਧ ਰਹੀ ਵਰਤੋਂ ਨੂੰ ਲੈ ਕੇ ਸਖ਼ਤ ਕਦਮ ਚੁੱਕਣ ਦੇ ਹੁਕਮ ਸਰਕਾਰ ਨੂੰ ਦਿੱਤੇ ਸਨ ਪਰ ਪੰਜਾਬ ਸਰਕਾਰ ਅਜੇ ਤੱਕ ਇਸ ਕੰਮ ਨੂੰ ਪੂਰਾ ਨਹੀਂ ਕਰ ਸਕੀ ਹੈ। 'ਪੰਜਾਬ ਸਰਕਾਰ ਨੇ ਹਾਈਕੋਰਟ ਨੂੰ ਦੱਸਿਆ ਕਿ ਅੰਮ੍ਰਿਤਸਰ ਅਤੇ ਕਪੂਰਥਲਾ ਜੇਲ੍ਹ 'ਚ ਟਵਾਰ ਆਫ ਹਾਰਮੋਨਿਅਸ ਕਾਲ ਬਲਾਕਿੰਗ ਸਿਸਟਮ ਲਾਇਆ ਗਿਆ ਹੈ, ਜੋ 95 ਫ਼ੀਸਦੀ ਤੱਕ ਪ੍ਰਭਾਵੀ ਹੈ ਅਤੇ ਜੇਕਰ ਟੈਲੀਕਾਮ ਕੰਪਨੀਆਂ ਦਾ ਸਹਿਯੋਗ ਮਿਲੇ ਤਾਂ ਇਸ ਨੂੰ 100 ਫ਼ੀਸਦੀ ਤੱਕ ਪ੍ਰਭਾਵੀ ਬਣਾਇਆ ਜਾ ਸਕਦਾ ਹੈ। ਫਿਲਹਾਲ ਅਦਾਲਤ ਨੇ ਪੰਜਾਬ ਸਰਕਾਰ ਨੂੰ ਅੱਗੇ ਚੁੱਕੇ ਗਏ ਕਦਮਾਂ ਦੀ ਜਾਣਕਾਰੀ ਦੇਣ ਦੇ ਹੁਕਮ ਦਿੱਤੇ ਹਨ।

Global Allianz
LAW FIRM LLP
ਕਾਨੂੰਨੀ ਸਲਾਹਾਂ
- ਇਮੀਗਰੇਸ਼ਨ ਸੇਵਾਵਾਂ
- ਘਰੇਲੂ ਹਿੰਸਾ ਦੇ ਕੇਸ
- ਨਸ਼ਾ ਕਰਕੇ ਗੱਡੀ ਚਲਾਉਣਾ
- ਕੰਮ 'ਤੇ ਸੱਟ ਲਗਣਾ
Asylum & Deportation Defense

Atul Kapoor
C.E.O

Neat Allen Sawyer
Attorney at law
555 Capitol Mall SUITE 1245, Sacramento, CA 95814
Phone:209-808-2136, 209-952-5578, 1-916-806-7042, Fax: 209-476-7188

# ਕੈਲੀਫੋਰਨੀਆ 'ਚ 3 ਗੋਰੇ ਲੜਕਿਆਂ ਦੀ ਹੱਤਿਆ ਦੇ ਦੋਸ਼ ਹੇਠ ਭਾਰਤੀ ਮੂਲ ਦੇ ਵਿਅਕਤੀ ਨੂੰ ਉਮਰ ਕੈਦ ਦੀ ਸ਼ਜਾ

**ਨਿਊਯਾਰਕ, (ਰਾਜ ਗੋਗਨਾ/ਪੰਜਾਬ ਮੇਲ)-** ਕੈਲੀਫੋਰਨੀਆ 'ਚ ਰਹਿਣ ਵਾਲੇ ਭਾਰਤੀ ਮੂਲ ਦੇ ਇਕ ਵਿਅਕਤੀ ਨੂੰ ਅਦਾਲਤ ਨੇ ਬੀਤੇ ਦਿਨੀਂ ਉਮਰ ਕੈਦ ਦੀ ਸਜ਼ਾ ਸੁਣਾਈ ਹੈ। ਉਸ 'ਤੇ ਬੀਤੀ 19 ਜਨਵਰੀ 2020 'ਚ 3 ਅੱਲ੍ਹੜ ਉਮਰ ਦੇ ਗੋਰੇ ਮੂਲ ਦੇ ਲੜਕੇ ਜਿਨ੍ਹਾਂ ਦੀ ਉਮਰ 13, 14 ਅਤੇ 18 ਸਾਲ ਦੇ ਕਰੀਬ ਸੀ, ਨੂੰ ਮਾਰਨ ਦਾ ਦੋਸ਼ ਸੀ।




ਰਿਵਰਸਾਈਡ ਕਾਉਂਟੀ ਜ਼ਿਲ੍ਹਾ ਅਟਾਰਨੀ ਦੇ ਦਫ਼ਤਰ ਦੇ ਅਨੁਸਾਰ, ਭਾਰਤੀ ਮੂਲ ਦੇ ਅਨੁਰਾਗ ਚੰਦਰ (45) ਨੂੰ ਇੱਕ ਜਿਊਰੀ ਦੁਆਰਾ ਪਹਿਲੀ-ਡਿਗਰੀ ਦੇ ਕਤਲ ਅਤੇ ਕਤਲ ਦੀ ਕੋਸ਼ਿਸ਼ ਦੇ ਤਿੰਨ ਮਾਮਲਿਆਂ ਵਿਚ ਅਦਾਲਤ ਨੇ ਦੋਸ਼ੀ ਠਹਿਰਾਏ ਜਾਣ ਤੋਂ ਬਾਅਦ ਪੈਰੋਲ ਦੀ ਸੰਭਾਵਨਾ ਰੱਦ ਕਰਨ ਤੋਂ ਬਾਅਦ ਉਮਰ ਕੈਦ ਦੀ ਸ਼ਜਾ ਸੁਣਾਈ ਹੈ।

ਦੱਸਣਯੋਗ ਹੈ ਕਿ ਇਹ ਘਟਨਾ 19 ਜਨਵਰੀ, 2020 ਨੂੰ ਵਾਪਰੀ ਸੀ, ਜਦੋਂ 6 ਮੁੰਡਿਆਂ ਦੇ ਇੱਕ ਸਮੂਹ ਨੇ ਮਜ਼ਾਕ ਕਰਦੇ ਹੋਏ ਚੰਦਰ ਦੇ ਘਰ ਦੀ ਘੰਟੀ ਵਜਾਈ ਸੀ। ਅਨੁਰਾਗ ਚੰਦਰ ਨੇ ਦੱਸਿਆ ਕਿ ਘੰਟੀ ਵਜਾ ਕੇ ਕਾਰ ਵਿਚ ਭੱਜਣ ਤੋਂ ਪਹਿਲਾਂ ਇਕ ਮੁੰਡੇ ਨੇ ਉਸ ਦਾ ਮਜ਼ਾਕ ਉਡਾਇਆ ਸੀ, ਜਿਸ ਤੋਂ ਬਾਅਦ ਉਸ ਨੇ ਆਪਣੀ ਕਾਰ ਸ਼ਰਾਰਤੀ ਮੁੰਡਿਆਂ ਦੇ ਪਿੱਛੇ ਲਾ ਲਈ ਅਤੇ ਉਨ੍ਹਾਂ ਦੀ ਕਾਰ ਨੂੰ ਟੱਕਰ ਮਾਰ ਸੜਕ ਤੋਂ ਇਕ ਪਾਸੇ ਡੇਗ ਦਿੱਤਾ, ਜਿਸ ਨਾਲ 3 ਮੁੰਡਿਆਂ ਦੀ ਮੌਤ ਹੋ ਗਈ, ਜਦੋਂਕਿ 3 ਬੱਚ ਗਏ। ਇਸ ਹਾਦਸੇ ਮਗਰੋਂ ਪੁਲਿਸ ਇਸ ਲਈ ਜ਼ਿੰਮੇਵਾਰ ਵਿਅਕਤੀ ਦੀ ਭਾਲ ਕਰ ਰਹੀ ਸੀ। ਇਸ ਦੌਰਾਨ ਪੁਲਿਸ ਨੂੰ ਇਕ ਰਿਹਾਇਸ਼ ਨੇੜੇ ਇਕ ਨੁਕਸਾਨੀ ਗਈ ਕਾਰ ਖੜ੍ਹੀ ਮਿਲੀ, ਜਿਸ ਤੋਂ ਬਾਅਦ ਭਾਰਤੀ ਮੂਲ ਦੇ ਅਨੁਰਾਗ ਚੰਦਰ ਨੂੰ ਗ੍ਰਿਫ਼ਤਾਰ ਕੀਤਾ।

ਅਧਿਕਾਰੀਆਂ ਨੇ ਦੱਸਿਆ ਕਿ ਅਨੁਰਾਗ ਚੰਦਰ ਇਸ ਹਾਦਸੇ ਨੂੰ ਅੰਜਾਮ ਦੇਣ ਮਗਰੋਂ ਆਪਣੇ ਘਰ ਵਾਪਸ ਆ ਗਿਆ ਸੀ। ਉਥੇ ਹੀ ਚੰਦਰ ਨੇ ਪੁੱਛਗਿੱਛ ਦੌਰਾਨ ਦੱਸਿਆ ਸੀ ਕਿ ਕਾਰ ਨੂੰ ਪਿੱਛੇ ਤੋਂ ਟੱਕਰ ਮਾਰਨ ਤੋਂ ਬਾਅਦ ਉਹ ਇਸ ਲਈ ਨਹੀਂ ਰੁਕਿਆ ਸੀ, ਕਿਉਂਕਿ ਉਸ ਨੂੰ ਲੱਗਾ ਕਿ ਕੋਈ ਜ਼ਖਮੀ ਨਹੀਂ ਹੋਇਆ ਹੈ। ਇਸ ਮਗਰੋਂ ਅਦਾਲਤ 'ਚ ਪੇਸ਼ੀ ਦੌਰਾਨ ਚੰਦਰਾ ਨੇ ਮੰਨਿਆ ਸੀ ਕਿ ਉਸਨੇ ਮੁੰਡਿਆਂ ਦੀ ਕਾਰ ਦਾ ਪਿੱਛਾ ਕੀਤਾ ਸੀ। ਉਸਨੇ ਕਿਹਾ ਕਿ ਉਹ ਮਜ਼ਾਕ ਤੋਂ "ਬਹੁਤ ਪਰੇਸ਼ਾਨ" ਸੀ ਅਤੇ ਦਾਅਵਾ ਕੀਤਾ ਕਿ ਉਹ ਆਪਣੇ ਪਰਿਵਾਰ ਦੀ ਸੁਰੱਖਿਆ ਨੂੰ ਲੈ ਕੇ ਚਿੰਤਤ ਸੀ ਅਤੇ ਉਹ ਆਪਣੇ ਗੁੱਸੇ ਨੂੰ ਕਾਬੂ ਨਹੀਂ ਕਰ ਸਕਿਆ। ਚੰਦਰਾ ਨੇ ਅਦਾਲਤ ਵਿਚ ਇਹ ਵੀ ਗਵਾਹੀ ਦਿੱਤੀ ਕਿ ਉਸ ਨੇ ਇਸ ਹਾਦਸੇ ਤੋਂ ਕੁਝ ਘੰਟੇ ਪਹਿਲਾਂ 12 ਬੋਤਲਾਂ ਬੀਅਰ ਪੀਤੀ ਸੀ। ਅਧਿਕਾਰੀਆਂ ਨੇ ਕਿਹਾ ਕਿ ਅਨੁਰਾਗ ਚੰਦਰਾ ਘਟਨਾ ਵਾਲੀ ਥਾਂ ਤੋਂ ਭੱਜ ਗਿਆ ਸੀ ਅਤੇ ਉਨ੍ਹਾਂ ਦੀ ਕਾਰ ਕਰੈਸ਼ ਦੀ ਸੂਚਨਾ ਦਿੱਤੇ ਬਿਨਾਂ ਆਪਣੇ ਘਰ ਵਾਪਸ ਆ ਗਿਆ ਸੀ। ਇਸ ਟੱਕਰ ਵਿਚ 3 ਅੱਲ੍ਹੜ ਉਮਰ ਦੇ ਨੌਜਵਾਨ ਲੜਕੇ ਮਾਰੇ ਗਏ ਸਨ, ਜਿਨ੍ਹਾਂ ਦੀ ਪਛਾਣ ਡਰੇਕ ਰੁਇਜ਼, ਡੈਨੀਅਲ ਹਾਕਿੰਸ ਅਤੇ ਜੈਕਬ ਇਵਾਸਕੂ ਵਜੋਂ ਹੋਈ ਸੀ। ਇਸ ਹਾਦਸੇ ਵਿਚ ਬਚਣ ਵਾਲੇ ਹੋਰ ਲੜਕਿਆਂ ਵਿਚ ਇੱਕ 18 ਸਾਲ ਦਾ ਡਰਾਈਵਰ, ਇੱਕ 13 ਸਾਲ ਅਤੇ 14 ਸਾਲ ਦਾ ਲੜਕਾ ਸੀ। ਪੀੜਤਾਂ ਵਿਚੋਂ ਇੱਕ ਦੀ ਮਾਂ ਨੇ ਪੁਲਿਸ ਨੂੰ ਦੱਸਿਆ ਸੀ ਕਿ ਲੜਕੇ ਉਸ ਰਾਤ ਜਨਮਦਿਨ ਮਨਾ ਰਹੇ ਸਨ।

# ਕੈਲੀਫੋਰਨੀਆ 'ਚ ਪੰਜਾਬੀ ਨੌਜਵਾਨ ਦੀ ਝੀਲ 'ਚ ਡੁੱਬਣ ਕਾਰਨ ਮੌਤ

**ਕੈਲੀਫੋਰਨੀਆ, (ਪੰਜਾਬ ਮੇਲ)-** ਕੈਲੀਫੋਰਨੀਆ 'ਚ ਸਥਿਤ ਮਿਲਟਨ ਝੀਲ 'ਚ ਪੰਜਾਬੀ ਨੌਜਵਾਨ ਹਸ਼ਨਪ੍ਰੀਤ ਸਿੰਘ (22) ਦੀ ਡੁੱਬਣ ਕਾਰਨ ਮੌਤ ਹੋ ਗਈ ਹੈ। ਬਨੂੜ ਨੇੜਲੇ ਪਿੰਡ ਮੁਠਿਆੜਾਂ ਦੇ ਹਸ਼ਨਪ੍ਰੀਤ ਦੋ ਭੈਣਾਂ ਦਾ ਇਕਲੌਤਾ ਭਰਾ ਸੀ ਤੇ ਡੇਢ ਸਾਲ ਪਹਿਲਾਂ ਦਸੰਬਰ 2021 ਵਿਚ ਹੋਟਲ ਮੈਨੇਜਮੈਂਟ ਦੀ ਪੜ੍ਹਾਈ ਕਰਨ ਲਈ ਅਮਰੀਕਾ ਆਇਆ ਸੀ।



**ਦੋ ਭੈਣਾਂ ਦਾ ਇਕਲੌਤਾ ਭਰਾ ਸੀ**

ਇਸ ਬਾਰੇ ਮ੍ਰਿਤਕ ਦੇ ਪਰਿਵਾਰਕ ਮੈਂਬਰਾਂ ਨੇ ਦੱਸਿਆ ਕਿ ਹਸ਼ਨਪ੍ਰੀਤ ਸਿੰਘ ਬੀਤੇ ਦਿਨੀਂ ਆਪਣੇ ਦੋਸਤਾਂ ਨਾਲ ਮਿਲਟਨ ਝੀਲ 'ਤੇ ਘੁੰਮਣ ਗਿਆ ਸੀ, ਜਿੱਥੇ ਉਸ ਦਾ ਪੈਰ ਤਿਲਕ ਗਿਆ ਤੇ ਉਹ ਝੀਲ ਵਿਚ ਡਿੱਗ ਗਿਆ। ਇਸ ਦੌਰਾਨ ਗੋਤਾਖੋਰਾਂ ਨੇ ਉਸ ਨੂੰ ਤੁਰੰਤ ਬਾਹਰ ਕੱਢ ਕੇ ਹੈਲੀਕਾਪਟਰ ਰਾਹੀਂ ਹਸਪਤਾਲ ਪਹੁੰਚਾਇਆ, ਜਿੱਥੇ ਇਲਾਜ ਦੌਰਾਨ ਹਸ਼ਨਪ੍ਰੀਤ ਸਿੰਘ ਦੀ ਮੌਤ ਹੋ ਗਈ।

ਦੱਸ ਦਈਏ ਕਿ ਡੇਢ ਕੁ ਮਹੀਨਾ ਪਹਿਲਾਂ ਹੀ ਹਸ਼ਨਪ੍ਰੀਤ ਦੇ ਪਿਤਾ ਕਸ਼ਮੀਰ ਸਿੰਘ ਦੀ ਭਾਖੜਾ ਨਹਿਰ ਵਿਚ ਡੁੱਬਣ ਕਾਰਨ ਮੌਤ ਹੋ ਗਈ ਸੀ, ਜਿਸ ਪਿੱਛੋਂ ਹਸ਼ਨਪ੍ਰੀਤ ਹੀ ਆਪਣੀ ਮਾਂ ਦਾ ਸਹਾਰਾ ਸੀ। ਰਿਸ਼ਤੇਦਾਰਾਂ ਤੇ ਪਿੰਡ ਵਾਸੀਆਂ ਨੇ ਕੇਂਦਰ ਸਰਕਾਰ ਤੋਂ ਮੰਗ ਕੀਤੀ ਹੈ ਕਿ ਹਸ਼ਨਪ੍ਰੀਤ ਦੀ ਲਾਸ਼ ਪੰਜਾਬ ਲਿਆਉਣ ਵਿਚ ਪੀੜਤ ਪਰਿਵਾਰ ਦੀ ਮਦਦ ਕੀਤੀ ਜਾਵੇ।

## ਬਾਇਡਨ ਵੱਲੋਂ ਭਾਰਤੀ-ਅਮਰੀਕੀ ਸ਼ਮੀਨਾ ਸਿੰਘ ਰਾਸ਼ਟਰਪਤੀ ਨਿਰਯਾਤ ਕੌਂਸਲ 'ਚ ਨਿਯੁਕਤ

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕਾ ਦੇ ਰਾਸ਼ਟਰਪਤੀ ਜੋਅ ਬਾਇਡਨ ਨੇ ਭਾਰਤੀ ਮੂਲ ਦੀ ਸ਼ਮੀਨਾ ਸਿੰਘ ਨੂੰ ਰਾਸ਼ਟਰਪਤੀ ਦੀ ਨਿਰਯਾਤ ਕੌਂਸਲ ਵਿਚ ਨਿਯੁਕਤ ਕਰਨ ਦਾ ਐਲਾਨ ਕੀਤਾ ਹੈ। ਕੌਂਸਲ ਅੰਤਰਰਾਸ਼ਟਰੀ ਵਪਾਰ 'ਤੇ ਪ੍ਰਮੁੱਖ ਰਾਸ਼ਟਰੀ ਸਲਾਹਕਾਰ ਸੰਸਥਾ ਵਜੋਂ ਕੰਮ ਕਰਦੀ ਹੈ। ਸ਼ਮੀਨਾ ਸਿੰਘ ਮਾਸਟਰਕਾਰਡ ਸੈਂਟਰ ਫਾਰ ਇਨਕਲੂਸਿਵ ਗਰੋਥ ਦੀ ਸੰਸਥਾਪਕ ਅਤੇ ਚੇਅਰਪਰਸਨ ਹੈ।



# ਕੈਲੀਫੋਰਨੀਆ ਅਸੈਂਬਲੀ ਵੱਲੋਂ ਭਾਰਤ 'ਚ ਹੋਈ ਸਿੱਖ ਨਸਲਕੁਸ਼ੀ ਦੇ ਵਿਰੋਧ 'ਚ ਬਿੱਲ ਪਾਸ

**ਸੈਕਰਾਮੈਂਟੋ, (ਪੰਜਾਬ ਮੇਲ)-** ਕੈਲੀਫੋਰਨੀਆ ਦੀ ਅਸੈਂਬਲੀ ਵੱਲੋਂ ਭਾਰਤ ਵਿਚ ਹੋਈ ਸਿੱਖ ਨਸਲਕੁਸ਼ੀ ਦੇ ਵਿਰੋਧ ਵਿਚ ਇੱਕ ਬਿੱਲ AJR 2 ਪਾਸ ਕਰ ਦਿੱਤਾ ਗਿਆ ਹੈ। ਕੈਲੀਫੋਰਨੀਆ ਨੂੰ ਪ੍ਰਤੀਨਿਧਤਾ ਕਰਦੀ ਅਮਰੀਕਾ ਦੀ ਪਹਿਲੀ ਸਿੱਖ ਅਸੈਂਬਲੀ ਮੈਂਬਰ ਡਾ. ਜਸਮੀਤ ਕੌਰ ਬੈਂਸ ਵੱਲੋਂ ਪੇਸ਼ ਕੀਤੇ ਗਏ ਇਸ ਬਿੱਲ ਨੂੰ 100 ਫੀਸਦੀ ਅਸੈਂਬਲੀ ਮੈਂਬਰਾਂ ਨੇ ਆਪਣੀਆਂ ਵੋਟਾਂ ਪਾ ਕੇ ਮਾਨਤਾ ਦਿੱਤੀ। ਇਸ ਬਿੱਲ ਦੇ ਕੋ-ਆਰਥਰ ਕਾਰਲੋਸ ਵਿਲਾਪੁਡੁਆ ਸਮੇਤ ਹੋਰ ਵੀ ਬਹੁਤ ਸਾਰੇ ਅਸੈਂਬਲੀ ਮੈਂਬਰ ਸਨ। ਹਿੰਦੂ ਅਸੈਂਬਲੀ ਮੈਂਬਰ ਐਸ਼ ਕਾਲੜਾ ਨੇ ਵੀ ਇਸ ਬਿੱਲ ਦੇ ਹੱਕ ਵਿਚ ਆਪਣੀ ਵੋਟ ਦਾ ਇਸਤੇਮਾਲ ਕੀਤਾ। ਇਸ ਮੌਕੇ ਭਾਰੀ ਗਿਣਤੀ ਵਿਚ ਸਿੱਖ ਭਾਈਚਾਰਾ ਅਸੈਂਬਲੀ ਹਾਲ ਵਿਚ ਹਾਜ਼ਰ ਸੀ। ਇਸ ਦੌਰਾਨ ਅਸੈਂਬਲੀ ਮੈਂਬਰ ਡਾ. ਜਸਮੀਤ ਕੌਰ ਬੈਂਸ ਨੇ ਬੋਲਦਿਆਂ ਕਿਹਾ ਕਿ 1984 ਵਿਚ ਭਾਰਤ ਵਿਚ ਹੋਈ ਸਿੱਖ ਨਸਲਕੁਸ਼ੀ ਦੌਰਾਨ ਸਿੱਖਾਂ 'ਤੇ ਹਮਲੇ ਕੀਤੇ ਗਏ। ਉਨ੍ਹਾਂ ਨੂੰ ਜਿਉਂਦਿਆਂ ਅੱਗਾਂ ਲਾ ਕੇ ਮਾਰ ਦਿੱਤਾ ਗਿਆ। ਨਵੰਬਰ 1984 ਵਿਚ 3 ਦਿਨਾਂ ਵਿਚ 30 ਹਜ਼ਾਰ ਤੋਂ ਵੱਧ ਸਿੱਖਾਂ ਦਾ ਕਤਲ ਕੀਤਾ ਗਿਆ। ਇਸ ਨਸਲਕੁਸ਼ੀ ਦੌਰਾਨ ਸਿੱਖਾਂ ਦੇ ਘਰਾਂ, ਕਾਰੋਬਾਰਾਂ, ਗੁਰਦੁਆਰਿਆਂ ਨੂੰ ਨਸਲਕੁਸ਼ੀ ਦੌਰਾਨ ਲੁੱਟਿਆ ਗਿਆ ਜਾਂ ਨਸ਼ਟ ਕਰ ਦਿੱਤਾ ਗਿਆ। ਨਵੀਂ ਦਿੱਲੀ ਦੀ ਵਿਧਵਾ ਕਾਲੋਨੀ ਵਿਚ ਅਜੇ ਵੀ ਸਿੱਖ ਔਰਤਾਂ ਹਨ, ਜਿਨ੍ਹਾਂ 'ਤੇ ਹਮਲੇ ਕੀਤੇ ਗਏ ਅਤੇ ਤਸੀਹੇ ਦਿੱਤੇ ਗਏ ਸਨ। ਇਹ ਔਰਤਾਂ ਅਜੇ ਵੀ ਦੋਸ਼ੀਆਂ ਵਿਰੁੱਧ ਇਨਸਾਫ ਦੀ ਮੰਗ ਕਰ ਰਹੀਆਂ ਹਨ। ਡਾ. ਜਸਮੀਤ ਕੌਰ ਬੈਂਸ ਨੇ ਕਿਹਾ ਕਿ ਅਮਰੀਕਾ ਵਿਚ ਸਿੱਖ ਭਾਈਚਾਰਾ ਨਸਲਕੁਸ਼ੀ ਦੇ ਸਰੀਰਕ ਅਤੇ ਮਨੋਵਿਗਿਆਨਕ ਸਦਮੇ ਤੋਂ ਉਭਰਿਆ ਨਹੀਂ ਹੈ ਅਤੇ ਸਿੱਖ ਵਿਰੋਧੀ ਨਸਲਕੁਸ਼ੀ ਨੂੰ ਕਦੇ ਭੁਲਾਇਆ ਨਹੀਂ ਜਾ ਸਕਦਾ।

ਇਸ ਬਿੱਲ ਨੂੰ ਅਮਰੀਕੀ ਕਾਂਗਰਸ ਵੱਲੋਂ ਵੀ ਪੇਸ਼ ਕੀਤਾ ਜਾਵੇਗਾ। ਹੁਣ ਇਹ ਬਿੱਲ ਪੂਰਨ ਰੂਪ ਵਿਚ ਪਾਸ ਹੋਣ ਲਈ ਗਵਰਨਰ ਕੋਲ ਦਸਤਖਤ ਲਈ ਭੇਜਿਆ ਜਾਵੇਗਾ, ਤਾਂ ਜੋ ਇਸ ਨੂੰ ਅਧਿਕਾਰਤ ਤੌਰ 'ਤੇ ਬਿੱਲ ਵਜੋਂ ਮਾਨਤਾ ਦਿੱਤੀ ਜਾ ਸਕੇ।

ਇਸ ਮੌਕੇ ਭਾਰੀ ਗਿਣਤੀ ਵਿਚ ਸਿੱਖ ਮੈਂਬਰ ਵੀ ਅਸੈਂਬਲੀ ਵਿਚ ਹਾਜ਼ਰ ਸਨ, ਜਿਨ੍ਹਾਂ ਵਿਚ ਸਿੱਖ ਕਾਕਸ ਕਮੇਟੀ ਦੇ ਕੋਆਰਡੀਨੇਟਰ ਡਾ. ਪ੍ਰਿਤਪਾਲ ਸਿੰਘ, ਸਟਾਕਟਨ ਗੁਰਦੁਆਰਾ ਸਾਹਿਬ ਸਮੇਤ ਹੋਰ ਵੀ ਵੱਖ-ਵੱਖ ਗੁਰੂ ਘਰਾਂ ਦੇ ਆਗੂ ਸ਼ਾਮਲ ਸਨ। ਇਨ੍ਹਾਂ ਆਗੂਆਂ ਨੇ ਇਸ ਬਿੱਲ ਦੇ ਪਾਸ ਹੋਣ 'ਤੇ ਵਧਾਈ ਦਿੱਤੀ ਹੈ ਅਤੇ ਅਸੈਂਬਲੀ ਮੈਂਬਰ ਡਾ. ਜਸਮੀਤ ਕੌਰ ਬੈਂਸ ਦਾ ਧੰਨਵਾਦ ਕੀਤਾ ਹੈ।

**ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ : www.punjabmailusa.com**





EXPO
FURNITURE
Gallery
FALL SAVINGS
PRICES ARE FALLING!
SAVE UP TO
70%
OFF IN STORE
7310 Home Leisure Plaza
Sacramento, CA 95823
(916) 392-3233
11415 Folsom Blvd. STE #105
Rancho Cordova, CA 95742
(916) 635-3976
Promotion does not apply to previous purchases. 0% Financing available on approved credit - see store for details. "Up to 70% Off" items are available in-store only and are limited in quantity. They will be sold on a first come, first serve basis and may include floor model items, discontinued items and slightly imperfect items. Although every precaution is taken, errors in pricing/description may occur. We reserve the right to correct any such errors.

# ਸਿਆਟਲ ਵਿਚ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਪ੍ਰਕਾਸ਼ ਪੁਰਬ ਤੇ ਭਾਈ ਤਾਰੂ ਸਿੰਘ ਜੀ ਦਾ ਸ਼ਹੀਦੀ ਦਿਵਸ ਮਨਾਇਆ



**ਸਿਆਟਲ, (ਗੁਰਚਰਨ ਸਿੰਘ ਢਿੱਲੋਂ/ਪੰਜਾਬ ਮੇਲ)**- ਸਿਆਟਲ ਦੇ ਗੁਰਦੁਆਰਾ ਸੱਚਾ ਮਾਰਗ ਔਬਰਨ ਵਿਚ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪੈਣ ਉਪਰੰਤ ਧਾਰਮਿਕ ਦੀਵਾਨ ਸਜਾਏ ਗਏ, ਜਿੱਥੇ ਭਾਈ ਕੁਲਵਿੰਦਰ ਸਿੰਘ ਤੇ ਭਾਈ ਗੁਰਬਚਨ ਸਿੰਘ ਦੇ ਕੀਰਤਨੀ ਜੱਥੇ ਨੇ ਰਸਭਿੰਨਾ ਕੀਰਤਨ ਕਰਕੇ ਗੁਰੂ ਦਾ ਜਸ ਗਾਇਨ ਕੀਤਾ। ਭਾਈ ਹਰਸ਼ਿੰਦਰ ਸਿੰਘ ਸੰਧੂ ਨੇ ਸਟੇਜ ਤੋਂ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਪ੍ਰਕਾਸ਼ ਪੁਰਬ ਦੀਆਂ ਵਧਾਈਆਂ ਦਿੱਤੀਆਂ ਅਤੇ ਭਾਈ ਤਾਰੂ ਸਿੰਘ ਜੀ ਦੀ ਸ਼ਹੀਦੀ ਬਾਰੇ ਚਾਨਣਾ ਪਾਇਆ। ਭਾਈ ਤਾਰੂ ਸਿੰਘ ਜੀ ਨੂੰ ਲਾਹੌਰ ਵਿਚ ਮੁਗਲਾਂ ਦੇ ਜ਼ੁਲਮ ਦਾ ਵਿਰੋਧ ਕਰਦਿਆਂ ਸੀਸ ਕੱਟ ਦਿੱਤਾ। ਭਾਈ ਤਾਰੂ ਸਿੰਘ ਜੀ ਸੀਸ ਕੱਟਣ ਤੋਂ 21 ਦਿਨ ਬਾਅਦ ਵੀ ਜ਼ਾਲਮਾਂ ਨਾਲ ਲੜਦੇ ਰਹੇ ਅਤੇ ਕੌਮ ਦੇ ਮਹਾਨ ਸ਼ਹੀਦ ਐਲਾਨੇ ਗਏ। ਭਾਈ ਮੋਹਣ ਸਿੰਘ ਹੈੱਡ ਗ੍ਰੰਥ ਨੇ ਸਰਬੱਤ ਦੇ ਭਲੇ ਲਈ ਤੇ ਪੰਜਾਬ ਵਿਚ ਹੜ੍ਹ ਪੀੜਤਾਂ ਦੀ ਭਲਾਈ ਲਈ ਅਰਦਾਸ ਕੀਤੀ। ਹੜ੍ਹ ਪੀੜਤਾਂ ਲਈ ਸੰਗਤ ਨੇ ਯੂਨਾਈਟਿਡ ਸਿੱਖ ਸੰਸਥਾ ਵਿਚ ਵੱਡਾ ਯੋਗਦਾਨ ਪਾਇਆ।



**ਯੂਨਾਈਟਿਡ ਸਿੱਖ ਸੰਗਤਾਂ ਦੇ ਮੈਂਬਰ ਹੜ੍ਹ ਪੀੜਤਾਂ ਦੀ ਮਦਦ ਲਈ ਫੰਡ ਇਕੱਤਰ ਕਰਦੇ ਸਮੇਂ।**

# ਗੁਰੂਮਿਲਾਪ ਸੰਸਥਾ ਵੱਲੋਂ ਗੁਰਦਵਾਰਾ ਸਿੰਘ ਸਭਾ ਵਿਖੇ ਸਾਲਾਨਾ ਸਮਾਗਮ



**ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)**- ਗੁਰੂਮਿਲਾਪ ਸੰਸਥਾ ਜਿਹੜੀ ਸਿੱਖੀ ਸਿੱਖਿਆ ਗੁਰ ਵਿਚਾਰ ਦੇ ਸਲੋਗਨ ਹੇਠ ਰਾਜਸਥਾਨ ਦੇ ਅਲਵਰ ਵਿਖੇ ਗਰੀਬ ਸਾਬਤ ਸੂਰਤ ਸਿੱਖ ਬੱਚਿਆਂ ਲਈ ਸਕੂਲ ਚਲਾ ਕੇ ਪੂਰੀ ਤਰ੍ਹਾਂ ਮੁਫ਼ਤ ਵਿੱਦਿਆ ਮੁਹੱਈਆ ਕਰਵਾ ਰਹੀ ਹੈ। ਇਨ੍ਹਾਂ ਵੱਲੋਂ ਵਿੱਦਿਆ ਦਾ ਚਾਨਣ ਵੰਡਣ ਲਈ, ਸੰਗਤ ਨੂੰ ਸੰਸਥਾ ਦੇ ਕੰਮਾਂ ਤੋਂ ਜਾਣੂ ਕਰਵਾਉਣ ਲਈ ਸਾਲਾਨਾ ਕੀਰਤਨ ਦਰਬਾਰ ਗੁਰਦੁਆਰਾ ਸਿੰਘ ਸਭਾ ਵਿਖੇ 9 ਜੁਲਾਈ, ਦਿਨ ਐਤਵਾਰ ਨੂੰ ਕਰਵਾਇਆ ਗਿਆ, ਜਿੱਥੇ ਸੰਸਥਾ ਦੇ ਮੋਢੀ ਸ. ਜਗਦੀਸ਼ ਸਿੰਘ ਨੇ ਦੱਸਿਆ ਕਿ ਅਗਰ ਸੰਗਤ ਦੇ ਵਿਚੋਂ ਕੋਈ ਬੱਚਾ ਗੋਦ ਲੈ ਕੇ ਪੜ੍ਹਾਉਣਾ ਚਾਹੇ, ਤਾਂ ਮਹੀਨੇ ਦੀ ਫੀਸ 20 ਡਾਲਰ ਦੇ ਕੇ ਸੇਵਾ ਲੈ ਸਕਦਾ ਹੈ। ਅਗਰ ਇੰਡੀਆ ਤੋਂ ਕਿਸੇ ਨੇ ਸੇਵਾ ਲੈਣੀ ਹੋਵੇ ਤਾਂ 1600 ਰੁਪਏ ਪ੍ਰਤੀ ਮਹੀਨਾ ਆਪਣੇ ਦਸਵੰਧ ਵਿਚੋਂ ਕੱਢਕੇ ਸੇਵਾ ਲੈ ਸਕਦਾ ਹੈ। ਇਸੇ ਤਰੀਕੇ ਅਲਵਰ ਦੇ ਸਕੂਲ ਦੇ ਵਿਚ ਤਕਰੀਬਨ 300 ਤੋਂ ਜ਼ਿਆਦਾ ਬੱਚੇ ਪੜ੍ਹਦੇ ਹਨ ਅਤੇ ਤਕਰੀਬਨ 25 ਤੋਂ ਜ਼ਿਆਦਾ ਸਟਾਫ ਦੇ ਮੈਂਬਰ ਨੇ। ਇੱਥੇ ਬੱਚਿਆਂ ਲਈ ਲੰਚ ਦਾ ਵੀ ਮੁਫਤ ਪ੍ਰਬੰਧ ਹੈ। ਅਗਰ ਲੰਚ ਦੀ ਸੇਵਾ ਲੈਣੀ ਹੋਵੇ, ਤਾਂ ਮਹੀਨੇ ਦੀ ਸੇਵਾ ਤਕਰੀਬਨ 1300 ਡਾਲਰ ਦੇ ਕੇ ਲੈ ਸਕਦਾ ਹੈ। ਇਸ ਮੌਕੇ ਜਿੱਥੇ ਗੁਰੂ ਘਰ ਦੇ ਕੀਰਤਨੀਏ ਭਾਈ ਸਰਬਜੀਤ ਸਿੰਘ ਦੇ ਜਥੇ ਨੇ ਕੀਰਤਨ ਕੀਤਾ, ਉਥੇ ਗੁਰਦੁਆਰਾ ਸਹਿਬ ਦੇ ਸੈਕਟਰੀ ਭਾਈ ਗੁਰਪ੍ਰੀਤ ਸਿੰਘ ਮਾਨ ਅਤੇ ਗੁਰੂਘਰ ਦੇ ਮੁੱਖ ਸੇਵਾਦਾਰ ਭਾਈ ਮਲਕੀਤ ਸਿੰਘ ਕਰਨਾਲ ਨੇ ਵੀ ਸੰਗਤਾਂ ਨੂੰ ਗੁਰੂਮਿਲਾਪ ਸੰਸਥਾਂ ਦੀਆਂ ਪ੍ਰਾਪਤੀਆਂ ਤੋਂ ਸੰਗਤ ਨੂੰ ਜਾਣੂ ਕਰਵਾਇਆ। ਪੀ.ਸੀ.ਏ. ਮੈਂਬਰ ਗੁਰਨੇਕ ਸਿੰਘ ਬਾਗੜੀ ਨੇ ਵੀ ਆਪਣੇ ਤਜ਼ਰਬੇ ਵਿਚੋਂ ਗੁਰਮਿਲਾਪ ਸੰਸਥਾ ਦੇ ਸੰਬੰਧ ਵਿਚ ਆਪਣੇ ਵਿਚਾਰ ਰੱਖੇ। ਇਸ ਤੋਂ ਬਿਨਾ ਪ੍ਰਕਾਸ਼ ਸਿੰਘ ਪ੍ਰੇਮੀ, ਬੀਬੀ ਕੁਲਵੰਤ ਕੌਰ, ਬੀਬੀ ਕਮਲਪ੍ਰੀਤ ਕੌਰ, ਭਾਈ ਹਰਵਿੰਦਰ ਸਿੰਘ ਆਦਿ ਨੇ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ ਅਤੇ ਪੰਥ ਦੇ ਮਹਾਨ ਕੀਰਤਨੀਏ ਭਾਈ ਓਂਕਾਰ ਸਿੰਘ ਨੇ ਗੁਰਬਾਣੀ ਦਾ ਕੀਰਤਨ ਕਰਕੇ ਸਪੈਸ਼ਲ ਹਾਜ਼ਰੀ ਭਰੀ।



**ਕੀਰਤਨੀ ਜੱਥੇ।**






# ਵਿਸ਼ਵ ਗੱਤਕਾ ਫੈਡਰੇਸ਼ਨ ਦਾ ਟੀਚਾ ਗੱਤਕੇ ਨੂੰ ਓਲੰਪਿਕ ਖੇਡਾਂ 'ਚ ਸ਼ਾਮਲ ਕਰਵਾਉਣਾ : ਹਰਜੀਤ ਗਰੇਵਾਲ

**■ ਗੱਤਕੇ ਦੀ ਪ੍ਰਫੁੱਲਤਾ ਲਈ ਹਰਜੀਤ ਗਰੇਵਾਲ ਤੇ ਦੀਪ ਸਿੰਘ ਦਾ ਅਮਰੀਕਾ 'ਚ ਸਨਮਾਨ**



ਭਾਈ ਮੁਖਤਿਆਰ ਸਿੰਘ ਮੁਖੀ, ਬਾਬਾ ਮਨਮੋਹਨ ਸਿੰਘ ਬਾਰਨ ਤੇ ਹੋਰ ਮੋਹਤਬਰ ਇੰਡੀਆਨਾ ਵਿਖੇ ਹਰਜੀਤ ਸਿੰਘ ਗਰੇਵਾਲ ਤੇ ਡਾ. ਦੀਪ ਸਿੰਘ ਨੂੰ ਸਨਮਾਨਿਤ ਕਰਦੇ ਹੋਏ।

**ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)**- ਵਿਸ਼ਵ ਗੱਤਕਾ ਫੈਡਰੇਸ਼ਨ ਅਤੇ ਨੈਸ਼ਨਲ ਗੱਤਕਾ ਐਸੋਸੀਏਸ਼ਨ ਆਫ਼ ਇੰਡੀਆ ਵੱਲੋਂ ਗੱਤਕੇ ਨੂੰ ਭਾਰਤ ਦੀਆਂ ਵੱਕਾਰੀ ਨੈਸ਼ਨਲ ਖੇਡਾਂ ਵਿਚ ਸ਼ਾਮਲ ਕਰਾਉਣ ਪਿੱਛੋਂ ਹੁਣ ਅਗਲਾ ਟੀਚਾ ਪੜਾਅਵਾਰ ਏਸ਼ੀਆਈ ਖੇਡਾਂ, ਕਾਮਨਵੈਲਥ ਖੇਡਾਂ ਤੇ ਓਲੰਪਿਕ ਖੇਡਾਂ ਵਿਚ ਸ਼ਾਮਲ ਕਰਵਾਉਣਾ ਹੈ। ਇਸ ਤੋਂ ਇਲਾਵਾ ਗੱਤਕਾ ਆਫੀਸ਼ੀਅਲਾਂ ਨੂੰ ਢੁੱਕਵੀਂ ਸਿਖਲਾਈ ਦੇਣ ਤੇ ਵਿਗਿਆਨਿਕ ਖੋਜਾਂ ਲਈ ਉਨ੍ਹਾਂ ਵੱਲੋਂ ਕੌਮਾਂਤਰੀ ਪੱਧਰ ਦੀ ਇੱਕ ਬਿਹਤਰੀਨ ਗੱਤਕਾ ਟ੍ਰੇਨਿੰਗ ਤੇ ਰਿਸਰਚ ਅਕੈਡਮੀ ਸਥਾਪਿਤ ਕਰਨ ਦੀ ਯੋਜਨਾ ਵੀ ਹੈ। ਗੱਤਕਾ ਖੇਡ ਦੀ ਪ੍ਰਫੁੱਲਤਾ ਲਈ ਆਪਣੇ ਵਿਸ਼ਵ ਦੌਰੇ ਦੌਰਾਨ ਅਮਰੀਕਾ ਪੁੱਜੇ ਵਿਸ਼ਵ ਗੱਤਕਾ ਫੈਡਰੇਸ਼ਨ ਦੇ ਪ੍ਰਧਾਨ ਸ. ਹਰਜੀਤ ਸਿੰਘ ਗਰੇਵਾਲ ਨੇ ਇਹ ਐਲਾਨ ਗੁਰਦੁਆਰਾ ਸਾਹਿਬ ਸ਼ਹੀਦ ਅਕਾਲੀ ਬਾਬਾ ਫੂਲਾ ਸਿੰਘ ਜੀ, ਪਲੇਨਫੀਲਡ, ਇੰਡਿਆਨਾ ਵਿਖੇ ਇੱਕ ਮੀਟਿੰਗ ਦੌਰਾਨ ਕੀਤਾ, ਜਿਸ ਵਿਚ ਹੋਰਨਾਂ ਤੋਂ ਇਲਾਵਾ ਵਿਸ਼ਵ ਗੱਤਕਾ ਫੈਡਰੇਸ਼ਨ ਦੇ ਜਨਰਲ ਸਕੱਤਰ ਡਾ. ਦੀਪ ਸਿੰਘ ਅਤੇ ਭਾਈ ਮੁਖਤਿਆਰ ਸਿੰਘ ਮੁਖੀ ਟੋਡਰਵਾਲ, ਬਾਬਾ ਮਨਮੋਹਨ ਸਿੰਘ ਬਾਰਨ, ਪਟਿਆਲਾ, ਸ. ਅਮਰਦੀਪ ਸਿੰਘ, ਚੇਅਰਮੈਨ ਗੁਰਦੁਆਰਾ ਸ੍ਰੀ ਹਰਗੋਬਿੰਦ ਸਾਹਿਬ, ਗ੍ਰੀਨਵੁੱਡ, ਇੰਡੀਆਨਾ, ਯੂ.ਐੱਸ.ਏ. ਅਤੇ ਸ. ਸਿਮਰਨਜੀਤ ਸਿੰਘ ਵੀ ਹਾਜ਼ਰ ਸਨ। ਇਸ ਮੌਕੇ ਉਕਤ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਵੱਲੋਂ ਹਰਜੀਤ ਸਿੰਘ ਗਰੇਵਾਲ ਅਤੇ ਡਾ. ਦੀਪ ਸਿੰਘ ਨੂੰ ਗੱਤਕੇ ਨੂੰ ਕੌਮੀ ਪੱਧਰ 'ਤੇ ਮਾਨਤਾ ਦਿਵਾਉਣ ਅਤੇ ਅਣਥੱਕ ਸੇਵਾਵਾਂ ਨਿਭਾਉਣ ਬਦਲੇ ਸਨਮਾਨਿਤ ਵੀ ਕੀਤਾ ਗਿਆ। ਗੱਲਬਾਤ ਦੌਰਾਨ ਉਨ੍ਹਾਂ ਦੱਸਿਆ ਕਿ ਮਈ ਮਹੀਨੇ ਨੈਸ਼ਨਲ ਗੱਤਕਾ ਐਸੋਸੀਏਸ਼ਨ ਦੇ ਉੱਦਮ ਸਦਕਾ ਭਾਰਤੀ ਓਲੰਪਿਕ ਐਸੋਸੀਏਸ਼ਨ ਵੱਲੋਂ ਗੱਤਕੇ ਨੂੰ ਬਤੌਰ ਖੇਡ ਵਜੋਂ ਮਾਨਤਾ ਦਿੰਦਿਆਂ 37ਵੀਆਂ ਨੈਸ਼ਨਲ ਖੇਡਾਂ 'ਚ ਸ਼ਾਮਲ ਕੀਤਾ ਗਿਆ ਹੈ। ਇਸ ਤੋਂ ਪਹਿਲਾਂ ਉਨ੍ਹਾਂ ਵੱਲੋਂ ਗੱਤਕਾ ਖੇਡ ਨੂੰ ਖੇਲੋ ਇੰਡੀਆ ਯੁਵਾ ਖੇਡਾਂ, ਆਲ ਇੰਡੀਆ ਅੰਤਰ ਯੂਨੀਵਰਸਿਟੀ ਖੇਡਾਂ ਅਤੇ ਰਾਸ਼ਟਰੀ ਸਕੂਲ ਖੇਡਾਂ ਵਿਚ ਵੀ ਸ਼ਾਮਲ ਕਰਵਾਇਆ ਜਾ ਚੁੱਕਾ ਹੈ। ਗੱਤਕਾ ਪ੍ਰਮੋਟਰ ਸ. ਗਰੇਵਾਲ, ਜੋ ਕਿ ਨੈਸ਼ਨਲ ਗੱਤਕਾ ਐਸੋਸੀਏਸ਼ਨ ਦੇ ਪ੍ਰਧਾਨ ਵੀ ਹਨ, ਨੇ ਦੱਸਿਆ ਕਿ ਗੱਤਕੇ ਨੂੰ ਪੰਜਾਬ ਸਪੋਰਟਸ ਗ੍ਰੇਡੇਸ਼ਨ ਸੂਚੀ 'ਚ ਸ਼ਾਮਲ ਕਰਾਉਣ ਸਦਕਾ ਗੱਤਕਾ ਖਿਡਾਰੀ ਵੀ ਸਰਕਾਰੀ ਨੌਕਰੀਆਂ 'ਚ ਭਰਤੀ ਹੋਣ ਸਮੇਂ ਅਤੇ ਵਿੱਦਿਅਕ ਅਦਾਰਿਆਂ ਵਿਚ ਦਾਖਲੇ ਵੇਲੇ 3 ਫ਼ੀਸਦੀ ਖੇਡ ਕੋਟੇ ਦੇ ਤਹਿਤ ਲਾਭ ਲੈਣ ਦੇ ਯੋਗ ਹੋਏ ਹਨ। ਇਸ ਤੋਂ ਇਲਾਵਾ ਛੋਟੇ ਬੱਚਿਆਂ ਦੀ ਜਾਣਕਾਰੀ ਹਿੱਤ ਸਕੂਲੀ ਸਿਲੇਬਸ ਦੀ ਪੰਜਵੀਂ ਤੇ ਦਸਵੀਂ ਜਮਾਤ ਦੀ ਪਾਠ ਪੁਸਤਕ ਵਿਚ ਗੱਤਕੇ ਬਾਰੇ ਇੱਕ ਪਾਠ (ਲੈਸਨ) ਸ਼ਾਮਲ ਕਰਵਾਇਆ ਹੈ।

ਉਨ੍ਹਾਂ ਦੱਸਿਆ ਕਿ ਇਸ ਦੌਰੇ ਦੌਰਾਨ ਵੱਖ-ਵੱਖ ਮੁਲਕਾਂ ਅਤੇ ਸਟੇਟਾਂ ਵਿਚ ਗੱਤਕਾ ਅਖਾੜਿਆਂ ਅਤੇ ਗੁਰੂ ਘਰਾਂ ਦੇ ਪ੍ਰਬੰਧਕਾਂ ਨਾਲ ਮੀਟਿੰਗਾਂ ਦਾ ਸਿਲਸਿਲਾ ਜਾਰੀ ਹੈ, ਤਾਂ ਜੋ ਗੱਤਕੇ ਦਾ ਕੌਮਾਂਤਰੀ ਪੱਧਰ 'ਤੇ ਢੁੱਕਵਾਂ ਪ੍ਰਚਾਰ ਅਤੇ ਪਸਾਰ ਕਰਦੇ ਹੋਏ ਵੱਧ ਤੋਂ ਵੱਧ ਜਾਗਰੂਕਤਾ ਫੈਲਾਈ ਜਾ ਸਕੇ।

ਇਸ ਮੌਕੇ ਗੱਲਬਾਤ ਕਰਦਿਆਂ ਵਿਸ਼ਵ ਗੱਤਕਾ ਫੈਡਰੇਸ਼ਨ ਦੇ ਜਨਰਲ ਸਕੱਤਰ ਡਾ. ਦੀਪ ਸਿੰਘ ਨੇ ਖੁਲਾਸਾ ਕੀਤਾ ਕਿ ਗੱਤਕਾ ਫੈਡਰੇਸ਼ਨ ਯੂ.ਐੱਸ.ਏ. ਵੱਲੋਂ ਅਮਰੀਕਾ ਦੇ ਸਾਰੇ ਰਾਜਾਂ ਵਿਚ ਰਾਜ ਪੱਧਰੀ ਗੱਤਕਾ ਐਸੋਸੀਏਸ਼ਨਾਂ ਦਾ ਗਠਨ ਕੀਤਾ ਜਾਵੇਗਾ। ਇਸ ਤੋਂ ਇਲਾਵਾ ਵੱਖ-ਵੱਖ ਅਮਰੀਕਾ ਦੇ ਗੁਰਦੁਆਰਿਆਂ ਦੀਆਂ ਪ੍ਰਬੰਧਨ ਕਮੇਟੀਆਂ ਨਾਲ ਜੁੜ ਕੇ ਨਵੇਂ ਗੱਤਕਾ ਸਿਖਲਾਈ ਕੇਂਦਰ/ ਅਖਾੜੇ ਸ਼ੁਰੂ ਕੀਤੇ ਜਾਣਗੇ। ਇਸ ਮੌਕੇ ਸਮੂਹ ਹਾਜ਼ਰੀਨ ਨੇ ਗੱਤਕਾ ਫੈਡਰੇਸ਼ਨ ਅਮਰੀਕਾ ਨੂੰ ਹਰ ਪੱਖੋਂ ਸਹਿਯੋਗ ਦੇਣ ਦਾ ਭਰੋਸਾ ਵੀ ਦਿੱਤਾ।

# ਗ਼ਦਰੀ ਬਾਬਿਆਂ ਦੀ ਯਾਦ 'ਚ 27ਵਾਂ ਯਾਦਗਾਰੀ ਮੇਲਾ 6 ਅਗਸਤ ਨੂੰ

**ਸਰੀ, (ਹਰਦਮ ਮਾਨ/ਪੰਜਾਬ ਮੇਲ)**- ਪ੍ਰੋਫੈਸਰ ਮੋਹਨ ਸਿੰਘ ਮੈਮੋਰੀਅਲ ਫਾਊਂਡੇਸ਼ਨ (ਕੈਨੇਡਾ) ਵੱਲੋਂ ਗ਼ਦਰੀ ਬਾਬਿਆਂ ਦੀ ਯਾਦ ਵਿਚ 27ਵਾਂ ਯਾਦਗਾਰੀ ਸਾਲਾਨਾ ਮੇਲਾ 6 ਅਗਸਤ 2023 ਨੂੰ ਬੇਅਰ ਕਰੀਕ ਪਾਰਕ ਸਰੀ (ਬੀ.ਸੀ.) ਵਿਖੇ ਕਰਵਾਇਆ ਜਾ ਰਿਹਾ ਹੈ। ਇਹ ਜਾਣਕਾਰੀ ਦਿੰਦੇ ਹੋਏ ਮੇਲੇ ਦੇ ਮੁੱਖ ਪ੍ਰਬੰਧਕ ਸਾਹਿਬ ਸਿੰਘ ਥਿੰਦ ਨੇ ਦੱਸਿਆ ਹੈ ਕਿ ਇਸ ਵਾਰ ਇਹ ਮੇਲਾ ਸ. ਅਜੀਤ ਸਿੰਘ (ਸ਼ਹੀਦ ਭਗਤ ਸਿੰਘ ਦੇ ਚਾਚਾ ਜੀ) ਅਤੇ ਕਾਮਾਗਾਟਾਮਾਰੂ ਜਹਾਜ਼ ਦੇ ਵਕੀਲ ਜੋਸਫ਼ ਐਡਵਰਡ ਬਰਡ ਨੂੰ ਸਮਰਪਿਤ ਹੋਵੇਗਾ। ਇਸ ਮੇਲੇ ਵਿਚ ਕਈ ਪੰਜਾਬੀ ਗਾਇਕ ਆਪਣੀ ਕਲਾ ਰਾਹੀਂ ਕਾਮਾਗਾਟਾਮਾਰੂ ਦੇ ਯੋਧਿਆਂ ਨੂੰ ਸਜਦਾ ਕਰਨਗੇ ਅਤੇ ਸਰੋਤਿਆਂ ਦਾ ਮਨੋਰੰਜਨ ਕਰਨਗੇ। ਮੇਲੇ ਵਿਚ ਸ਼ਾਮਲ ਹੋਣ ਲਈ ਦਾਖ਼ਲਾ ਮੁਫ਼ਤ ਹੈ। ਇਸ ਸੰਬੰਧੀ ਹੋਰ ਜਾਣਕਾਰੀ ਲਈ ਸਾਹਿਬ ਸਿੰਘ ਥਿੰਦ ਨਾਲ ਫੋਨ ਨੰਬਰ 604-751-6267 'ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਲੂਸਿਆਨਾ ਅਦਾਲਤ ਵੱਲੋਂ ਕੈਥੋਲਿਕ ਪਾਦਰੀ ਨੂੰ ਬਦਫੈਲੀ ਦੇ ਮਾਮਲਿਆਂ 'ਚ 25 ਸਾਲ ਦੀ ਕੈਦ



ਸਟੀਫਨ ਸੌਰ

**ਸੈਕਰਾਮੈਂਟੋ, (ਪੰਜਾਬ ਮੇਲ)**- ਲੂਸਿਆਨਾ 'ਚ ਇਕ ਸਾਬਕਾ ਕੈਥੋਲਿਕ ਪਾਦਰੀ ਨੂੰ ਅਦਾਲਤ ਵੱਲੋਂ ਬਦਫੈਲੀ ਦੇ ਮਾਮਲਿਆਂ 'ਚ 25 ਸਾਲ ਦੀ ਕੈਦ ਸੁਣਾਈ ਗਈ ਹੈ। ਸਰਕਾਰੀ ਵਕੀਲ ਅਨੁਸਾਰ 61 ਸਾਲਾ ਪਾਦਰੀ ਸਟੀਫਨ ਸੌਰ ਉਪਰ ਦੋਸ਼ ਸਨ ਕਿ ਉਸ ਨੇ ਨਿਊ ਓਰਲੀਨਜ ਫਰੈਂਚ ਕੁਆਰਟਰ 'ਚ 17 ਵਿਅਕਤੀਆਂ ਨੂੰ ਨਸ਼ਾ ਦੇਣ ਤੋਂ ਬਾਅਦ ਉਨ੍ਹਾਂ ਨਾਲ ਬਦਫੈਲੀ ਕੀਤੀ। ਉਸ ਨੇ ਆਪਣੇ ਦੋਸ਼ਾਂ ਨੂੰ ਕਬੂਲ ਕਰ ਲਿਆ। ਸੌਰ ਨੇ ਮੰਨਿਆ ਕਿ ਉਹ ਉਨ੍ਹਾਂ ਵਿਅਕਤੀਆਂ ਨੂੰ ਨਿਸ਼ਾਨਾ ਬਣਾਉਂਦਾ ਸੀ, ਜੋ ਨਸ਼ੇੜੀ ਪ੍ਰਤੀਤ ਹੁੰਦੇ ਸਨ ਤੇ ਉਨ੍ਹਾਂ ਨੂੰ ਸਹਾਇਤਾ ਦੀ ਲੋੜ ਹੁੰਦੀ ਸੀ। ਜੈਫਰਸਨ ਪੈਰਿਸ਼ ਡਿਸਟ੍ਰਿਕਟ ਅਟਾਰਨੀ ਦੇ ਦਫਤਰ ਵੱਲੋਂ ਜਾਰੀ ਪ੍ਰੈੱਸ ਬਿਆਨ ਅਨੁਸਾਰ ਪਾਦਰੀ ਸਹਾਇਤਾ ਕਰਨ ਦੀ ਬਜਾਏ ਉਨ੍ਹਾਂ ਨੂੰ ਹੋਰ ਨਸ਼ਾ ਦਿੰਦਾ ਸੀ ਤੇ ਬਾਅਦ ਵਿਚ ਉਨ੍ਹਾਂ ਨਾਲ ਆਪਣੇ ਮੈਟੇਅਰੀ ਸਥਿਤ ਘਰ 'ਚ ਬਦਫੈਲੀ ਕਰਦਾ ਸੀ। ਡਿਸਟ੍ਰਿਕਟ ਅਟਾਰਨੀ ਦੇ ਦਫਤਰ ਅਨੁਸਾਰ ਸਾਬਕਾ ਪਾਦਰੀ ਨੂੰ ਬਦਫੈਲੀ ਤੇ ਡਰੱਗ ਰੱਖਣ ਦੇ 29 ਦੋਸ਼ਾਂ ਸਮੇਤ ਕੁੱਲ 46 ਦੋਸ਼ਾਂ ਵਿਚ ਦੋਸ਼ੀ ਕਰਾਰ ਦਿੱਤਾ ਗਿਆ। ਅਦਾਲਤ ਨੇ ਆਦੇਸ਼ ਦਿੱਤਾ ਕਿ ਉਸ ਦਾ ਨਾਂ ਇਕ 'ਸੈਕਸ ਗੁਨਾਹਗਾਰ' ਵਜੋਂ ਦਰਜ ਕੀਤਾ ਜਾਵੇ ਤੇ ਬਾਕੀ ਦੀ ਜ਼ਿੰਦਗੀ ਉਹ ਸੈਕਸ ਗੁਨਾਹਗਾਰ ਵਜੋਂ ਜੀਵੇਗਾ।



Designed By Punjab Mail USA

# ਚੀਨ ਤੋਂ ਹਜ਼ਾਰਾਂ ਲੋਕ ਗੈਰ-ਕਾਨੂੰਨੀ ਢੰਗ ਨਾਲ ਅਮਰੀਕਾ 'ਚ ਹੋ ਰਹੇ ਨੇ ਦਾਖਲ

**ਵਾਸ਼ਿੰਗਟਨ, (ਪੰਜਾਬ ਮੇਲ)-** ਭਾਰਤ ਤੋਂ ਬਾਅਦ ਹੁਣ ਚੀਨ ਦੇ ਲੋਕ ਵੀ ਅਮਰੀਕਾ ਵਿਚ ਢੌਂਕੀ ਲਗਾ ਕੇ ਦਾਖਲ ਹੋਣ ਦੀ ਕੋਸ਼ਿਸ਼ ਕਰ ਰਹੇ ਹਨ ਅਤੇ ਵੱਡੀ ਗਿਣਤੀ ਵਿਚ ਚੀਨ ਦੇ ਲੋਕ ਬਾਰਡਰ ਪਾਰ ਕਰਦੇ ਫੜੇ ਵੀ ਗਏ ਹਨ। ਚੀਨ ਤੋਂ ਹਜ਼ਾਰਾਂ ਲੋਕ ਰੁਜ਼ਗਾਰ ਅਤੇ ਆਜ਼ਾਦੀ ਦੀ ਭਾਲ ਵਿਚ ਗੈਰ-ਕਾਨੂੰਨੀ ਢੰਗ ਨਾਲ ਅਮਰੀਕਾ ਵਿਚ ਦਾਖਲ ਹੋ ਰਹੇ ਹਨ।

ਇਹ ਦਾਅਵਾ ਇੱਕ ਮੀਡੀਆ ਰਿਪੋਰਟ ਵਿਚ ਕੀਤਾ ਗਿਆ ਹੈ। ਇਸ ਦੇ ਮੁਤਾਬਕ- ਅਕਤੂਬਰ 2022 ਤੋਂ ਮਾਰਚ 2023 ਦਰਮਿਆਨ ਅਮਰੀਕਾ-ਮੈਕਸੀਕੋ ਸਰਹੱਦ 'ਤੇ 6500 ਚੀਨੀ ਨਾਗਰਿਕਾਂ ਨੂੰ ਗ੍ਰਿਫਤਾਰ ਕੀਤਾ ਗਿਆ ਸੀ। ਖਾਸ ਗੱਲ ਇਹ ਗੈਰ-ਕਾਨੂੰਨੀ ਢੰਗ ਨਾਲ ਅਮਰੀਕਾ 'ਚ ਦਾਖਲ ਹੋਣ ਦੀ ਕੋਸ਼ਿਸ਼ ਕਰ ਰਹੇ



ਚੀਨੀ - ਲੈਟਿਨ ਅਮਰੀਕੀ ਦੇਸ਼ਾਂ ਦਾ ਰਸਤਾ ਅਪਣਾਉਂਦੇ ਹਨ। ਇਨ੍ਹਾਂ ਦੇਸ਼ਾਂ ਵਿਚ ਉਨ੍ਹਾਂ ਨਾਲ ਬਲਾਤਕਾਰ, ਲੁੱਟ-ਖਸੁੱਟ ਅਤੇ ਕਤਲ ਦੀਆਂ ਵਾਰਦਾਤਾਂ ਅਣਗਿਣਤ ਹੈ। ਇਹ ਅੰਕੜਾ ਇਕ ਸਾਲ ਪਹਿਲਾਂ (ਅਕਤੂਬਰ 2021 ਤੋਂ ਮਾਰਚ 2022) ਨਾਲੋਂ 15 ਗੁਣਾ ਜ਼ਿਆਦਾ ਹੈ।

ਪਾਕਿਸਤਾਨ ਅਤੇ ਕਈ ਅਫਰੀਕੀ ਦੇਸ਼ਾਂ ਦੇ ਨਾਗਰਿਕ ਬਿਹਤਰ ਜ਼ਿੰਦਗੀ ਦੀ ਭਾਲ ਵਿਚ ਗੈਰ-ਕਾਨੂੰਨੀ ਤਰੀਕੇ ਨਾਲ ਯੂਰਪੀ ਦੇਸ਼ਾਂ ਵਿਚ ਦਾਖਲ ਹੋਣ ਦੀ ਕੋਸ਼ਿਸ਼ ਕਰਦੇ ਹਨ। ਪਿਛਲੇ ਮਹੀਨੇ 300 ਲੋਕਾਂ ਨੂੰ ਲੈ ਕੇ ਜਾ ਰਹੀ ਕਿਸ਼ਤੀ ਡੁੱਬ ਗਈ ਸੀ। ਜਿਸ ਵਿਚ 220 ਲੋਕ ਸਵਾਰ ਸਨ, ਜਿਨ੍ਹਾਂ ਦੇ ਮਰਨ ਦੀ ਪੁਸ਼ਟੀ ਹੋਈ ਚੁੱਕੀ ਹੈ। ਇਸ ਵਿਚ ਜ਼ਿਆਦਾਤਰ ਪਾਕਿਸਤਾਨੀ ਸਨ।

ਘਟਨਾਵਾਂ ਵਾਪਰ ਚੁੱਕੀਆਂ ਹਨ। ਚੀਨ ਦੀ ਸ਼ੀ ਜਿਨਪਿੰਗ ਸਰਕਾਰ ਭਾਵੇਂ 'ਚਾਈਨੀਜ਼ ਡਰੀਮ' ਦੇ ਦਾਅਵੇ ਕਰੇ ਪਰ ਇੱਥੋਂ ਦੇ ਲੋਕ ਹਰ ਕੀਮਤ 'ਤੇ ਦੇਸ਼ ਛੱਡ ਕੇ ਭੱਜਣਾ ਚਾਹੁੰਦੇ ਹਨ।

ਹਾਲ ਹੀ 'ਚ ਅਮਰੀਕੀ ਮੀਡੀਆ ਨੇ ਚੀਨੀ ਨਾਗਰਿਕਾਂ ਦੇ ਅਮਰੀਕੀ ਸੁਪਨੇ 'ਤੇ ਇਕ ਰਿਪੋਰਟ ਪ੍ਰਕਾਸ਼ਿਤ ਕੀਤੀ। ਚੀਨੀ ਪ੍ਰਵਾਸੀਆਂ ਦੇ ਅੰਕੜਿਆਂ 'ਤੇ ਨਜ਼ਰ ਮਾਰੀਏ ਤਾਂ ਰਿਪੋਰਟ ਦੀ ਗੱਲ ਸਹੀ ਸਾਬਤ ਹੁੰਦੀ ਹੈ। ਅਕਤੂਬਰ 2022 ਤੋਂ ਮਾਰਚ 2023 ਦਰਮਿਆਨ ਅਮਰੀਕਾ-ਮੈਕਸੀਕੋ ਸਰਹੱਦ 'ਤੇ ਹੀ 6500 ਚੀਨੀ ਨਾਗਰਿਕਾਂ ਨੂੰ ਗ੍ਰਿਫਤਾਰ ਕੀਤਾ ਗਿਆ ਸੀ। 2021-22 ਦੀ ਇਸੇ ਮਿਆਦ ਦੌਰਾਨ ਇਹ ਅੰਕੜਾ 15 ਗੁਣਾ ਘੱਟ ਸੀ।

ਹੁਣ ਚੀਨੀ ਨਾਗਰਿਕ ਵੀ ਇਸ ਖਤਰਨਾਕ ਅਤੇ ਘਾਤਕ ਰਸਤੇ 'ਤੇ ਚੱਲ ਰਹੇ ਹਨ। ਫਰਕ ਸਿਰਫ ਇਹ ਹੈ ਕਿ ਉਹ ਸੜਕੀ ਰਸਤੇ ਅਤੇ ਮੋਟੀ ਰਕਮ ਖਰਚ ਕੇ ਅਮਰੀਕਾ ਪਹੁੰਚਣਾ ਚਾਹੁੰਦੇ ਹਨ। ਚੀਨ ਦੇ ਨਾਗਰਿਕ ਕਰੀਬ 6 ਹਜ਼ਾਰ ਡਾਲਰ ਖਰਚ ਕੇ ਇਕਵਾਡੋਰ ਪਹੁੰਚੇ ਹਨ। ਇਸ ਦਾ ਕਾਰਨ ਇਹ ਹੈ ਕਿ ਉਨ੍ਹਾਂ ਦੀ ਇੱਥੇ ਵੀਜ਼ਾ ਮੁਕਤ ਐਂਟਰੀ ਹੈ। ਇਸ ਤੋਂ ਬਾਅਦ ਉਹ ਮੈਕਸੀਕੋ ਪਹੁੰਚ ਜਾਂਦੇ ਹਨ। ਇਸ ਦੇ ਲਈ ਉਹਨਾਂ ਨੂੰ ਮੋਟੀ ਰਿਸ਼ਵਤ ਦੇਣੀ ਪੈਂਦੀ ਹੈ। ਇਸ ਤੋਂ ਬਾਅਦ ਫਰਜ਼ੀ ਯਾਤਰਾ ਦਸਤਾਵੇਜ਼ ਮਿਲਦੇ ਹਨ।

# ਅਮਰੀਕੀ ਉਪ-ਰਾਸ਼ਟਰਪਤੀ ਨੇ ਸੈਨੇਟ 'ਚ 'ਟਾਈ ਬ੍ਰੇਕਿੰਗ ਵੋਟ' ਨਾਲ ਰਚਿਆ ਇਤਿਹਾਸ

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕੀ ਉਪ-ਰਾਸ਼ਟਰਪਤੀ ਕਮਲਾ ਹੈਰਿਸ ਨੇ ਸੈਨੇਟ ਵਿਚ ਦੋਵਾਂ ਪਾਸਿਆਂ ਤੋਂ ਬਰਾਬਰ ਵੋਟਾਂ ਪੈਣ ਦੀ ਸਥਿਤੀ ਵਿਚ ਆਪਣੀ ਵੋਟ (ਟਾਈ ਬ੍ਰੇਕਿੰਗ ਵੋਟ) ਪਾ ਕੇ ਅਮਰੀਕਾ ਦੇ ਇਤਿਹਾਸ ਵਿਚ ਇਕ ਹੋਰ ਨਵਾਂ ਰਿਕਾਰਡ ਕਾਇਮ ਕੀਤਾ ਹੈ। ਹੈਰਿਸ ਨੇ ਇਸ ਤਰ੍ਹਾਂ ਉਪ-ਰਾਸ਼ਟਰਪਤੀ ਵਜੋਂ 'ਟਾਈ-ਬ੍ਰੇਕਿੰਗ ਵੋਟ' ਪਾ ਕੇ 191 ਸਾਲ ਪੁਰਾਣੇ ਰਿਕਾਰਡ ਦੀ ਬਰਾਬਰੀ ਕੀਤੀ ਅਤੇ ਸੰਘੀ ਏਜੰਸੀ ਦੇ ਮੈਂਬਰ ਵਜੋਂ ਭਾਰਤੀ ਮੂਲ ਦੀ ਕਲਪਨਾ ਕੋਟਾਗਲ ਦੀ ਨਾਮਜ਼ਦਗੀ ਦਾ ਸਮਰਥਨ ਕੀਤਾ।



ਹੈਰਿਸ ਨੇ ਇਸ ਤਰ੍ਹਾਂ ਸੈਨੇਟਰ ਜੌਹਨ ਸੀ ਕੈਲਹੌਨ ਦੇ ਰਿਕਾਰਡ ਦੀ ਬਰਾਬਰੀ ਕਰ ਲਈ ਹੈ। ਕੈਲਹੌਨ ਨੇ 1825 ਤੋਂ 1832 ਤੱਕ ਸਾਬਕਾ ਰਾਸ਼ਟਰਪਤੀਆਂ ਜੌਨ ਕੁਇੰਸੀ ਐਡਮਜ਼ ਅਤੇ ਐਂਡਰਿਊ ਜੈਕਸਨ ਦੇ ਅਧੀਨ ਉਪ-ਪ੍ਰਧਾਨ ਵਜੋਂ ਸੇਵਾ ਨਿਭਾਈ ਸੀ। ਇਸ ਤੋਂ ਪਹਿਲਾਂ ਹੈਰਿਸ ਨੇ 2020 'ਚ ਅਮਰੀਕਾ ਦੀ ਫਸਟ ਲੇਡੀ ਅਤੇ ਪਹਿਲੀ ਅਸ਼ਵੇਤ ਉਪ-ਰਾਸ਼ਟਰਪਤੀ ਬਣ ਕੇ ਇਤਿਹਾਸ ਰਚਿਆ ਸੀ। ਹੈਰਿਸ (58) ਨੇ 'ਈਕੁਅਲ ਇੰਪਲਾਏਮੈਂਟ ਅਪਾਰਚਿਊਨਿਟੀ ਕਮਿਸ਼ਨ' ਦੇ ਮੈਂਬਰ ਵਜੋਂ ਸੇਵਾ ਕਰਨ ਲਈ, ਵਿਭਿੰਨਤਾ, ਸਮਾਨਤਾ ਅਤੇ ਸਮਾਵੇਸ਼ ਦੀ ਮਾਹਿਰ, ਕੋਟਾਗਲ ਦੀ ਨਾਮਜ਼ਦਗੀ ਲਈ ਆਪਣੀ ਵੋਟ ਪਾਈ।

'ਈਕੁਅਲ ਇੰਪਲਾਏਮੈਂਟ ਅਪਾਰਚਿਊਨਿਟੀ ਕਮਿਸ਼ਨ' ਸੰਘੀ ਕਾਨੂੰਨਾਂ ਨੂੰ ਲਾਗੂ ਕਰਨ ਲਈ ਜ਼ਿੰਮੇਵਾਰ ਸੰਸਥਾ ਹੈ। ਇਹ ਕਮਿਸ਼ਨ ਕਿਸੇ ਵੀ ਨੌਕਰੀ ਦੇ ਬਿਨੈਕਾਰ ਜਾਂ ਕਰਮਚਾਰੀ ਨਾਲ ਉਸਦੀ ਨਸਲ, ਰੰਗ, ਧਰਮ, ਲਿੰਗ, ਰਾਸ਼ਟਰੀ ਮੂਲ, ਉਮਰ (40 ਜਾਂ ਵੱਧ), ਅਪਾਹਜਤਾ ਜਾਂ ਜੈਨੇਟਿਕ ਜਾਣਕਾਰੀ ਦੇ ਆਧਾਰ 'ਤੇ ਵਿਤਕਰੇ ਨੂੰ ਰੋਕਣ ਲਈ ਕੰਮ ਕਰਦੀ ਹੈ।

# ਅਮਰੀਕੀ ਸੰਸਦ ਕਮੇਟੀ ਵੱਲੋਂ ਅਰੁਣਾਚਲ ਪ੍ਰਦੇਸ਼ ਭਾਰਤ ਦਾ ਅਨਿੱਖੜਵਾਂ ਅੰਗ ਐਲਾਨਣ ਵਾਲਾ ਮਤਾ ਪਾਸ

**ਸਾਨ ਫਰਾਂਸਿਸਕੋ, (ਪੰਜਾਬ ਮੇਲ)-** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਅਮਰੀਕਾ ਦੌਰੇ ਤੋਂ ਕੁਝ ਦੇਰ ਬਾਅਦ ਹੀ ਅਮਰੀਕੀ ਸੰਸਦ ਦੀ ਇਕ ਕਮੇਟੀ ਨੇ ਅਰੁਣਾਚਲ ਪ੍ਰਦੇਸ਼ ਨੂੰ ਭਾਰਤ ਦਾ ਅਨਿੱਖੜਵਾਂ ਅੰਗ ਐਲਾਨਣ ਵਾਲਾ ਮਤਾ ਪਾਸ ਕੀਤਾ ਹੈ। ਇਹ ਪ੍ਰਸਤਾਵ ਵੀਰਵਾਰ ਨੂੰ ਸੰਸਦ ਮੈਂਬਰ ਜੈਫ ਮਰਕਲੇ, ਬਿਲ ਹੇਗਰਟੀ, ਟਿਮ ਕੇਨ ਅਤੇ ਕ੍ਰਿਸ ਵੈਨ ਹੋਲੇਨ ਦੁਆਰਾ ਪੇਸ਼ ਕੀਤਾ ਗਿਆ ਸੀ। ਮੀਡੀਆ ਨੂੰ ਜਾਰੀ ਇੱਕ ਬਿਆਨ ਵਿਚ ਕਿਹਾ ਗਿਆ ਕਿ ਮਤਾ ਇਸ ਗੱਲ ਦੀ ਪੁਸ਼ਟੀ ਕਰਦਾ ਹੈ ਕਿ ਅਮਰੀਕਾ ਮੈਕਮੋਹਨ ਲਾਈਨ ਨੂੰ ਪੀਪਲਜ਼ ਰੀਪਬਲਿਕ ਆਫ ਚਾਈਨਾ (ਪੀ.ਆਰ.ਸੀ.) ਅਤੇ ਭਾਰਤੀ ਰਾਜ ਅਰੁਣਾਚਲ ਪ੍ਰਦੇਸ਼ ਦਰਮਿਆਨ ਅੰਤਰਰਾਸ਼ਟਰੀ ਸੀਮਾ ਵਜੋਂ ਮਾਨਤਾ ਦਿੰਦਾ ਹੈ। ਇਹ ਚੀਨ ਦੇ ਇਸ ਦਾਅਵੇ ਨੂੰ ਕਮਜ਼ੋਰ ਕਰਦਾ ਹੈ ਕਿ ਅਰੁਣਾਚਲ ਦਾ ਜ਼ਿਆਦਾਤਰ ਹਿੱਸਾ ਪੀ.ਆਰ.ਸੀ. ਨਾਲ ਸਬੰਧਤ ਹੈ।

ਪ੍ਰਸਤਾਵ ਨੂੰ ਹੁਣ ਵੋਟਿੰਗ ਲਈ ਸੈਨੇਟ ਵਿਚ ਪੇਸ਼ ਕੀਤਾ ਜਾਵੇਗਾ। ਐੱਮ.ਪੀ. ਮਰਕਲੇ ਨੇ ਕਿਹਾ ਕਿ "ਅਮਰੀਕਾ ਦੁਨੀਆਂ ਭਰ ਵਿਚ ਆਜ਼ਾਦੀ ਅਤੇ ਕਾਨੂੰਨ ਦੇ ਸ਼ਾਸਨ ਦਾ ਸਮਰਥਨ ਕਰਦਾ ਹੈ। ਆਜ਼ਾਦੀ ਅਤੇ ਨਿਯਮ ਆਧਾਰਿਤ ਵਿਵਸਥਾ ਦਾ ਸਮਰਥਨ ਕਰਨ ਵਾਲੀਆਂ ਅਮਰੀਕੀ ਕਦਰਾਂ-ਕੀਮਤਾਂ ਸੰਸਾਰ ਭਰ ਵਿਚ ਸਾਡੀਆਂ ਸਾਰੀਆਂ ਕਾਰਵਾਈਆਂ ਅਤੇ ਸਬੰਧਾਂ ਦੇ ਕੇਂਦਰ ਵਿਚ ਹੋਣੀਆਂ ਚਾਹੀਦੀਆਂ ਹਨ, ਖਾਸ ਤੌਰ 'ਤੇ ਉਦੋਂ ਜਦੋਂ ਕਿ ਪੀ.ਆਰ.ਸੀ. ਸਰਕਾਰ ਇੱਕ ਵਿਕਲਪਿਕ ਦ੍ਰਿਸ਼ਟੀਕੋਣ ਅਪਣਾ ਰਹੀ ਹੈ। ਮਰਕਲੇ ਚੀਨ 'ਤੇ ਅਮਰੀਕੀ ਸਦਨ ਕਮੇਟੀ ਦੇ ਸਹਿ-ਚੇਅਰਮੈਨ ਹੈ। ਉਨ੍ਹਾਂ ਕਿਹਾ ਕਿ "ਕਮੇਟੀ ਵੱਲੋਂ ਉਕਤ ਮਤਾ ਪਾਸ ਕਰਨਾ ਇਸ ਗੱਲ ਦੀ ਪੁਸ਼ਟੀ ਕਰਦਾ ਹੈ ਕਿ ਅਮਰੀਕਾ ਅਰੁਣਾਚਲ ਪ੍ਰਦੇਸ਼ ਨੂੰ ਭਾਰਤ ਦਾ ਅਨਿੱਖੜਵਾਂ ਅੰਗ ਮੰਨਦਾ ਹੈ, ਨਾ ਕਿ ਚੀਨ ਦਾ। ਇਸ ਦੇ ਨਾਲ ਹੀ ਇਹ ਖੇਤਰ ਅਤੇ ਸਮਾਨ ਸੋਚ ਵਾਲੇ ਅੰਤਰਰਾਸ਼ਟਰੀ ਭਾਈਵਾਲਾਂ ਨੂੰ ਮਜ਼ਬੂਤ ਸਮਰਥਨ ਪ੍ਰਦਾਨ ਕਰਨ ਲਈ ਅਮਰੀਕਾ ਦੀ ਵਚਨਬੱਧਤਾ ਨੂੰ ਦਰਸਾਉਂਦਾ ਹੈ। ਅਜਿਹੀ ਸਥਿਤੀ ਵਿਚ ਅਮਰੀਕਾ ਨੂੰ ਆਜ਼ਾਦ ਅਤੇ ਖੁੱਲ੍ਹੇ ਇੰਡੋ-ਪੈਸੀਫਿਕ ਦੀ ਹਮਾਇਤ ਕਰਕੇ ਜਮਹੂਰੀਅਤ ਦੀ ਰੱਖਿਆ ਲਈ ਮਜ਼ਬੂਤੀ ਨਾਲ ਖੜ੍ਹਾ ਹੋਣਾ ਪਵੇਗਾ ਪਰ ਮੈਂ ਆਪਣੇ ਸਾਥੀਆਂ ਨੂੰ ਬੇਨਤੀ ਕਰਦਾ ਹਾਂ ਕਿ ਉਹ ਬਿਨਾਂ ਦੇਰੀ ਕੀਤੇ ਇਸ ਨੂੰ ਪਾਸ ਕਰਨ।

ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ :
www.punjabmailusa.com



# ਜਲਵਾਯੂ ਬਦਲਾਅ ਕਾਰਨ ਯੂਰਪ ਔਸਤ ਨਾਲੋਂ ਹੋ ਰਿਹੈ ਦੁੱਗਣਾ ਗਰਮ !

**■ ਸਾਲ 2022 'ਚ ਗਈ 61,000 ਲੋਕਾਂ ਦੀ ਜਾਨ**

**ਰੋਮ, (ਪੰਜਾਬ ਮੇਲ)-** ਪੂਰੀ ਦੁਨੀਆਂ 'ਚ ਬਦਲ ਰਿਹਾ ਜਲਵਾਯੂ ਲੋਕਾਂ ਲਈ ਜਾਨ ਦਾ ਖੌਅ ਬਣ ਰਿਹਾ ਹੈ। ਯੂਰਪ ਵੀ ਇਸ ਤਬਾਹੀ ਤੋਂ ਬਚ ਨਹੀਂ ਸਕਿਆ। ਜੇਕਰ ਗੱਲ ਸਿਰਫ ਪਿਛਲੀਆਂ ਗਰਮੀਆਂ ਦੀ ਹੀ ਕੀਤੀ ਜਾਵੇ, ਤਾਂ 2022 ਦੌਰਾਨ ਸੂਰਜ ਦੀ ਤਪਿਸ਼ ਭਾਵ ਤੇਜ਼ ਲੂ, ਗਰਮੀ, ਗਰਮ ਹਵਾਵਾਂ ਯੂਰਪ ਭਰ 'ਚ 61,000 ਤੋਂ ਵੱਧ ਜ਼ਿੰਦਗੀਆਂ ਲਈ ਕਾਲ ਬਣੀਆਂ, ਜਦਕਿ ਯੂਰਪੀਅਨ ਦੇਸ਼ਾਂ 'ਚ ਸਭ ਤੋਂ ਵੱਧ ਇਟਲੀ 'ਚ 18,000 ਤੋਂ ਵੱਧ ਲੋਕਾਂ ਦੀ ਮੌਤ ਹੋਈ। ਇਹ ਮੌਤਾਂ ਸਿਰਫ਼ ਗਰਮੀ ਦੇ ਪ੍ਰਭਾਵ ਕਾਰਨ ਹੋਈਆਂ। ਇਸ ਗੱਲ ਦਾ ਖੁਲਾਸਾ ਬਾਰਸੀਲੋਨਾ ਇੰਸਟੀਚਿਊਟ ਫਾਰ ਗਲੋਬਲ ਹੈਲਥ ਅਤੇ ਫਰਾਂਸ ਦੀ ਸਿਹਤ ਖੋਜ ਸੰਸਥਾ ਨੈਸ਼ਨਲ ਇੰਸਟੀਚਿਊਟ ਆਫ਼ ਹੈਲਥ ਐਂਡ ਮੈਡੀਕਲ ਰਿਸਰਚ ਦੀ ਜਾਂਚ ਨੇ ਕੀਤਾ, ਜਿਹੜਾ ਕਿ ਪ੍ਰਸਿੱਧ ਮੈਗਜ਼ੀਨ ਮੈਡੀਸਨ ਜਨਰਲ ਵਿਚ ਪ੍ਰਕਾਸ਼ਿਤ ਹੋਇਆ ਹੈ।

ਇਸ ਜਾਂਚ ਅਨੁਸਾਰ ਹੀ ਇਹ ਗੱਲ ਸਾਹਮਣੇ ਆਈ ਹੈ ਕਿ 2022 ਦੀ 30 ਮਈ ਤੋਂ 4 ਸਤੰਬਰ ਤੱਕ ਯੂਰਪ ਭਰ 'ਚ ਗਰਮੀ ਦੇ ਪ੍ਰਭਾਵ ਕਾਰਨ 61,672 ਲੋਕਾਂ ਦੀ ਮੌਤ ਹੋਈ। ਅਧਿਐਨ ਅਨੁਸਾਰ ਸਿਰਫ਼ 18-24 ਜੁਲਾਈ 2022 ਦੌਰਾਨ ਹੀ 11,600 ਤੋਂ ਵੱਧ ਮੌਤਾਂ ਸੂਰਜ ਦੀ ਤਪਿਸ਼ ਕਾਰਨ ਹੋਈਆਂ। ਇਟਲੀ ਵਿਚ ਜਿੱਥੇ ਗਰਮੀ ਨੇ 18,000 ਤੋਂ ਵੱਧ ਲੋਕਾਂ ਨੂੰ ਮੌਤ ਦੇ ਘਾਟ ਉਤਾਰਿਆ, ਉੱਥੇ ਹੀ ਸਪੇਨ ਵਿਚ 11,324 ਲੋਕਾਂ ਨੂੰ ਤੇ ਜਰਮਨ ਵਿਚ 8,173 ਲੋਕਾਂ ਨੂੰ ਗਰਮੀ ਕਾਰਨ ਜਾਨ ਤੋਂ ਹੱਥ ਧੋਣੇ ਪਏ। ਇਸ ਤੋਂ ਪਹਿਲਾਂ 2003 'ਚ ਸੂਰਜ ਦੀ ਤਪਿਸ਼ 70,000 ਤੋਂ ਵੱਧ ਲੋਕਾਂ ਲਈ ਕਾਲ ਬਣੀ ਸੀ।

ਵਿਸ਼ਲੇਸ਼ਣ ਵਿਚ ਕਿਹਾ ਗਿਆ ਹੈ ਕਿ ਗਰਮੀ ਕਾਰਨ ਮਰਨ ਵਾਲੇ ਲੋਕਾਂ ਵਿਚ 80 ਸਾਲ ਤੋਂ ਵਧੇਰੇ ਉਮਰ ਦੇ ਲੋਕ ਹਨ, ਉਨ੍ਹਾਂ ਵਿਚ ਵੀ 63 ਫੀਸਦੀ ਔਰਤਾਂ ਸ਼ਾਮਲ ਹਨ। ਜਲਵਾਯੂ 'ਚ ਬਦਲਾਅ ਕਾਰਨ ਯੂਰਪ ਔਸਤ ਨਾਲੋਂ ਦੁੱਗਣਾ ਗਰਮ ਹੋ ਰਿਹਾ ਹੈ, ਜਿਸ ਪ੍ਰਤੀ ਸਭ ਨੂੰ ਸੰਜੀਦਾ ਹੋਣ ਦੀ ਸਖ਼ਤ ਲੋੜ ਹੈ। ਜੇਕਰ ਯੂਰਪ ਦੇ ਸ਼ੁੱਭਚਿੰਤਕਾਂ ਨੇ ਯੂਰਪ ਨੂੰ ਠੰਡਾ ਕਰਨ ਲਈ ਕੋਈ ਗੰਭੀਰਤਾ ਨਾ ਦਿਖਾਈ ਤਾਂ 2030 ਤੱਕ ਯੂਰਪ ਭਰ ਵਿਚ ਗਰਮੀਆਂ ਦੌਰਾਨ ਗਰਮੀ ਦੇ ਪ੍ਰਭਾਵ ਕਾਰਨ 68,000 ਤੋਂ ਵੱਧ ਲੋਕਾਂ ਲਈ ਹੋਣੀ ਕਾਲ ਬਣਨਾ ਸ਼ੁਰੂ ਕਰ ਦੇਵੇਗੀ। ਜੇ ਹਾਲਾਤ ਇਹੀ ਰਹੇ ਤਾਂ 2040 ਤੱਕ ਗਰਮੀ ਨਾਲ ਜੁੜੀਆਂ ਮੌਤਾਂ ਦੀ ਗਿਣਤੀ 94,000 ਤੇ 2050 ਤੱਕ ਗਰਮੀ ਨਾਲ ਜੁੜੀਆਂ ਮੌਤਾਂ ਦੀ ਗਿਣਤੀ 1,20,000 ਤੋਂ ਵੀ ਵੱਧ ਹੋ ਸਕਦੀ ਹੈ, ਜੋ ਕਿ ਮਨੁੱਖ ਲਈ ਵਿਨਾਸ਼ਕ ਕਾਰਵਾਈ ਹੋਵੇਗੀ।

# ਦੁਨੀਆਂ ਦੀ ਅੱਧੀ ਆਬਾਦੀ ਕਰਜ਼ੇ ਦੇ ਸੰਕਟ 'ਚ ਫਸੀ: ਗੁਟੇਰੇਜ਼



**ਸੰਯੁਕਤ ਰਾਸ਼ਟਰ, (ਪੰਜਾਬ ਮੇਲ)-** ਸੰਯੁਕਤ ਰਾਸ਼ਟਰ ਦੇ ਜਨਰਲ ਸਕੱਤਰ ਐਂਟੋਨੀਓ ਗੁਟੇਰੇਜ਼ ਨੇ ਕਿਹਾ ਕਿ ਭਾਰਤ ਮੇਜ਼ਬਾਨੀ ਹੇਠ ਹੋ ਰਿਹਾ ਜੀ-20 ਸੰਮੇਲਨ ਕਰਜ਼ਾ ਰਾਹਤ 'ਤੇ ਕਾਰਵਾਈ ਕਰਨ ਅਤੇ ਆਲਮੀ ਵਿੱਤੀ ਪ੍ਰਣਾਲੀ 'ਚ ਸੁਧਾਰ ਕਰਨ ਦਾ ਵੱਡਾ ਮੌਕਾ ਹੈ। ਉਨ੍ਹਾਂ ਦੁਨੀਆਂ 'ਚ ਬਣੇ ਗੰਭੀਰ ਕਰਜ਼ਾ ਸੰਕਟ 'ਤੇ ਚਿੰਤਾ ਜ਼ਾਹਿਰ ਕੀਤੀ।

ਆਲਮੀ ਕਰਜ਼ਿਆਂ ਬਾਰੇ ਸੰਯੁਕਤ ਰਾਸ਼ਟਰ ਦੀ ਰਿਪੋਰਟ ਜਾਰੀ ਹੋਣ ਸਮੇਂ ਸੰਬੋਧਨ ਕਰਦਿਆਂ ਗੁਟੇਰੇਜ਼ ਨੇ ਕਿਹਾ, 'ਤਕਰੀਬਨ 3.3 ਅਰਬ ਲੋਕ (ਦੁਨੀਆਂ ਦੀ ਤਕਰੀਬਨ ਅੱਧੀ ਅਬਾਦੀ) ਅਜਿਹੇ ਮੁਲਕਾਂ 'ਚ ਰਹਿੰਦੀ ਹੈ, ਜੋ ਸਿੱਖਿਆ ਜਾਂ ਸਿਹਤ ਨਾਲੋਂ ਵੱਧ ਰਾਸ਼ੀ ਕਰਜ਼ਿਆਂ ਦੇ ਵਿਆਜ਼ 'ਤੇ ਖਰਚ ਕਰਦੀ ਹੈ।' ਉਨ੍ਹਾਂ ਕਿਹਾ, 'ਸਾਡੀ ਅੱਧੀ ਦੁਨੀਆਂ ਭਿਆਨਕ ਕਰਜ਼ਾ ਸੰਕਟ ਕਾਰਨ ਵਿਕਾਸ ਦੀ ਆਫ਼ਤ 'ਚ ਡੁੱਬ ਰਹੀ ਹੈ।' ਉਨ੍ਹਾਂ ਕਿਹਾ ਕਿ ਕਿਉਂਕਿ ਇਨ੍ਹਾਂ 'ਚੋਂ ਵਧੇਰੇ ਅਸਥਿਰ ਕਰਜ਼ੇ ਗਰੀਬ ਦੇਸ਼ਾਂ 'ਚ ਕੇਂਦਰਿਤ ਹਨ, ਇਸ ਲਈ ਇਨ੍ਹਾਂ ਨੂੰ ਆਲਮੀ ਵਿੱਤੀ ਪ੍ਰਣਾਲੀ ਲਈ ਸੰਗਠਤ ਜ਼ੋਖਮ ਪੈਦਾ ਕਰਨ ਵਾਲਾ ਨਹੀਂ ਮੰਨਿਆ ਜਾਂਦਾ। ਉਨ੍ਹਾਂ ਚਿਤਾਵਨੀ ਦਿੰਦਿਆਂ ਕਿਹਾ, 'ਇਹ ਮ੍ਰਿਗ ਤ੍ਰਿਸ਼ਣਾ ਹੈ।' ਉਨ੍ਹਾਂ ਕਿਹਾ ਕਿ 3.3 ਅਰਬ ਲੋਕ ਇਸ ਸੰਗਠਤ ਜ਼ੋਖਮ ਤੋਂ ਕਿਤੇ ਵੱਧ ਹਨ। ਉਨ੍ਹਾਂ ਕਿਹਾ, 'ਇਹ ਸਿਸਟਮ ਦੀ ਨਾਕਾਮੀ ਹੈ। ਅਜਿਹਾ ਲਗਦਾ ਹੈ ਕਿ ਬਾਜ਼ਾਰ ਨੂੰ ਹੁਣ ਤੱਕ ਕੋਈ ਨੁਕਸਾਨ ਨਹੀਂ ਹੋਇਆ ਹੈ। ਦੁਨੀਆਂ ਦੇ ਕੁਝ ਸਭ ਤੋਂ ਗਰੀਬ ਦੇਸ਼ਾਂ ਨੂੰ ਆਪਣਾ ਕਰਜ਼ਾ ਭਰਨ ਜਾਂ ਆਪਣੇ ਲੋਕਾਂ ਦੀ ਸੇਵਾ ਕਰਨ ਦੇ ਵਿਚੋਂ ਇੱਕ ਬਦਲ ਚੁਣਨ ਲਈ ਮਜਬੂਰ ਕੀਤਾ ਜਾ ਰਿਹਾ ਹੈ।' ਉਨ੍ਹਾਂ ਕਿਹਾ ਕਿ ਆਲਮੀ ਵਿੱਤੀ ਪ੍ਰਣਾਲੀ 'ਚ ਵੱਡੇ ਸੁਧਾਰ ਰਾਤੋ-ਰਾਤ ਨਹੀਂ ਹੋਣਗੇ।

# ਚੀਨ ਦੀ 2030 ਤੱਕ ਚੰਦਰਮਾ 'ਤੇ ਮਨੁੱਖੀ ਮਿਸ਼ਨ ਭੇਜਣ ਦੀ ਯੋਜਨਾ



**ਬੀਜਿੰਗ, (ਪੰਜਾਬ ਮੇਲ)-** ਚੀਨ 2030 ਤੱਕ ਚੰਦਰਮਾ 'ਤੇ ਮਨੁੱਖੀ ਮਿਸ਼ਨ ਭੇਜਣ ਦੇ ਨਾਲ-ਨਾਲ ਉੱਥੇ ਖੋਜ ਅਤੇ ਪ੍ਰਯੋਗਾਤਮਕ ਸਟੇਸ਼ਨ ਬਣਾਉਣ ਦੀਆਂ ਸੰਭਾਵਨਾਵਾਂ 'ਤੇ ਵੀ ਕੰਮ ਕਰੇਗਾ। ਚੀਨ ਦੇ ਮਨੁੱਖੀ ਪੁਲਾੜ ਉਡਾਣ ਪ੍ਰੋਗਰਾਮ ਦੇ ਡਿਪਟੀ ਡਿਜ਼ਾਈਨਰ ਝਾਂਗ ਹੇਲੀਅਨ ਨੇ ਕਿਹਾ ਕਿ ਚੀਨ ਦੇ ਰਾਸ਼ਟਰੀ ਪੁਲਾੜ ਪ੍ਰਸ਼ਾਸਨ ਨੇ 2030 ਤੱਕ ਚੰਦਰਮਾ 'ਤੇ ਮਨੁੱਖ ਨੂੰ ਉਤਾਰਨ ਦੀ ਆਪਣੀ ਯੋਜਨਾ ਦਾ ਐਲਾਨ ਕੀਤਾ ਹੈ। ਚੀਨ ਦੇ ਅਖ਼ਬਾਰ ਪੀਪਲਜ਼ ਡੇਲੀ ਨੇ ਝਾਂਗ ਦੇ ਹਵਾਲੇ ਨਾਲ ਕਿਹਾ ਕਿ "ਸਾਡਾ ਦੇਸ਼ 2030 ਤੱਕ ਵਿਗਿਆਨਕ ਖੋਜ ਲਈ ਚੰਦਰਮਾ 'ਤੇ ਮਨੁੱਖ ਨੂੰ ਉਤਾਰਨ ਦੀ ਯੋਜਨਾ ਬਣਾ ਰਿਹਾ ਹੈ, ਜਿਸ ਤੋਂ ਬਾਅਦ ਅਸੀਂ ਚੰਦਰਮਾ ਖੋਜ ਅਤੇ ਪ੍ਰਯੋਗਾਤਮਕ ਸਟੇਸ਼ਨ ਬਣਾਉਣ 'ਤੇ ਧਿਆਨ ਕੇਂਦਰਿਤ ਕਰਾਂਗੇ, ਨਾਲ ਹੀ ਧਰਤੀ ਦੇ ਇਸ ਕੁਦਪਤੀ ਉਪਗ੍ਰਹਿ ਅਤੇ ਸਬੰਧਤ ਤਕਨੀਕੀ ਟੈਸਟਾਂ ਦੀ ਯੋਜਨਾਬੱਧ ਅਤੇ ਨਿਰੰਤਰ ਖੋਜ ਕਰਾਂਗੇ। ਚੀਨੀ ਇੰਜੀਨੀਅਰ ਨੇ ਕਿਹਾ ਕਿ ਚੀਨੀ ਖੋਜੀ ਇਸ ਮਿਸ਼ਨ ਲਈ ਨਵੇਂ ਉਪਕਰਨ ਵਿਕਸਤ ਕਰ ਰਹੇ ਹਨ, ਜਿਸ ਵਿਚ ਲਾਂਗ ਮਾਰਚ 10 ਕੈਰੀਅਰ ਰਾਕੇਟ, ਮਨੁੱਖ ਯੁਕਤ ਪੁਲਾੜ ਯਾਨ, ਚੰਦਰ ਲੈਂਡਰ ਅਤੇ ਮਾਨਵ ਚੰਦਰ ਰੋਵਰ ਸ਼ਾਮਲ ਹਨ।

# ਚੰਦਰਯਾਨ 3 ਤੋਂ ਬਾਅਦ ਇਸਰੋ ਦਾ ਅਗਲਾ ਮਿਸ਼ਨ ਸੋਲਰ ਵਹੀਕਲ !

**ਨਵੀਂ ਦਿੱਲੀ, (ਪੰਜਾਬ ਮੇਲ)-**ਭਾਰਤੀ ਪੁਲਾੜ ਖੋਜ ਸੰਗਠਨ (ਇਸਰੋ) ਲਈ ਅੰਤਰ ਗ੍ਰਹਿ ਮਿਸ਼ਨ ਦਾ ਸਾਲ ਕਿਹਾ ਜਾ ਸਕਦਾ ਹੈ। ਸ਼ੁੱਕਰਵਾਰ ਨੂੰ ਚੰਦਰਯਾਨ ਦੇ ਲਾਂਚ ਤੋਂ ਬਾਅਦ ਇਸਰੋ ਦਾ ਅਗਲਾ ਮਿਸ਼ਨ ਸੋਲਰ ਵਹੀਕਲ ਹੈ। ਇਸਰੋ ਸੂਰਜੀ ਵਾਯੂਮੰਡਲ ਦਾ ਅਧਿਐਨ ਕਰਨ ਲਈ ਅਗਸਤ ਦੇ ਅਖੀਰ ਵਿਚ ਪੋਲਰ ਸੈਟੇਲਾਈਟ ਲਾਂਚ ਵਹੀਕਲ (ਪੀ.ਐੱਸ.ਐੱਲ.ਵੀ.)/ ਰਾਕੇਟ 'ਤੇ ਆਪਣੇ ਕੋਰੋਨਗ੍ਰਾਫੀ ਸੈਟੇਲਾਈਟ ਆਦਿਤਿਆ ਐੱਲ1 ਨੂੰ ਭੇਜੇਗਾ। ਇਸਰੋ ਅਨੁਸਾਰ, ਪੁਲਾੜ ਯਾਨ ਨੂੰ ਸੂਰਜ-ਧਰਤੀ ਪ੍ਰਣਾਲੀ ਦੇ ਪਹਿਲੇ ਲਾਗਰੇਂਜ ਬਿੰਦੂ (ਐੱਲ1) ਦੇ ਦੁਆਲੇ ਇੱਕ ਹਾਲੋ ਆਰਬਿਟ ਵਿਚ ਰੱਖਿਆ ਜਾਵੇਗਾ। ਐੱਲ1 ਬਿੰਦੂ ਦੇ ਆਲੇ-ਦੁਆਲੇ, ਉਪਗ੍ਰਹਿ ਸੂਰਜ ਨੂੰ ਬਿਨਾਂ ਕਿਸੇ ਰੁਕਾਵਟ ਦੇ ਲਗਾਤਾਰ ਦੇਖ ਸਕੇਗਾ।

# ਪੁਲਿਸ ਅਫਸਰ ਵਿਰੁੱਧ ਡੰਡੇ ਨਾਲ ਫੋਟੋਗ੍ਰਾਫਰ 'ਤੇ ਹਮਲਾ ਕਰਨ ਦੇ ਦੋਸ਼ ਰੱਦ

**ਸੈਕਰਾਮੈਂਟੋ, (ਪੰਜਾਬ ਮੇਲ)-** 2020 'ਚ ਕਾਲੇ ਵਿਅਕਤੀ ਜਾਰਜ ਫਲਾਇਡ ਦੀ ਪੁਲਿਸ ਹੱਥੋਂ ਹੋਈ ਮੌਤ ਤੋਂ ਬਾਅਦ ਹੋਏ ਇਕ ਪ੍ਰਦਰਸ਼ਨ ਦੌਰਾਨ ਓਰੇਗੋਨ ਦੇ ਇਕ ਪੁਲਿਸ ਅਫਸਰ ਵਿਰੁੱਧ ਇਕ ਫੋਟੋਗ੍ਰਾਫਰ 'ਤੇ ਹਮਲਾ ਕਰਨ ਦੇ ਲੱਗੇ ਦੋਸ਼ ਰੱਦ ਕਰ ਦਿੱਤੇ ਗਏ ਹਨ। ਅਗਸਤ 2020 ਵਿਚ ਟੇਰੀ ਜੈਕੋਬਸ ਨਾਮੀ ਫੋਟੋਗ੍ਰਾਫਰ ਦੇ ਸਿਰ 'ਤੇ ਪੁਲਿਸ ਅਫਸਰ ਕੋਰੇ ਬਰਵਰਥ ਵੱਲੋਂ ਕਥਿਤ ਤੌਰ 'ਤੇ ਡੰਡੇ ਨਾਲ ਵਾਰ ਕਰਨ ਦੀ ਵੀਡੀਓ ਸਾਹਮਣੇ ਆਉਣ ਤੋਂ ਬਾਅਦ ਉਸ ਵਿਰੁੱਧ ਚੌਥਾ ਦਰਜਾ ਹਮਲੇ ਦੇ ਦੋਸ਼ ਲਾਏ ਗਏ ਸਨ। ਇਸ ਵੀਡੀਓ 'ਚ ਜ਼ਮੀਨ ਉਪਰ ਡਿੱਗੀ ਫੋਟੋਗ੍ਰਾਫਰ 'ਤੇ ਵੀ ਕੋਰੇ ਬਰਵਰਥ ਹਮਲਾ ਕਰਦਾ ਹੋਇਆ ਵਿਖਾਈ ਦਿੰਦਾ ਹੈ। ਪੁਲਿਸ ਅਫਸਰ ਨੇ ਆਪਣਾ ਗੁਨਾਹ ਕਬੂਲ ਕਰ ਲਿਆ ਸੀ ਤੇ ਇਸ ਵਾਸਤੇ ਉਸ ਨੇ ਫੋਟੋਗ੍ਰਾਫਰ ਕੋਲੋਂ ਮੁਆਫੀ ਵੀ ਮੰਗ ਲਈ ਸੀ। ਮਲਟਨੋਮਾਹ ਕਾਊਂਟੀ ਦੀ ਅਦਾਲਤ ਦੇ ਜੱਜ ਸੀਲੀਆ ਹੋਵਸ ਨੇ ਦੋਸ਼ ਰੱਦ ਕਰਦਿਆਂ ਕੇਸ ਬੰਦ ਕਰਨ ਦਾ ਆਦੇਸ਼ ਦਿੱਤਾ ਹੈ।







# ਪੰਜਾਬ ਪੁਲਿਸ ਦੇ ਟਰੈਫਿਕ ਵਿੰਗ ਨੂੰ ਵੱਕਾਰੀ "ਫਿਕੀ ਨੈਸ਼ਨਲ ਰੋਡ ਸੇਫਟੀ ਐਵਾਰਡ 2022"

**■ ਪੰਜਾਬ ਪੁਲਿਸ ਯਾਤਰੀਆਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਦੇ ਮੱਦੇਨਜ਼ਰ ਸੂਬੇ ਦੀਆਂ ਸੜਕਾਂ ਨੂੰ ਸੁਰੱਖਿਅਤ ਬਣਾਉਣ ਲਈ ਵਚਨਬੱਧ**

**ਚੰਡੀਗੜ੍ਹ, (ਪੰਜਾਬ ਮੇਲ)-** ਪੰਜਾਬ ਦੀਆਂ ਸੜਕਾਂ ਨੂੰ ਸੁਰੱਖਿਅਤ ਤੇ ਬਿਹਤਰ ਬਣਾਉਣ ਦੇ ਮੱਦੇਨਜ਼ਰ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਿਚ ਵਿੱਢੀ ਮੁਹਿੰਮ ਨੇ, ਮੰਗਲਵਾਰ ਨੂੰ ਪੰਜਾਬ ਪੁਲਿਸ ਦੇ ਟਰੈਫਿਕ ਵਿੰਗ ਨੂੰ ਰੋਡ ਸੇਫਟੀ ਇੰਟਰਵੈਂਸ਼ਨਜ਼ ਦੀ ਸ਼੍ਰੇਣੀ ਵਿਚ ਵੱਕਾਰੀ "ਫਿਕੀ ਨੈਸ਼ਨਲ ਰੋਡ ਸੇਫਟੀ ਐਵਾਰਡ 2022" ਨਾਲ ਸਨਮਾਨਿਤ ਕਰ ਕੇ ਸੂਬੇ ਲਈ ਨਾਮਣਾ ਖੱਟਿਆ ਹੈ।

ਡਾਇਰੈਕਟਰ ਜਨਰਲ ਆਫ ਪੁਲਿਸ (ਡੀ.ਜੀ.ਪੀ.) ਪੰਜਾਬ ਗੌਰਵ ਯਾਦਵ ਨੇ ਏ.ਡੀ.ਜੀ.ਪੀ. ਟਰੈਫਿਕ ਅਮਰਦੀਪ ਸਿੰਘ ਰਾਏ ਅਤੇ ਟਰੈਫਿਕ ਵਿੰਗ ਦੀ ਸਮੁੱਚੀ ਟੀਮ ਨੂੰ ਉਨ੍ਹਾਂ ਦੀ ਵਚਨਬੱਧਤਾ ਅਤੇ ਸਖ਼ਤ ਮਿਹਨਤ ਲਈ ਵਧਾਈ ਦਿੱਤੀ, ਜਿਨ੍ਹਾਂ ਨੇ ਟਰੈਫਿਕ ਵਿੰਗ ਦੇ ਮਿਸ਼ਨ ਦੀ ਸਫਲਤਾ ਵਿਚ ਮਹੱਤਵਪੂਰਨ ਯੋਗਦਾਨ ਪਾਇਆ ਹੈ।

ਇਹ ਸਨਮਾਨ ਮੰਗਲਵਾਰ ਨੂੰ ਫਿਕੀ ਆਡੀਟੋਰੀਅਮ, ਫੈਡਰੇਸ਼ਨ ਹਾਊਸ, ਨਵੀਂ ਦਿੱਲੀ ਵਿਖੇ ਫੈਡਰੇਸ਼ਨ ਆਫ ਇੰਡੀਅਨ ਚੈਂਬਰਜ਼ ਆਫ ਕਾਮਰਸ ਐਂਡ ਇੰਡਸਟਰੀ (ਫਿਕੀ) ਵੱਲੋਂ ਰੋਲ ਆਫ਼ ਕਾਰਪੋਰੇਟਜ਼ ਇਨ ਰੋਡ ਸੇਫਟੀ ਅਤੇ ਫਿਕੀ ਰੋਡ ਸੇਫਟੀ ਐਵਾਰਡਜ਼ 2023 ਕਾਨਫਰੰਸ ਦੌਰਾਨ ਡਾ: ਨਵਦੀਪ ਅਸੀਜਾ, ਟਰੈਫਿਕ ਸਲਾਹਕਾਰ ਪੰਜਾਬ ਅਤੇ ਡਾਇਰੈਕਟਰ ਪੰਜਾਬ ਰੋਡ ਸੇਫਟੀ ਐਂਡ ਟਰੈਫਿਕ ਰਿਸਰਚ ਸੈਂਟਰ (ਪੀ.ਆਰ.ਐੱਸ.ਟੀ.ਆਰ.ਸੀ.) ਅਤੇ ਪੀ.ਆਰ.ਐੱਸ.ਟੀ.ਆਰ.ਸੀ. ਦੇ ਵਿਗਿਆਨੀ ਸਿਮਰਨਜੀਤ ਸਿੰਘ ਨੇ ਪੰਜਾਬ ਪੁਲਿਸ ਦੇ ਟਰੈਫਿਕ ਵਿੰਗ ਦੀ ਤਰਫੋਂ ਸਾਂਝੇ ਤੌਰ 'ਤੇ ਹਾਸਲ ਕੀਤਾ।

ਏ.ਡੀ.ਜੀ.ਪੀ. ਏ.ਐੱਸ. ਰਾਏ ਨੇ ਕਿਹਾ ਕਿ ਇਹ ਐਵਾਰਡ ਟਰੈਫਿਕ ਵਿੰਗ ਦੇ ਹਰ ਉਸ ਵਿਅਕਤੀ ਨੂੰ ਸਮਰਪਿਤ ਹੈ, ਜੋ ਪੰਜਾਬ ਦੀਆਂ ਸੜਕਾਂ 'ਤੇ ਸੂਬੇ ਦੇ ਲੋਕਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਆਪਣੀ ਪੂਰੀ ਵਾਹ ਲਾ ਰਿਹਾ ਹੈ। ਉਨ੍ਹਾਂ ਕਿਹਾ ਕਿ ਇਹ ਵੱਕਾਰੀ ਸਨਮਾਨ ਸੜਕ ਸੁਰੱਖਿਆ ਪਹਿਲਕਦਮੀਆਂ ਵਿਚ ਉਨ੍ਹਾਂ ਦੇ ਸ਼ਾਨਦਾਰ ਯਤਨਾਂ ਅਤੇ ਨਾਗਰਿਕਾਂ ਲਈ ਸੁਰੱਖਿਅਤ ਸੜਕਾਂ ਬਣਾਉਣ ਸਬੰਧੀ ਉਨ੍ਹਾਂ ਦੇ ਸਮਰਪਣ ਨੂੰ ਮਾਨਤਾ ਦਿੰਦਾ ਹੈ।

ਜ਼ਿਕਰਯੋਗ ਹੈ ਕਿ ਪੰਜਾਬ ਰੋਡ ਸੇਫਟੀ ਐਂਡ ਟਰੈਫਿਕ ਰਿਸਰਚ ਸੈਂਟਰ (ਪੀ.ਆਰ.ਐੱਸ.ਟੀ.ਆਰ.ਸੀ.) ਨੇ ਡਾਟਾ-ਡ੍ਰਿਵਨ ਡਿਸੀਜਨ ਮੇਕਿੰਗ, ਸੂਚਿਤ ਚੋਣਾਂ ਖਾਤਿਰ ਅਤੇ ਸੜਕ ਸੁਰੱਖਿਆ ਉਪਾਵਾਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕਰਨ ਲਈ ਵਿਆਪਕ ਡੇਟਾ ਦੀ ਵਰਤੋਂ ਕਰਨ ਵਿਚ ਮਹੱਤਵਪੂਰਨ ਭੂਮਿਕਾ ਨਿਭਾਈ ਹੈ।

# ਹਰਿਆਣਾ ਕਮੇਟੀ ਮੈਂਬਰਾਂ ਵਿਚਾਲੇ ਕੁੜੱਤਣ ਬਰਕਰਾਰ

**■ ਮੁੱਖ ਮੰਤਰੀ ਖੱਟਰ ਵਲੋਂ ਇਕਜੁੱਟ ਹੋਣ ਦੀ ਸਲਾਹ ਰਹੀ ਬੇਨਤੀਜਾ**

**ਚੰਡੀਗੜ੍ਹ, (ਪੰਜਾਬ ਮੇਲ)-** ਹਰਿਆਣਾ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ 9ਵੇਂ ਸਥਾਪਨਾ ਦਿਵਸ ਮੌਕੇ ਕਮੇਟੀ ਦੇ ਮੁੱਖ ਦਫ਼ਤਰ ਗੁਰਦੁਆਰਾ ਸਾਹਿਬ ਪਾਤਸ਼ਾਹੀ ਛੇਵੀਂ ਕੁਰੂਕਸ਼ੇਤਰ ਵਿਖੇ ਕਮੇਟੀ ਦੇ ਅਹੁਦੇਦਾਰ ਅਤੇ ਮੈਂਬਰਾਂ ਨੇ ਕਮੇਟੀ ਦੀ ਚੜ੍ਹਦੀ ਕਲਾ ਅਤੇ ਹੜ੍ਹ ਪੀੜਤਾਂ ਲਈ ਅਰਦਾਸ ਕੀਤੀ। ਭਾਵੇਂ ਕਿ ਸੂਬੇ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਨੇ ਕਮੇਟੀ ਮੈਂਬਰਾਂ ਨੂੰ ਇਕਜੁੱਟ ਹੋਣ ਦੀ ਸਲਾਹ ਦਿੱਤੀ ਸੀ ਪਰ ਮੈਂਬਰਾਂ ਵਿਚਕਾਰ ਕੁੜੱਤਣ ਅਜੇ ਵੀ ਬਰਕਰਾਰ ਹੈ। ਕਮੇਟੀ ਪ੍ਰਧਾਨ ਮਹੰਤ ਕਰਮਜੀਤ ਸਿੰਘ ਵਲੋਂ ਬਣਾਈਆਂ ਗਈਆਂ ਸਬ ਕਮੇਟੀਆਂ ਵਿਚੋਂ 15 ਮੈਂਬਰਾਂ ਨੇ ਅਸਤੀਫੇ ਦੇ ਦਿੱਤੇ। ਹੜ੍ਹਾਂ ਕਾਰਨ ਵੱਡੀ ਪੱਧਰ 'ਤੇ ਮਨਾਏ ਜਾਣ ਵਾਲਾ ਸਥਾਪਨਾ ਦਿਵਸ ਸਮਾਗਮ ਸੀਮਤ ਕਰ ਦਿੱਤਾ ਗਿਆ, ਜਿਸ ਕਾਰਨ ਕੇਵਲ ਕਮੇਟੀ ਮੈਂਬਰਾਂ ਨੇ ਹੀ ਕੁਰੂਕਸ਼ੇਤਰ ਪੁੱਜ ਕੇ ਅਰਦਾਸ ਕੀਤੀ। ਸੰਘਰਸ਼ ਕਰਨ ਵਾਲੇ ਸਿੰਘਾਂ ਨੂੰ ਸਨਮਾਨਿਤ ਕੀਤਾ ਗਿਆ। ਉਪਰੰਤ 15 ਮੈਂਬਰਾਂ ਨੇ ਹੜ੍ਹ ਪੀੜਤ ਇਲਾਕਿਆਂ ਵਿਚ ਜਾ ਕੇ ਗੁਰੂ ਦਾ ਲੰਗਰ ਹੱਥੀਂ ਵਰਤਾਉਣ ਦੀ ਸੇਵਾ ਕੀਤੀ। ਕਮੇਟੀ ਦੇ ਮੁੱਖ ਦਫ਼ਤਰ ਵਿਚ ਹਾਜ਼ਰ 15 ਮੈਂਬਰਾਂ ਨੇ ਮੀਟਿੰਗ ਕਰਕੇ ਸਰਬਸੰਮਤੀ ਨਾਲ ਪੰਜ ਗੁਰਮਤੇ ਪਾਸ ਕੀਤੇ। ਜਿਨ੍ਹਾਂ 'ਚ ਕਮੇਟੀ ਦੇ ਪ੍ਰਬੰਧ ਵਿਚ ਹੋ ਰਹੀਆਂ ਬੇਨਿਯਮੀਆਂ ਨੂੰ ਰੋਕਣ ਅਤੇ ਹੜ੍ਹਾਂ ਕਾਰਨ ਬਣੇ ਹਾਲਾਤ ਨਾਲ ਨਜਿੱਠਣ ਲਈ ਜਰਨਲ ਹਾਊਸ ਦੇ ਸਮੂਹ ਮੈਂਬਰਾਂ ਦੇ ਸੁਝਾਅ ਲੈਣ ਲਈ 15 ਦਿਨਾਂ ਦੇ ਅੰਦਰ ਕਮੇਟੀ ਦਾ ਜਨਰਲ ਇਜਲਾਸ ਸੱਦਣ ਦੀ ਮੰਗ ਕੀਤੀ। ਦੂਜੇ ਮਤੇ ਵਿਚ ਅੰਤਿੰਗ ਕਮੇਟੀ ਦੀਆਂ 13 ਜੂਨ ਅਤੇ 21 ਜੂਨ ਨੂੰ ਹੋਈਆਂ ਮੀਟਿੰਗਾਂ ਵਿਚ ਕੀਤੇ ਫ਼ੈਸਲਿਆਂ ਦੇ ਉਲਟ ਜਾ ਕੇ ਕਮੇਟੀ ਪ੍ਰਧਾਨ ਮਹੰਤ ਕਰਮਜੀਤ ਸਿੰਘ ਵਲੋਂ ਮਨਮਰਜ਼ੀ ਨਾਲ ਬਣਾਈਆਂ ਸਬ ਕਮੇਟੀਆਂ ਤੋਂ ਹਾਜ਼ਰ ਸਮੂਹ ਮੈਂਬਰਾਂ ਨੇ ਅਸਤੀਫ਼ੇ ਦੇ ਦਿੱਤੇ ਪਰ ਹਰਿਆਣਾ ਕਮੇਟੀ ਗੁਰੂ ਘਰਾਂ ਦੀ ਸੇਵਾ ਲਈ ਪਹਿਲਾਂ ਦੀ ਤਰ੍ਹਾਂ ਤੱਤਪਰ ਰਹਿਣ ਦਾ ਅਹਿਦ ਲਿਆ। ਤੀਜੇ ਮਤੇ ਵਿਚ ਹੜ੍ਹ ਪੀੜਤਾਂ ਦੀ ਮਦਦ ਲਈ ਕਮੇਟੀ ਵਲੋਂ 5 ਕਰੋੜ ਦਾ ਬਜਟ ਖਰਚਣ ਲਈ ਸੁਝਾਅ ਦਿੱਤਾ ਗਿਆ। ਚੌਥੇ ਮਤੇ ਵਿਚ ਹੜ੍ਹ ਪੀੜਤ ਕਿਸਾਨਾਂ ਦੀ ਮਦਦ ਲਈ ਕਮੇਟੀ ਦੇ 50 ਏਕੜਾਂ ਵਿਚ ਝੋਨੇ ਦੀ ਪਨੀਰੀ ਲਗਾਉਣ ਦਾ ਸੁਝਾਅ ਦਿੱਤਾ ਗਿਆ। ਪੰਜਵੇਂ ਮਤੇ ਵਿਚ ਕਮੇਟੀ ਮੈਂਬਰ ਸਾਹਿਬਾਨਾਂ ਨੂੰ ਆਪਣੇ ਇਲਾਕੇ ਵਿਚ ਲੋੜਵੰਦ ਲੋਕਾਂ ਦੀ ਮੱਦਦ ਲਈ ਦਿਤੀ ਜਾਣ ਵਾਲੀ 2 ਲੱਖ ਗ੍ਰਾਂਟ ਨੂੰ ਵਧਾ ਕੇ 5 ਲੱਖ ਰੁ. ਸਾਲਾਨਾ ਕਰਨ ਦਾ ਸੁਝਾਅ ਦਿੱਤਾ ਗਿਆ। ਹਾਜ਼ਰ 15 ਮੈਂਬਰ ਸਾਹਿਬਾਨਾਂ ਅਤੇ 8 ਹੋਰ ਮੈਂਬਰ ਸਾਹਿਬਾਨਾਂ ਨੇ ਇਨ੍ਹਾਂ ਗੁਰਮਤਿਆਂ ਨੂੰ ਫੋਨ 'ਤੇ ਸਹਿਮਤੀ ਦਿੱਤੀ।

# ਪਰਲਜ਼ ਗਰੁੱਪ ਘੁਟਾਲਾ: ਵਿਜੀਲੈਂਸ ਵੱਲੋਂ ਜਾਅਲੀ ਦਸਤਾਵੇਜ਼ ਤਸਦੀਕ ਕਰਨ ਦੇ ਦੋਸ਼ ਵਿਚ ਸੀ.ਏ. ਗ੍ਰਿਫਤਾਰ

**ਚੰਡੀਗੜ੍ਹ, (ਪੰਜਾਬ ਮੇਲ)-** ਪੰਜਾਬ ਵਿਜੀਲੈਂਸ ਬਿਊਰੋ ਦੀ ਵਿਸ਼ੇਸ਼ ਜਾਂਚ ਟੀਮ ਨੇ ਪਰਲਜ਼ ਐਗਰੋਟੈਕ ਕਾਰਪੋਰੇਸ਼ਨ ਲਿਮ. (ਪੀ.ਏ.ਸੀ.ਐੱਲ.) ਘੁਟਾਲੇ ਦੇ ਸਬੰਧ ਵਿਚ ਜਾਅਲੀ ਦਸਤਾਵੇਜ਼ ਤਸਦੀਕ ਕਰਨ ਦੇ ਦੋਸ਼ ਵਿਚ ਚਾਰਟਰਡ ਅਕਾਊਂਟੈਂਟ ਜਸਵਿੰਦਰ ਸਿੰਘ ਡਾਂਗ ਵਾਸੀ ਲੁਧਿਆਣਾ ਨੂੰ ਗ੍ਰਿਫ਼ਤਾਰ ਕੀਤਾ ਹੈ।



ਇਸ ਬਾਰੇ ਜਾਣਕਾਰੀ ਦਿੰਦਿਆਂ ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਦੱਸਿਆ ਕਿ ਇਹ ਗ੍ਰਿਫ਼ਤਾਰੀ ਪੁਲਿਸ ਸਟੇਸ਼ਨ ਪੰਜਾਬ ਸਟੇਟ ਕਰਾਈਮ, ਐੱਸ.ਏ.ਐੱਸ.ਨਗਰ ਵਿਖੇ ਦਰਜ ਐੱਫ.ਆਈ.ਆਰ. ਨੰ. 01 ਮਿਤੀ 21.02.2023 ਤਹਿਤ ਕੀਤੀ ਜਾਂਚ ਉਪਰੰਤ ਕੀਤੀ ਗਈ ਹੈ। ਉਨ੍ਹਾਂ ਦੱਸਿਆ ਕਿ ਪੀ.ਏ.ਸੀ.ਐੱਲ. ਦੀ ਐਕਸਟਰਾ ਔਰਡਨਰੀ ਜਨਰਲ ਮੀਟਿੰਗ (ਈ.ਓ.ਜੀ.ਐੱਮ) ਜੈਪੁਰ (ਰਾਜਸਥਾਨ) ਵਿਚ ਇਸ ਦੇ ਰਜਿਸਟਰਡ ਦਫ਼ਤਰ ਵਿਚ ਹੋਈ ਦਿਖਾਈ ਗਈ ਸੀ, ਜਦੋਂਕਿ ਇਹ ਦਫ਼ਤਰ 7-8 ਸਾਲਾਂ ਤੋਂ ਬੰਦ ਪਿਆ ਸੀ ਅਤੇ ਫ਼ਰਜ਼ੀ ਦਸਤਾਵੇਜ਼ਾਂ ਦੀ ਵਰਤੋਂ ਕਰਕੇ ਪੀ.ਏ.ਸੀ.ਐੱਲ. ਦੇ ਤਿੰਨ ਨਵੇਂ ਡਾਇਰੈਕਟਰਾਂ ਦੀ ਨਿਯੁਕਤੀ ਵੀ ਕੀਤੀ ਗਈ ਸੀ। ਚਾਰਟਰਡ ਅਕਾਊਂਟੈਂਟ ਜਸਵਿੰਦਰ ਸਿੰਘ ਡਾਂਗ ਨੇ ਸਹਿ ਮੁਲਜ਼ਮਾਂ ਨਾਲ ਸਾਜ਼ਿਸ਼ ਰਚ ਕੇ ਫ਼ਰਜ਼ੀ ਦਸਤਾਵੇਜ਼ ਤਸਦੀਕ ਕੀਤੇ ਅਤੇ ਤਿੰਨ ਨਵੇਂ ਡਾਇਰੈਕਟਰਾਂ ਹਿਰਦੇਪਾਲ ਸਿੰਘ ਢਿੱਲੋਂ, ਸੰਦੀਪ ਸਿੰਘ ਮਾਹਲ ਅਤੇ ਧਰਮਿੰਦਰ ਸਿੰਘ ਸੰਧੂ ਦੀ ਨਿਯੁਕਤੀ ਸਬੰਧੀ ਦਸਤਾਵੇਜ਼ ਕਾਰਪੋਰੇਟ ਮਾਮਲਿਆਂ ਬਾਰੇ ਮੰਤਰਾਲੇ ਦੀ ਵੈੱਬਸਾਈਟ 'ਤੇ ਅਪਲੋਡ ਕੀਤੇ। ਹਾਲਾਕਿ ਸੱਚਾਈ ਇਹ ਹੈ ਕਿ ਉਸਨੂੰ ਪਤਾ ਸੀ ਕਿ ਇਹ ਮੀਟਿੰਗ ਅਸਲ ਵਿਚ ਹੋਈ ਹੀ ਨਹੀਂ ਸੀ।

ਬੁਲਾਰੇ ਨੇ ਦੱਸਿਆ ਕਿ ਉਹ ਇਸ ਗੱਲ ਤੋਂ ਵੀ ਭਲੀ-ਭਾਂਤ ਜਾਣੂ ਸੀ ਕਿ ਲਗਭਗ 5 ਕਰੋੜ ਗ਼ਰੀਬ ਅਤੇ ਭੋਲੇ-ਭਾਲੇ ਨਿਵੇਸ਼ਕਾਂ ਨੇ ਪੀ.ਏ.ਸੀ.ਐੱਲ. ਵਿਚ ਲਗਭਗ 50,000 ਕਰੋੜ ਰੁਪਏ ਦਾ ਨਿਵੇਸ਼ ਕੀਤਾ ਹੈ। ਜ਼ਿਕਰਯੋਗ ਹੈ ਕਿ ਪੀ.ਏ.ਸੀ.ਐੱਲ. ਲਿਮ. ਦੀਆਂ ਜਾਇਦਾਦਾਂ ਨੂੰ ਵੇਚਣ ਅਤੇ ਵਿਕਰੀ ਤੋਂ ਹੋਣ ਵਾਲੀ ਕਮਾਈ ਪੀ.ਏ.ਸੀ.ਐੱਲ. ਲਿਮ. ਵਿਚ ਨਿਵੇਸ਼ ਕਰਨ ਵਾਲੇ ਨਿਵੇਸ਼ਕਾਂ ਨੂੰ ਵਾਪਸ ਕਰਨ ਵਾਸਤੇ ਸੁਪਰੀਮ ਕੋਰਟ ਦੇ ਹੁਕਮਾਂ 'ਤੇ ਸੇਬੀ ਵੱਲੋਂ ਜਸਟਿਸ (ਸੇਵਾਮੁਕਤ) ਆਰ.ਐਮ. ਲੋਢਾ ਦੀ ਪ੍ਰਧਾਨਗੀ ਹੇਠ ਇੱਕ ਕਮੇਟੀ ਗਠਿਤ ਕੀਤੀ ਗਈ ਹੈ।



# ਬ੍ਰਿਟਿਸ਼ ਕੋਲੰਬੀਆ ਸਰਕਾਰ ਵੱਲੋਂ ਪੰਜਾਬੀ ਵਕੀਲ ਸੂਬਾਈ ਅਦਾਲਤ 'ਚ ਜੱਜ ਨਿਯੁਕਤ



**ਐਬਟਸਫੋਰਡ, (ਪੰਜਾਬ ਮੇਲ)**-ਕੈਨੇਡਾ ਦੇ ਬ੍ਰਿਟਿਸ਼ ਕੋਲੰਬੀਆ ਸੂਬੇ ਦੀ ਸਰਕਾਰ ਨੇ ਵੈਨਕੂਵਰ ਦੇ ਉੱਘੇ ਪੰਜਾਬੀ ਵਕੀਲ ਪਾਲ ਸੰਧੂ ਨੂੰ ਸੂਬਾਈ ਅਦਾਲਤ ਦਾ ਜੱਜ ਨਿਯੁਕਤ ਕੀਤਾ ਹੈ, ਜੋ ਪੰਜਾਬੀ ਭਾਈਚਾਰੇ ਲਈ ਮਾਣ ਵਾਲੀ ਗੱਲ ਹੈ। ਪਾਲ ਸੰਧੂ ਲੀਗਲ ਆਪ੍ਰੇਸ਼ਨਜ਼ ਫਾਰ ਪ੍ਰੋਸੀਕਿਊਸ਼ਨ ਸਰਵਿਸਿਜ਼ ਬ੍ਰਿਟਿਸ਼ ਕੋਲੰਬੀਆ ਤੇ ਕਰਾਊਨ ਲੀਡ ਪ੍ਰੋਵਿੰਸ਼ਲ ਕੋਰਟਸ ਵਰਚੂਅਲ ਬੇਲ ਪ੍ਰਾਜੈਕਟ ਦੇ ਡਾਇਰੈਕਟਰ ਵਜੋਂ ਸੇਵਾਵਾਂ ਨਿਭਾਅ ਰਹੇ ਹਨ। ਪਾਲ ਸੰਧੂ 8 ਅਗਸਤ ਨੂੰ ਜੱਜ ਦਾ ਅਹੁਦਾ ਸੰਭਾਲਣਗੇ।

ਜ਼ਿਕਰਯੋਗ ਹੈ ਕਿ ਬ੍ਰਿਟਿਸ਼ ਕੋਲੰਬੀਆ 'ਚ 2 ਪੰਜਾਬੀ ਤੇ 4 ਪੰਜਾਬਣਾਂ ਸੂਬਾਈ ਅਦਾਲਤ ਦੇ ਜੱਜ ਹਨ, ਜਿਨ੍ਹਾਂ 'ਚ ਹਰਬੰਸ ਢਿੱਲੋਂ ਸਤਿੰਦਰ ਸਿੱਧੂ, ਨੀਨਾ ਪੁਰੇਵਾਲ, ਸੂਜਨ ਸੰਘਾ, ਗੁਰਮੇਲ ਸਿੰਘ ਗਿੱਲ ਤੇ ਪਾਲ ਸੰਧੂ ਜੱਜ ਹਨ। ਜ਼ਿਲ੍ਹਾ ਮੋਗਾ ਦੇ ਪਿੰਡ ਢੁੱਡੀਕੇ ਨਾਲ ਸੰਬੰਧਿਤ ਗੁਰਮੇਲ ਸਿੰਘ ਗਿੱਲ ਪਹਿਲੇ ਪੰਜਾਬੀ ਹਨ, ਜਿਨ੍ਹਾਂ ਨੂੰ ਬ੍ਰਿਟਿਸ਼ ਕੋਲੰਬੀਆ ਸਰਕਾਰ ਵਲੋਂ 1994 'ਚ ਸੂਬਾਈ ਅਦਾਲਤ ਦਾ ਜੱਜ ਨਿਯੁਕਤ ਕੀਤਾ ਗਿਆ ਸੀ।

ਸਫਾ 1 ਦਾ ਬਾਕੀ

## ਪਿਛਲੇ 20 ਸਾਲਾਂ ਦੌਰਾਨ ਜਾਅਲੀ ਡਿਗਰੀਆਂ 'ਤੇ ਭਰਤੀ...

ਇਸ ਦੇ ਨਾਲ ਹੀ ਦੂਜੇ ਜ਼ਿਲ੍ਹਿਆਂ ਵਿਚ ਵੀ ਅਜਿਹੇ ਅਧਿਆਪਕਾਂ ਦੀ ਗਿਣਤੀ ਘੱਟ ਨਹੀਂ ਹੈ। 100 ਤੋਂ ਵੱਧ ਅਜਿਹੇ ਅਧਿਆਪਕਾਂ ਦਾ ਰਿਕਾਰਡ ਵਿਜੀਲੈਂਸ ਬਿਊਰੋ ਕੋਲ ਪਹੁੰਚ ਗਿਆ ਹੈ, ਜਿਨ੍ਹਾਂ ਨੇ ਗੈਰ-ਮਾਨਤਾ ਪ੍ਰਾਪਤ ਯੂਨੀਵਰਸਿਟੀਆਂ ਦੀਆਂ ਜਾਅਲੀ ਡਿਗਰੀਆਂ 'ਤੇ ਨੌਕਰੀ ਹਸਲ ਕੀਤੀ ਹੈ।

ਵਿਜੀਲੈਂਸ ਹੁਣ ਵੱਖ-ਵੱਖ ਸਮੇਂ ਅਧਿਆਪਕਾਂ ਦੀ ਹੋਈ ਭਰਤੀ ਦੌਰਾਨ ਉਨ੍ਹਾਂ ਦੇ ਸਰਟੀਫਿਕੇਟ ਚੈੱਕ ਕਰਨ ਵਾਲੇ ਅਫ਼ਸਰਾਂ ਤੋਂ ਵੀ ਪੁੱਛਗਿੱਛ ਕਰਨ ਦੀ ਤਿਆਰੀ ਕਰ ਰਹੀ ਹੈ। ਯੂਨੀਵਰਸਿਟੀਆਂ ਦੇ ਸਰਟੀਫਿਕੇਟਾਂ ਦੀ ਜਾਂਚ ਦੌਰਾਨ ਵਰਤੇ ਜਾਂਦੇ ਨਿਯਮਾਂ ਅਤੇ ਤਰੀਕਿਆਂ ਬਾਰੇ ਸਬੰਧਤ ਅਧਿਕਾਰੀਆਂ ਤੋਂ ਵਿਸਥਾਰ ਵਿਚ ਪੁੱਛ-ਪੜਤਾਲ ਕੀਤੀ ਜਾਵੇਗੀ।

ਜਾਅਲੀ ਡਿਗਰੀਆਂ ਦੇ ਆਧਾਰ 'ਤੇ ਨੌਕਰੀਆਂ ਮਿਲਣ ਦੇ ਜ਼ਿਆਦਾਤਰ ਮਾਮਲੇ ਅਕਾਲੀ ਦਲ ਦੀ ਸਰਕਾਰ 'ਚ ਸਾਬਕਾ ਸਿੱਖਿਆ ਮੰਤਰੀ ਤੋਤਾ ਸਿੰਘ ਦੇ ਸਮੇਂ ਦੇ ਹਨ। ਉਸ ਤੋਂ ਬਾਅਦ ਵੀ ਇਹ ਸਿਲਸਿਲਾ ਜਾਰੀ ਹੈ। ਸਾਲ 2004 ਵਿਚ ਕਈ ਸ਼ਿਕਾਇਤਾਂ ਮਿਲਣ ਤੋਂ ਬਾਅਦ ਸਿੱਖਿਆ ਵਿਭਾਗ ਦੇ ਤਤਕਾਲੀ ਡਿਪਟੀ ਡਾਇਰੈਕਟਰ ਅਜਮੇਰ ਸਿੰਘ ਨੇ ਮਗਧ ਯੂਨੀਵਰਸਿਟੀ ਵੱਲੋਂ ਅਧਿਆਪਕਾਂ ਨੂੰ ਦਿੱਤੀਆਂ ਡਿਗਰੀਆਂ ਦੀ ਜਾਂਚ ਕਰਨ ਲਈ ਹੀ ਇੱਕ ਕਮੇਟੀ ਬਣਾਈ ਸੀ। ਅਜਮੇਰ ਸਿੰਘ ਉਸ ਕਮੇਟੀ ਦੇ ਚੇਅਰਪਰਸਨ ਸਨ।

ਅਜਮੇਰ ਸਿੰਘ ਨੇ 6 ਸਾਲ ਤੱਕ ਇਨ੍ਹਾਂ ਫਰਜ਼ੀ ਡਿਗਰੀਆਂ ਦੀ ਜਾਂਚ ਕੀਤੀ। ਮਗਧ ਯੂਨੀਵਰਸਿਟੀ ਤੋਂ ਕੁੱਲ 69 ਡਿਗਰੀ ਦਾ ਰਿਕਾਰਡ ਮੰਗਿਆ ਗਿਆ ਸੀ। ਯੂਨੀਵਰਸਿਟੀ ਨੇ 69 ਡਿਗਰੀਆਂ ਵਿਚੋਂ ਰਿਕਾਰਡ 13 ਡਿਗਰੀਆਂ ਦੇਣ ਤੋਂ ਇਨਕਾਰ ਕਰ ਦਿੱਤਾ ਕਿਉਂਕਿ ਇਹ ਸਾਰੀਆਂ ਡਿਗਰੀਆਂ ਸਿਆਸੀ ਪ੍ਰਭਾਵ ਕਾਰਨ ਸਾਹਮਣੇ ਨਹੀਂ ਆ ਸਕੀਆਂ। ਯੂਨੀਵਰਸਿਟੀ ਨੇ ਉਸ ਸਮੇਂ ਜੋ 56 ਡਿਗਰੀਆਂ ਦਾ ਰਿਕਾਰਡ ਮੁਹੱਈਆ ਕਰਵਾਇਆ ਸੀ, ਉਹ ਸਾਰੇ ਜਾਅਲੀ ਪਾਏ ਗਏ ਸਨ। ਉਸ ਸਮੇਂ ਦੀ ਸਰਕਾਰ ਨੇ ਇਹ ਜਾਅਲੀ ਡਿਗਰੀਆਂ ਹਾਸਲ ਕਰਨ ਵਾਲੇ ਅਧਿਆਪਕਾਂ ਵਿਰੁੱਧ ਕੋਈ ਕਾਰਵਾਈ ਨਹੀਂ ਕੀਤੀ। ਅਜਮੇਰ ਸਿੰਘ 2009 ਵਿਚ ਸੇਵਾਮੁਕਤ ਹੋ ਗਏ ਸਨ, ਜਿਸ ਤੋਂ ਬਾਅਦ ਸਾਰਾ ਮਾਮਲਾ ਦੱਬ ਗਿਆ ਸੀ।

ਸਫਾ 1 ਦਾ ਬਾਕੀ

## ਤੁਸੀਂ ਹੁਣ ਆਪਣੇ ਕੰਮ ਅਤੇ ਯਾਤਰਾ ਪਰਮਿਟ ਦੇ ਉਡੀਕ ...

ਏਜੰਸੀ ਨੇ ਕਿਹਾ, "ਹਾਲਾਂਕਿ ਅਨੁਮਾਨ ਸਮਾਨ ਵਿਸ਼ੇਸ਼ਤਾਵਾਂ ਵਾਲੇ ਕੇਸਾਂ ਦੇ ਇਤਿਹਾਸਕ ਪੈਟਰਨਾਂ 'ਤੇ ਆਧਾਰਿਤ ਹਨ, ਪਰ ਇਸ ਦੀ ਕੋਈ ਗਾਰੰਟੀ ਨਹੀਂ ਦਿੱਤੀ ਜਾ ਸਕਦੀ, ਹਰ ਸੰਭਵ ਵਿਲੱਖਣ ਐਪਲੀਕੇਸ਼ਨ ਪ੍ਰੋਸੈਸਿੰਗ ਦੇਰੀ ਨੂੰ ਧਿਆਨ ਵਿਚ ਨਹੀਂ ਰੱਖ ਸਕਦੇ ਹਨ ਅਤੇ ਅਸਲ ਪ੍ਰੋਸੈਸਿੰਗ ਸਮਾਂ ਵੱਧ ਜਾਂ ਘੱਟ ਵੀ ਸਕਦਾ ਹੈ"।

my Progress ਫਾਰਮ I-130 ("ਏਲੀਅਨ ਰਿਸ਼ਤੇਦਾਰ ਲਈ ਪਟੀਸ਼ਨ"), N-400 (ਨੈਚੁਰਲਾਈਜ਼ੇਸ਼ਨ ਐਪਲੀਕੇਸ਼ਨ), ਅਤੇ ਫਾਰਮ ਆਈ-90 ("ਸਥਾਈ ਨਿਵਾਸੀ ਕਾਰਡ ਨੂੰ ਬਦਲਣ ਲਈ ਅਰਜ਼ੀ") ਲਈ ਪਹਿਲਾਂ ਹੀ ਉਪਲਬਧ ਹੈ।

ਆਪਣੀ ਅਰਜ਼ੀ ਲਈ ਉਡੀਕ ਸਮੇਂ ਦੀ ਜਾਂਚ ਕਰਨ ਲਈ, ਤੁਹਾਨੂੰ ਪਹਿਲਾਂ ਇੱਕ ਯੂ.ਐੱਸ.ਸੀ.ਆਈ.ਐੱਸ. ਆਨਲਾਈਨ ਖਾਤਾ ਬਣਾਉਣ ਜਾਂ ਆਪਣੇ ਮੌਜੂਦਾ ਖਾਤੇ ਵਿਚ ਲਾਗ-ਇਨ ਕਰਨ ਦੀ ਲੋੜ ਹੋਵੇਗੀ।

ਸਫਾ 1 ਦਾ ਬਾਕੀ

## ਬਾਇਡਨ ਨੇ ਗੈਰ ਕਾਨੂੰਨੀ ਪਰਿਵਾਰਾਂ ਦੇ ਡੀ.ਐੱਨ.ਏ. ਜਾਂਚ ...

ਉਸ ਫੈਸਲੇ ਵਿਚ, ਜ਼ਿਲ੍ਹਾ ਅਦਾਲਤ ਨੇ ਕਿਹਾ ਕਿ ਕਸਟਮਜ਼ ਅਤੇ ਬਾਰਡਰ ਪ੍ਰੋਟੈਕਸ਼ਨ ਸਿਰਫ ਨਾਬਾਲਗਾਂ ਨੂੰ ਹੀ ਵੱਧ ਤੋਂ ਵੱਧ 20 ਦਿਨਾਂ ਲਈ ਹਿਰਾਸਤ ਵਿਚ ਲੈ ਸਕਦਾ ਹੈ, ਚਾਹੇ ਉਹ ਮਾਪਿਆਂ ਜਾਂ ਸਰਪ੍ਰਸਤ ਦੇ ਨਾਲ ਹੋਣ। 2016 ਵਿਚ ਨੌਵੀਂ ਸਰਕਟ ਕੋਰਟ ਆਫ ਅਪੀਲਜ਼ ਦੁਆਰਾ ਪੁਸ਼ਟੀ ਕੀਤੇ ਗਏ ਇਸ ਫੈਸਲੇ ਨੇ, ਉਨ੍ਹਾਂ ਦੇ ਨਾਲ ਆਏ ਮਾਪਿਆਂ ਜਾਂ ਸਰਪ੍ਰਸਤਾਂ ਦੇ ਨਾਲ ਨਾਬਾਲਗਾਂ ਦੀ ਵਿਆਪਕ ਰਿਹਾਈ ਦੀ ਅਗਵਾਈ ਕੀਤੀ।

ਦੁਨੀਆਂ ਭਰ ਤੋਂ ਲੋਕ ਆਪਣੇ ਪਰਿਵਾਰਾਂ ਨੂੰ ਨਾਲ ਲੈ ਕੇ ਅਮਰੀਕਾ ਵਿਚ ਪ੍ਰਵਾਸ ਕਰਨ ਲਈ ਬਾਰਡਰਾਂ 'ਤੇ ਪਹੁੰਚ ਗਏ। ਜਾਂਚ ਕਰਨ 'ਤੇ ਪਤਾ ਲੱਗਿਆ ਕਿ ਇਨ੍ਹਾਂ ਵਿਚ ਬਹੁਤ ਸਾਰੇ ਬੱਚੇ ਸਮੱਗਲ ਕਰਕੇ ਲਿਆਂਦੇ ਗਏ ਸਨ, ਜਿਨ੍ਹਾਂ ਦਾ ਉਨ੍ਹਾਂ ਨਾਲ ਆਉਣ ਵਾਲੇ ਫਰਜ਼ੀ ਮਾਂ-ਬਾਪ ਨਾਲ ਕੋਈ ਸੰਬੰਧ ਨਹੀਂ ਸੀ। ਡੀ.ਐੱਨ.ਏ. ਟੈਸਟਿੰਗ ਕੰਪਨੀ ਨਾਲ ਅਮਰੀਕੀ ਸਰਕਾਰ ਦਾ ਇਕਰਾਰ ਖਤਮ ਹੋ ਗਿਆ ਹੈ ਅਤੇ ਬਾਇਡਨ ਪ੍ਰਸ਼ਾਸਨ ਨੇ ਇਸ ਨੂੰ ਰੀਨਿਊ ਨਾ ਕਰਨਾ ਦਾ ਫੈਸਲਾ ਕੀਤਾ ਹੈ।

ਸਫਾ 1 ਦਾ ਬਾਕੀ

## ਕੈਨੇਡਾ ਵੱਲੋਂ ਆਪਣੇ ਤਕਨੀਕੀ ਕਰਮਚਾਰੀਆਂ ਨੂੰ...

1.45 ਮਿਲੀਅਨ ਪ੍ਰਵਾਸੀਆਂ ਦਾ ਸੁਆਗਤ ਕਰਨਾ ਚਾਹੁੰਦਾ ਹੈ, ਸਿਹਤ ਸੰਭਾਲ ਅਤੇ ਹੋਰ ਮੰਗ-ਰਹਿਤ ਨੌਕਰੀ ਦੇ ਹੁਨਰਾਂ ਵਿਚ ਸਿਖਲਾਈ ਪ੍ਰਾਪਤ ਲੋਕਾਂ 'ਤੇ ਧਿਆਨ ਕੇਂਦਰਿਤ ਕਰਨਾ, ਅਤੇ ਆਪਣੀ ਆਰਥਿਕਤਾ ਦੇ ਮੁੱਖ ਖੇਤਰਾਂ ਲਈ ਇੱਕ ਹੁਨਰਮੰਦ ਕਾਰਜਬਲ ਨੂੰ ਸੁਰੱਖਿਅਤ ਕਰਨਾ ਚਾਹੁੰਦਾ ਹੈ।

ਕੈਨੇਡਾ ਦੀ 38.25 ਮਿਲੀਅਨ ਦੀ ਆਬਾਦੀ ਸੰਯੁਕਤ ਰਾਜ ਵਿਚ 331.9 ਮਿਲੀਅਨ ਦਾ ਲਗਭਗ 11.5% ਹੈ, ਜਿੱਥੇ ਐੱਚ-1ਬੀ ਵੀਜ਼ਾ ਸ਼੍ਰੇਣੀ ਵਰਤਮਾਨ ਵਿਚ 85,000 ਤੋਂ ਵੱਧ ਉੱਚ ਹੁਨਰਮੰਦ ਵਿਦੇਸ਼ੀ ਘੱਟੋ-ਘੱਟ ਤਿੰਨ ਸਾਲਾਂ ਲਈ ਦੇਸ਼ ਵਿਚ ਕੰਮ ਕਰਨ ਦੀ ਇਜਾਜ਼ਤ ਦਿੰਦੀ ਹੈ।

ਯੂ.ਐੱਸ. ਸਿਟੀਜ਼ਨਸ਼ਿਪ ਐਂਡ ਇਮੀਗ੍ਰੇਸ਼ਨ ਸਰਵਿਸਿਜ਼ ਨੇ ਰਿਪੋਰਟ ਦਿੱਤੀ ਕਿ ਵਿੱਤੀ ਸਾਲ 2024 ਲਈ, ਏਜੰਸੀ ਨੂੰ ਰੁਜ਼ਗਾਰਦਾਤਾਵਾਂ ਤੋਂ 780,884 ਅਰਜ਼ੀਆਂ ਪ੍ਰਾਪਤ ਹੋਈਆਂ ਅਤੇ 110,791 ਅਰਜ਼ੀਆਂ ਨੂੰ ਮਨਜ਼ੂਰੀ ਦਿੱਤੀ ਗਈ। ਵਿੱਤੀ ਸਾਲ 2023 ਵਿਚ, ਕੁੱਲ 483,927 ਅਰਜ਼ੀਆਂ ਸਨ ਅਤੇ 127,600 ਲੋਕ ਚੁਣੇ ਗਏ ਸਨ।

ਸੰਯੁਕਤ ਰਾਜ ਵਿਚ 1,400 ਰੁਜ਼ਗਾਰਦਾਤਾਵਾਂ ਅਤੇ ਸੀ.ਈ.ਓਜ਼ ਦੇ ਗਠਜੋੜ, ਦੋ-ਪੱਖੀ ਅਮਰੀਕੀ ਇਮੀਗ੍ਰੇਸ਼ਨ ਬਿਜ਼ਨਸ ਗੱਠਜੋੜ ਦੀ ਕਾਰਜਕਾਰੀ ਨਿਰਦੇਸ਼ਕ ਰੇਬੇਕਾ ਸ਼ੀ ਨੇ ਕਿਹਾ, "ਇਹ ਲਗਾਤਾਰ ਮਜ਼ਦੂਰਾਂ ਦੀ ਘਾਟ, ਕਾਰਜਬਲ ਦੀ ਘਾਟ, ਹਰੇਕ (ਕੈਨੇਡਾ ਅਤੇ ਯੂ.ਐੱਸ.) ਨੂੰ ਪ੍ਰਭਾਵਿਤ ਕਰ ਰਹੀ ਹੈ।

ਕੈਨੇਡਾ ਦੁਆਰਾ ਪ੍ਰਵਾਨਿਤ ਬਿਨੈਕਾਰਾਂ ਨੂੰ ਇੱਕ ਵਰਕ ਪਰਮਿਟ ਪ੍ਰਾਪਤ ਹੋਵੇਗਾ, ਜੋ ਤਿੰਨ ਸਾਲਾਂ ਤੱਕ ਵੈਧ ਹੁੰਦਾ ਹੈ, ਜੋ ਉਨ੍ਹਾਂ ਨੂੰ ਕੈਨੇਡਾ ਵਿਚ ਕਿਸੇ ਵੀ ਰੁਜ਼ਗਾਰਦਾਤਾ ਲਈ ਕੰਮ ਕਰਨ ਦੀ ਇਜਾਜ਼ਤ ਦਿੰਦਾ ਹੈ।

ਇਹ ਦੇਖਣਾ ਬਾਕੀ ਹੈ ਕਿ ਕੈਨੇਡਾ ਅਮਰੀਕਾ ਤੋਂ ਮਜ਼ਦੂਰਾਂ ਨੂੰ ਲਿਆਉਣ ਵਿਚ ਕਿੰਨਾ ਕੁ ਕਾਮਯਾਬ ਹੋਵੇਗਾ।

ਨਵਾਂ ਵਰਕ ਪ੍ਰੋਗਰਾਮ ਸਥਾਈ ਨਿਵਾਸ ਲਈ ਅਗਵਾਈ ਨਹੀਂ ਕਰਦਾ, ਪਰ 10,000 ਐੱਚ-1ਬੀ ਵੀਜ਼ਾ ਧਾਰਕਾਂ ਦੇ ਜੀਵਨ ਸਾਥੀ ਅਤੇ ਸ਼ਰਨ ਲੈਣ ਵਾਲੇ ਸਟੱਡੀ ਜਾਂ ਵਰਕ ਪਰਮਿਟ ਜਾਂ ਅਸਥਾਈ ਨਿਵਾਸੀ ਵੀਜ਼ਾ ਲਈ ਅਰਜ਼ੀ ਦੇਣ ਦੇ ਯੋਗ ਹੋਣਗੇ।

ਸੰਯੁਕਤ ਰਾਜ ਵਿਚ ਐੱਚ-1ਬੀ ਵੀਜ਼ਾ ਧਾਰਕ ਕਾਨੂੰਨੀ ਸਥਾਈ ਨਿਵਾਸ ਲਈ ਅਰਜ਼ੀ ਦੇ ਸਕਦੇ ਹਨ, ਪਰ ਸਿਰਫ ਉਨ੍ਹਾਂ ਦੇ ਜੀਵਨ ਸਾਥੀ ਹੀ, ਜਿਨ੍ਹਾਂ ਦੀ ਨਿਵਾਸ ਅਰਜ਼ੀ ਬਕਾਇਆ ਹੈ, ਰੁਜ਼ਗਾਰ ਦੇ ਅਧਿਕਾਰ ਲਈ ਯੋਗ ਹਨ।

# ਅਮਰੀਕਾ ਦੇ ਸਕੂਲਾਂ 'ਚ ਗੋਲੀਬਾਰੀ ਦੀਆਂ ਘਟਨਾਵਾਂ ਤੋਂ ਬਚਾਉਣਗੇ ਰੋਬੋਟ !

**ਵਾਸ਼ਿੰਗਟਨ, (ਪੰਜਾਬ ਮੇਲ)**- ਅਮਰੀਕਾ ਦੇ ਸਕੂਲਾਂ ਵਿਚ ਲਗਾਤਾਰ ਵਧਦੀ ਗੋਲੀਬਾਰੀ ਦੀਆਂ ਘਟਨਾਵਾਂ ਤੋਂ ਬਚਣ ਦੇ ਰਸਤੇ ਲੱਭੇ ਜਾ ਰਹੇ ਹਨ। ਇਸੇ ਸਿਲਸਿਲੇ ਵਿਚ ਯੂ.ਐੱਸ. ਦੇ ਨਿਊ ਮੈਕਸੀਕੋ ਵਿਚ ਇਕ ਸਕੂਲ ਨੇ ਪਾਇਲਟ ਪ੍ਰਾਜੈਕਟ ਸ਼ੁਰੂ ਕੀਤਾ ਹੈ, ਜਿਸ ਤਹਿਤ ਇਕ ਰੋਬੋਟ ਦਿਨ ਦੇ 24 ਘੰਟੇ ਤੇ ਹਫਤੇ ਦੇ 7 ਦਿਨ ਕੈਂਪਸ ਵਿਚ ਗਸ਼ਤ ਲਗਾ ਰਿਹਾ ਹੈ। ਸਾਂਤਾ ਫੇ ਹਾਈ ਸਕੂਲ ਵਿਚ ਇਹ ਰੋਬੋਟ ਸਕੂਲ ਦੀ ਸਾਧਾਰਨ ਗਤੀਵਿਧੀਆਂ ਸਿੱਖ ਰਿਹਾ ਹੈ। ਇਹ ਅਜਿਹਾ ਲੋਕਾਂ ਦੀ ਪਛਾਣ ਕਰਦਾ ਹੈ ਜੋ ਕਈ ਘੰਟਿਆਂ ਦੇ ਬਾਅਦ ਕੈਂਪਸ ਵਿਚ ਦੇਖੇ ਜਾਂਦੇ ਹਨ। ਜੇਕਰ ਕਿਸੇ ਸ਼ੂਟਰ ਜਾਂ ਹੋਰ ਕਿਸੇ ਤਰ੍ਹਾਂ ਦਾ ਖਤਰਾ ਹੈ, ਤਾਂ ਰੋਬੋਟ ਸਕਿਓਰਿਟੀ ਟੀਮ ਨੂੰ ਅਲਰਟ ਕਰ ਦੇਵੇਗਾ।

### ਨਿਊ ਮੈਕਸੀਕੋ ਦੇ ਸਕੂਲ ਨੇ ਪਾਇਲਟ ਪ੍ਰਾਜੈਕਟ ਸ਼ੁਰੂ ਕੀਤਾ



ਖਤਰਾ ਹੋਣ 'ਤੇ ਰੋਬੋਟ ਘੁਸਪੈਠੀਏ ਵੱਲ ਵਧੇਗਾ ਤੇ ਸੁਰੱਖਿਆ ਅਧਿਕਾਰੀਆਂ ਤੱਕ ਵੀਡੀਓ ਫੁਟੇਜ ਵੀ ਪਹੁੰਚਾਏਗਾ। ਭਾਵੇਂ ਹੀ ਇਹ ਬੋਰੋਟ ਹਥਿਆਰਾਂ ਨਾਲ ਲੈਸ ਨਾ ਹੋਵੇ ਪਰ ਇਹ ਘੁਸਪੈਠੀਆਂ ਦਾ ਸਾਹਮਣਾ ਕਰਨ ਵਿਚ ਸਮਰੱਥ ਹੈ। ਇੰਨਾ ਹੀ ਨਹੀਂ, ਸੁਰੱਖਿਆ ਟੀਮ ਦੇ ਮੈਂਬਰ ਇਸ ਰੋਬੋਟ ਦੇ ਕਮਿਊਨੀਕੇਸ਼ਨ ਸਿਸਟਮ ਜ਼ਰੀਏ ਘੁਸਪੈਠੀਆਂ ਨਾਲ ਗੱਲਬਾਤ ਕਰ ਸਕਦੇ ਹਨ।

ਸਕੂਲ ਨੇ ਪਾਇਲਟ ਟੈਸਟ ਦੌਰਾਨ ਰੋਬੋਟ ਨੂੰ ਹਥਿਆਰਾਂ ਨਾਲ ਲੈਸ ਨਾ ਕਰਨ ਦਾ ਬਦਲ ਚੁਣਿਆ ਹੈ। ਹਾਲਾਂਕਿ ਸੁੱਖਿਆ ਟੀਮ ਇਹ ਦੇਖ ਰਹੀ ਹੈ ਕਿ ਕੀ ਇਸ ਨੂੰ ਬਾਅਦ ਵਿਚ ਜੋੜਿਆ ਜਾ ਸਕਦਾ ਹੈ। ਸਕੂਲ ਦੇ ਸੁਰੱਖਿਆ ਕਾਰਜਕਾਰੀ ਡਾਇਰੈਕਟਰ ਮਾਰੀਓ ਸਾਲਬਿਡ੍ਰੇਜ ਨੇ ਇਹ ਜਾਣਕਾਰੀ ਦਿੱਤੀ। ਰਿਪੋਰਟ ਮੁਤਾਬਕ ਰੋਬੋਟ ਵਿਚ ਫਿਲਹਾਲ ਚਿਹਰੇ ਦੀ ਪਛਾਣ ਕਰਨ ਦਾ ਆਪਸ਼ਨ ਨਹੀਂ ਹੈ ਤੇ ਸਕੂਲ ਦੇ ਕੋਲ ਹੀ ਇਸ ਦੇ ਵੀਡੀਓ ਫੁਟੇਜ ਦਾ ਮਾਲਕਾਨਾ ਹੋਵੇਗਾ। ਮਤਲਬ ਸਕੂਲ ਇਹ ਤੈਅ ਕਰੇਗਾ ਕਿ ਵੀਡੀਓ ਨੂੰ ਸੇਵ ਕਰਨਾ ਹੈ ਜਾਂ ਨਹੀਂ। ਹੁਣ ਤੱਕ ਰੋਪੋਟ ਨੇ ਕੈਂਪਸ ਵਿਚ ਘੁਸਪੈਠੀਆਂ ਨੂੰ ਨਹੀਂ ਦੇਖਿਆ ਹੈ ਪਰ ਸੁਰੱਖਿਆ ਟੀਮ ਨੂੰ ਸਕੂਲ ਵਿਚ ਐਂਟਰੀ ਕਰਨ ਵਾਲੇ ਕੁਝ ਮਜ਼ਦੂਰਾਂ ਬਾਰੇ ਜਾਣਕਾਰੀ ਜ਼ਰੂਰ ਦਿੱਤੀ ਹੈ। ਇਸ ਨੇ ਬੰਦ ਦਰਵਾਜ਼ੇ ਖੋਲ੍ਹਣ ਦੀ ਕੋਸ਼ਿਸ਼ ਕਰਨ ਵਾਲਿਆਂ ਬਾਰੇ ਵੀ ਅਲਰਟ ਕਰ ਦਿੱਤਾ ਸੀ।

# ਆਸਟਰੇਲੀਆ ਦੇ ਸੂਬੇ ਵਿਕਟੋਰੀਆ ਨੇ 2026 ਦੀਆਂ ਰਾਸ਼ਟਰਮੰਡਲ ਖੇਡਾਂ ਦਾ ਖਰਚਾ ਵਧਣ ਕਾਰਨ ਮੇਜ਼ਬਾਨੀ ਛੱਡੀ

**ਮੈਲਬੌਰਨ, (ਪੰਜਾਬ ਮੇਲ)**- ਆਸਟਰੇਲੀਆ ਦੇ ਵਿਕਟੋਰੀਆ ਰਾਜ ਨੇ ਅਨੁਮਾਨਿਤ ਲਾਗਤ ਵਧਣ ਕਾਰਨ 2026 ਰਾਸ਼ਟਰਮੰਡਲ ਖੇਡਾਂ ਦੀ ਮੇਜ਼ਬਾਨੀ ਛੱਡ ਦਿੱਤੀ ਹੈ। ਵਿਕਟੋਰੀਆ ਦੇ ਮੁੱਖ ਮੰਤਰੀ ਡੇਨੀਅਲ ਐਂਡਰਿਊਜ਼ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਪਿਛਲੇ ਸਾਲ ਇਨ੍ਹਾਂ ਖੇਡਾਂ ਦੀ ਮੇਜ਼ਬਾਨੀ ਲਈ ਸਹਿਮਤ ਹੋ ਗਈ ਸੀ ਪਰ ਕਿਸੇ ਵੀ ਕੀਮਤ 'ਤੇ ਨਹੀਂ। ਉਨ੍ਹਾਂ ਦੀ ਸਰਕਾਰ ਨੇ ਸ਼ੁਰੂ ਵਿਚ ਪੰਜ ਸ਼ਹਿਰਾਂ ਵਿਚ ਖੇਡਾਂ ਦੀ ਮੇਜ਼ਬਾਨੀ ਲਈ 2.6 ਅਰਬ ਆਸਟਰੇਲੀਅਨ ਡਾਲਰ (1.8 ਅਰਬ ਅਮਰੀਕੀ ਡਾਲਰ) ਦਾ ਬਜਟ ਰੱਖਿਆ ਸੀ ਪਰ ਹਾਲ ਹੀ ਦੇ ਅਨੁਮਾਨਾਂ ਨੇ ਸੰਭਾਵੀ ਲਾਗਤ 7 ਅਰਬ ਆਸਟਰੇਲੀਅਨ ਡਾਲਰ (4.8 ਅਰਬ ਅਮਰੀਕੀ ਡਾਲਰ) ਤੱਕ ਪੁੱਜ ਗਈ ਹੈ।


Do you know how to plan & secure your finances?

*Book your free consultations for*

- Tax free Retirement Planning
- College Education Planning
- Proper Protection
- Health & Disability (Long Term Care Planning)
- Annuities
- Will & Trust (Discounted for a limited time with conditions applied)
- Building Legacy



Harsimran Bajwa

Lic# 4267166

Call/Text: (916) 479-4783

Email: bajwahgi@gmail.com

*Let's do the needful to secure our life and our family's future!*



# ਗਰੇਟਾ ਬਨਬਰਗ ਦੀ ਵੰਗਾਰ ਨੂੰ ਸਵੀਕਾਰ ਕਰਨਾ ਹੋਵੇਗਾ

-ਬਲਜਿੰਦਰ ਮਾਨ
ਸੰਪਾਦਕ ਨਿੱਕੀਆਂ ਕਰੂੰਬਲਾਂ
ਮਾਹਿਲਪੁਰ (ਹੁਸ਼ਿਆਰਪੁਰ
98150-18947
(Punjab Mail USA)



ਮਨੁੱਖ ਦੀਆਂ ਬੇਤਹਾਸ਼ਾ ਵਧੀਆਂ ਲਾਲਸਾਵਾਂ ਨੇ ਕੁਦਰਤ ਨਾਲ ਐਸਾ ਆਢਾ ਲਿਆ ਕਿ ਉਸਨੇ ਦਿਨੇ ਤਾਰੇ ਦਿਖਾ ਦਿੱਤੇ। ਵਾਤਾਵਰਨ ਪ੍ਰੇਮੀਆਂ ਦਾ ਮੰਨਣਾ ਹੈ ਕਿ ਇਹ ਜੋ ਵਰਤਾਰਾ ਵਰਤ ਰਿਹਾ ਹੈ, ਮਨੁੱਖ ਦੁਆਰਾ ਕੀਤੀਆਂ ਮਨਮਰਜ਼ੀਆਂ ਦਾ ਹੀ ਸਿੱਟਾ ਹੈ। ਵਿਗਿਆਨ ਦਾ ਨਿਯਮ ਹੈ ਕਿ ਜਿਸ ਵਸਤੂ ਨੂੰ ਅਸੀਂ ਜਿੰਨੀ ਜ਼ੋਰ ਨਾਲ ਦਬਾਉਂਦੇ ਹਾਂ, ਤਾਂ ਉਹ ਉਸ ਤੋਂ ਕਈ ਗੁਣਾਂ ਵੱਧ ਜ਼ੋਰ ਨਾਲ ਉਭਰਦੀ ਹੈ। ਇਸ ਕਰਕੇ ਅਸੀਂ ਵਿਗਿਆਨ ਅਤੇ ਕੁਦਰਤੀ ਵਾਤਾਵਰਨ ਦੇ ਉਲਟ ਚੱਲ ਕੇ ਪੈਸੇ ਦੀ ਅੰਨ੍ਹੀ ਦੌੜ 'ਚ ਗੁਆਚੇ ਹੋਏ ਹਾਂ। ਕੁਦਰਤ ਸਮੇਂ-ਸਮੇਂ 'ਤੇ ਸਾਨੂੰ ਸੁਚੇਤ ਕਰਦੀ ਰਹਿੰਦੀ ਹੈ ਪਰ ਅਸੀਂ ਸਿੱਖਦੇ ਕੁੱਝ ਵੀ ਨਹੀਂ। ਸੁੱਖ-ਸਹੂਲਤਾਂ ਦੀ ਭਾਲ਼ 'ਚ ਕੁਦਰਤ ਦੁਆਰਾ ਬਖਸ਼ੀਆਂ ਨਿਆਮਤਾਂ ਦਾ ਸੱਤਿਆਨਾਸ ਕਰੀ ਜਾ ਰਹੇ ਹਾਂ। ਫਿਰ ਦੋਸ਼ੀ ਅਸੀਂ ਉਸ ਮਾਲਕ ਨੂੰ ਠਹਿਰਾਉਂਦੇ ਹਾਂ। ਵਿਚਾਰ ਕਰੋ ਜਦ ਅਸੀਂ ਉਸਦੇ ਕਹਿਣੇਕਾਰ ਹੀ ਨਹੀ ਹਾਂ, ਤਾਂ ਉਹ ਸਾਡੇ ਨਾਲ ਭਲੀ ਕਿਵੇ ਗੁਜ਼ਾਰੇ, ਸ਼ਾਇਦ ਇਸੇ ਕਰਕੇ ਇੰਦਰ ਦੇਵਤਾ ਅਤੇ ਖੁਆਜਾ ਪੀਰ ਵੀ ਸਾਡੀਆਂ ਅਰਜ਼ੋਈਆ ਨਹੀਂ ਸੁਣਦੇ। ਇਹ ਸੌ ਫੀਸਦੀ ਸੱਚਾਈ ਹੈ ਕਿ ਅਸੀਂ ਖੇਤ ਵਿਚ ਜਿਹੜੀ ਫਸਲ ਬੀਜਦੇ ਹਾਂ, ਸਾਨੂੰ ਫਲ ਵੀ ਉਹੀ ਮਿਲੇਗਾ। ਕਿੱਕਰ ਬੀਜਣ ਵਾਲੇ ਨੂੰ ਸੰਧੂਰੀ ਅੰਬ ਕਦੀ ਨਸੀਬ ਨਹੀਂ ਹੋ ਸਕਦੇ।

ਸਟਾਕਹੋਮ ਵਿਖੇ 3 ਜਨਵਰੀ, 2003 ਨੂੰ ਜਨਮੀ ਬੱਚੀ ਗਰੇਟਾ ਬਨਬਰਗ ਜਪਾਨ ਵਿਚ ਆਈ ਸੁਨਾਮੀ (2011) ਵੇਲੇ ਸਿਰਫ ਸੱਤ ਵਰ੍ਹਿਆਂ ਦੀ ਸੀ। ਮਾਸੂਮ ਬੱਚੀ ਨੇ ਕੌਮਾਂਤਰੀ ਉਪੇਰਾ ਗਾਇਕ ਮਾਂ ਮਲੇਨਾ ਅਰਨਮੈਨ ਤੇ ਅਦਾਕਾਰ-ਨਿਰਦੇਸ਼ਕ ਪਿਤਾ ਸਵਾਂਟ ਬਨਬਰਗ ਕੋਲ ਇਸ ਭਿਅੰਕਰ ਤਰਾਸਦੀ ਬਾਰੇ ਜਾਣਨ ਲਈ ਸਵਾਲਾਂ ਦੀ ਝੜੀ ਲਗਾ ਦਿੱਤੀ। ਜਿਵੇਂ-ਜਿਵੇਂ ਉਹ ਵੱਡੀ ਹੁੰਦੀ ਗਈ, ਤਾਂ ਉਸਨੂੰ ਕੁਦਰਤ ਨਾਲ ਕੀਤੇ ਜਾਂਦੇ ਖਿਲਵਾੜ ਦੀ ਚਿੰਤਾ ਵੱਢ-ਵੱਢ ਖਾਣ ਲੱਗੀ। ਉਹ ਆਲਮੀ ਤਪਸ਼ ਲਈ ਆਪਣੇ ਪੁਰਖਿਆਂ ਤੋਂ ਇਲਾਵਾ ਵਰਤਮਾਨ ਪੀੜ੍ਹੀ ਨੂੰ ਜ਼ਿੰਮੇਵਾਰ ਸਮਝਣ ਲੱਗੀ। ਉਸਦੀ ਵਿਲੱਖਣ ਸੋਚ ਕਾਰਨ ਹੀ ਸੋਲ੍ਹਾਂ ਸਾਲ ਦੀ ਉਮਰ ਵਿਚ ਉਸਨੂੰ 23 ਸਤੰਬਰ 2016 ਨੂੰ ਨਿਊਯਾਰਕ ਸਥਿਤ ਸੰਯੁਕਤ ਰਾਸ਼ਟਰ ਸੰਘ ਦੀ ਕਲਾਈਮੇਟ ਸੁਮਿਟ ਐਕਸ਼ਨ ਕਮੇਟੀ ਨੂੰ ਸੰਬੋਧਨ ਕਰਨ ਦਾ ਸੁਨਹਿਰੀ ਮੌਕਾ ਮਿਲ ਗਿਆ। ਉਸਦੀ ਸੰਖੇਪ ਪਰ ਪ੍ਰਭਾਵਸ਼ਾਲੀ ਤਕਰੀਰ ਨੇ ਸਭ ਨੂੰ ਹਲੂਣਾ ਮਾਰਿਆ। ਉਸਦੇ ਬੋਲਾਂ ਵਿਚ ਅੰਤਾਂ ਦੀ ਪੀੜ ਸੀ। ਉਸਦੀਆਂ ਅੱਖਾਂ ਵਿਚ ਜੇਠ-ਹਾੜ ਦਾ ਸੇਕ ਸੀ। ਹਉਕਿਆਂ ਵਰਗੇ ਬੋਲਾਂ 'ਚ ਦੁਨੀਆਂ ਦੇ ਆਗੂਆਂ ਲਈ ਲਾਹਨਤਾਂ ਸਨ। ਉਸਨੇ ਆਪਣੇ ਗਰਜਵੇਂ ਬੋਲਾਂ ਵਿਚ ਕਿਹਾ ਕਿ ਆਲਮੀ ਤਪਸ਼ ਨਾਲ ਗਲੇਸ਼ੀਅਰ ਪਿਘਲ ਰਹੇ ਹਨ ਪਰ ਕਠੋਰ ਦਿਲ ਨਹੀਂ। ਉਸਨੇ ਤੌਖਲਾ ਪ੍ਰਗਟ ਕੀਤਾ ਕਿ ਚੱਕਰਵਾਤੀ ਤੂਫਾਨ ਧਰਤੀ ਦੇ ਕਈ ਭਾਗਾਂ ਨੂੰ ਮਲੀਆਮੇਟ ਕਰ ਦੇਣਗੇ। ਉਸਨੇ ਅੱਗੇ ਕਿਹਾ ਕਿ ਸਿਆਸਤਦਾਨਾਂ ਨੇ ਉਸਦੀ ਪੀੜ੍ਹੀ ਨਾਲ ਧੋਖਾ ਕੀਤਾ ਹੈ। ਮੇਰਾ ਤੁਹਾਨੂੰ ਪੈਗਾਮ ਹੈ ਕਿ ਅਸੀਂ ਤੁਹਾਡੀਆਂ ਕਰਤੂਤਾਂ 'ਤੇ ਬਾਜ ਅੱਖ ਰੱਖ ਰਹੇ ਹਾਂ। ਮੈਨੂੰ ਇਸ ਕਾਰਜ ਲਈ ਇਥੇ ਆਉਣ ਦੀ ਲੋੜ ਨਹੀਂ ਸੀ। ਤੁਸੀਂ ਤਾਂ ਖੋਖਲੇ ਸ਼ਬਦਾਂ ਨਾਲ ਸਾਡੇ ਸੁਪਨੇ ਚੋਰੀ ਕਰ ਲਏ। ਲੋਕ ਸੰਤਾਪ ਭੋਗ ਰਹੇ ਹਨ, ਲੋਕ ਮਰ ਮੁੱਕ ਰਹੇ ਹਨ। ਵਾਤਾਵਰਨ ਦਾ ਸਮਤੋਲ ਤਹਿਸ-ਨਹਿਸ ਹੋ ਰਿਹਾ ਹੈ। ਸਮੂਹਿਕ ਤੌਰ 'ਤੇ ਜ਼ਿੰਦਗੀ ਦੇ ਖਾਤਮੇ ਦੇ ਆਗਾਜ਼ 'ਚੋਂ ਵਿਚਰ ਰਹੇ ਹਾਂ ਅਸੀਂ। ਤੇ ਤੁਸੀਂ ਸਾਰੇ ਕੇਵਲ ਮਾਇਆ ਅਤੇ ਸਦੀਵੀ ਅਰਥਚਾਰੇ ਦੇ ਵਿਕਾਸ ਦੀਆਂ ਖੋਖਲੀਆਂ ਪਰੀ ਕਹਾਣੀਆਂ ਦੀਆਂ ਬਾਤਾਂ ਪਾ ਸਕਦੇ ਹਾਂ। ਜੇ ਤੁਸੀਂ ਇੰਜ ਹੀ ਕਰਦੇ ਰਹੇ, ਤਾਂ ਅਸੀਂ ਤੁਹਾਨੂੰ ਕਦਾਚਿਤ ਮਾਫ਼ ਨਹੀਂ ਕਰਾਂਗੇ। ਪਲੀਤ ਹੋ ਰਿਹਾ ਵਾਤਾਵਰਨ ਪਲੀਤੇ ਵਾਂਗ ਵਿਸ਼ਵ ਨੂੰ ਤਬਾਹ ਕਰ ਦੇਵੇਗਾ।



ਜੇਕਰ ਗਰੇਟਾ ਬਨਬਰਗ ਦੇ ਇਨ੍ਹਾਂ ਵਿਚਾਰਾਂ ਨੂੰ ਦੁਨੀਆਂ ਦੇ ਆਗੂ ਵਿਚਾਰਨ ਅਤੇ ਅਮਲੀ ਰੂਪ ਵਿਚ ਲਿਆਉਣ ਤਾਂ ਸ਼ਾਇਦ ਆਉਣ ਵਾਲੀਆਂ ਪੀੜ੍ਹੀਆਂ ਇਸ ਧਰਤੀ 'ਤੇ ਜਿਉਣ ਜੋਗੀਆਂ ਰਹਿ ਸਕਣਗੀਆਂ। ਸਦੀਆਂ ਪੁਰਾਣੇ ਗਲੇਸ਼ੀਅਰ ਗਲੋਬਲ ਵਾਰਮਿੰਗ ਕਾਰਨ ਪੰਘਰ ਰਹੇ ਹਨ। ਮਨੁੱਖ ਨੇ ਕੁਦਰਤੀ ਵਹਿਣਾ ਦੇ ਰਾਹ ਵਿਚ ਰੁਕਾਵਟਾਂ ਖੜ੍ਹੀਆਂ ਕਰਕੇ ਉਸਨੂੰ ਤੰਗ ਕਰ ਦਿੱਤਾ ਹੈ, ਜਿਸ ਕਾਰਨ ਹੜ੍ਹ ਰੂਪ ਵਰਤਾਰਾ ਵਾਪਰ ਰਿਹਾ ਹੈ, ਜਿਸ ਵਿਚ ਜਿਹੜੇ ਸਿੱਟੇ ਨਿਕਲ ਕੇ ਸਾਹਮਣੇ ਆ ਰਹੇ ਹਨ, ਉਨ੍ਹਾਂ ਵਿਚ ਮੁੱਖ ਕੁਦਰਤੀ ਵਰਤਾਰਿਆਂ ਦੇ ਰਾਹਾਂ ਵਿਚ ਰੁਕਾਵਟਾਂ ਖੜ੍ਹੀਆਂ ਕਰਨਾ ਹੈ। ਕਿਤੇ ਡੈਮ, ਕਿਤੇ ਸੁਰੰਗ, ਕਿਤੇ ਪੱਕੀ ਸੜਕ ਤੇ ਕਿਤੇ ਪਹਾੜਾਂ ਨੂੰ ਪੱਧਰਾ ਕਰਕੇ ਕੰਕਰੀਟ ਦੇ ਜੰਗਲ ਉਸਾਰੇ ਜਾ ਰਹੇ ਹਨ। ਜੰਗਲਾਂ ਦੀ ਘਾਟ ਕਾਰਨ ਭੌਂ ਖੁਰ ਵਧ ਗਈ ਹੈ ਅਤੇ ਜੰਗਲੀ ਜੀਵਾਂ ਦੀਆਂ ਨਸਲਾਂ ਖਤਮ ਹੋਈ ਜਾ ਰਹੀਆਂ ਹਨ। ਬਚਪਨ ਚੁਰਾਉਣ ਵਾਲੇ ਲੋਕਾਂ ਨੂੰ ਖਾਸ ਕਰ ਸਰਕਾਰਾਂ ਨੂੰ ਇਸ ਦਿਸ਼ਾਂ ਵੱਲ ਠੋਸ ਅਤੇ ਸਦੀਵੀ ਕਾਰਜ ਕਰਨ ਦੀ ਲੋੜ ਹੈ। ਇਹ ਵਰਤਾਰੇ ਵਾਰ-ਵਾਰ ਨਾ ਵਾਪਰਨ ਇਸ ਵਾਸਤੇ ਇਕੋ-ਇਕ ਰਾਹ ਕੁਦਰਤ ਨਾਲ ਮਿਲਕੇ ਵਿਕਾਸ ਦਾ ਰਾਹ ਤਿਆਰ ਕਰਨ ਦੀ ਲੋੜ ਹੈ। ਚੋਅ ਲੋਕਾਂ ਨੇ ਛੱਡੇ ਨਹੀਂ ਨਦੀਆਂ ਨਾਲੇ ਪਲੀਤ ਹੋਏ ਪਏ ਨੇ। ਪ੍ਰਦੂਸ਼ਣ ਕਾਰਨ ਕਿਸੇ ਪਾਸੇ ਵੀ ਪਾਣੀ ਦਾ ਸਹੀ ਨਿਕਾਸ ਨਹੀਂ ਹੈ।

ਉਤਰੀ ਭਾਰਤ ਦੇ ਉਪਜਾਊ ਮੈਦਾਨਾਂ ਦਾ ਨਿਰਮਾਣ ਹਜ਼ਾਰਾਂ ਸਾਲਾਂ 'ਚ ਇਨ੍ਹਾਂ ਦਰਿਆਵਾਂ ਦੇ ਵਹਿਣਾ ਨੇ ਹੀ ਕੀਤਾ ਸੀ। ਪਰ ਅਜੋਕੇ ਮਨੁੱਖ ਨੇ ਧਰਤੀ ਮਾਂ ਦੀ ਪਰਿਵਰਤਾ ਨੂੰ ਵੀ ਅੱਗ ਲਾ ਦਿੱਤੀ ਹੈ। ਜ਼ਹਿਰਾਂ ਦੇ ਘੋਲ ਨੇ ਮਨੁੱਖ ਨੂੰ ਵੀ ਜ਼ਹਿਰੀ ਬਣਾ ਦਿੱਤਾ ਹੈ। ਕਾਰਬਨ ਡਾਈਆਕਸਾਈਡ 'ਚ ਹੋਏ ਅਣਕਿਆਸੇ ਵਾਧੇ ਨੇ ਮੌਸਮਾਂ ਦੇ ਮਿਜ਼ਾਜ ਬਦਲ ਦਿੱਤੇ ਹਨ। ਅੱਜਕੱਲ੍ਹ ਸਹੀ ਸਮੇਂ 'ਤੇ ਬਰਸਾਤ, ਗਰਮੀ, ਸਰਦੀ ਅਤੇ ਬਸੰਤ ਰੁੱਤ ਵੀ ਨਹੀਂ ਆ ਰਹੀ। ਕਈ ਵਾਰ ਸਿਆਲ ਮਹੀਨੇ ਅਸਹਿ ਗਰਮੀ ਦਾ ਸਾਹਮਣਾ ਕਰਨਾ ਪੈ ਜਾਂਦਾ ਹੈ ਤੇ ਕਈ ਵਾਰ ਗਰਮੀ ਵਿਚ ਸਰਦੀ ਲੱਗਣ ਲੱਗ ਪੈਂਦੀ ਹੈ। ਇਸ ਤਬਦੀਲੀ ਲਈ ਮਨੁੱਖ ਦੀ ਕਾਲੀਆਂ ਕਰਤੂਤਾਂ ਜ਼ਿੰਮੇਵਾਰ ਹਨ। ਪੰਜਾਬ 'ਚ 1988 ਅਤੇ 1993 ਵਿਚ ਆਏ ਹੜ੍ਹਾਂ ਤੋਂ ਬਾਅਦ ਅਸੀਂ ਇਹ ਕਿਆਸ ਕਰ ਲਿਆ ਕਿ ਹੁਣ ਚੋਆਂ 'ਚ ਪਾਣੀ ਨਹੀਂ ਆਉਂਣਾ। ਹੁਣ ਬਾਰਸ਼ਾਂ ਘੱਟ ਹਨ ਝੜੀਆਂ ਵੀ ਨਹੀਂ ਲਗਦੀਆਂ। ਸਿਆਣੇ ਆਖਦੇ ਨੇ ਪਾਣੀ ਤਾਂ ਸੌ ਸਾਲ ਬਾਅਦ ਵੀ ਆਪਣਾ ਰਾਹ ਲੱਭ ਲੈਂਦਾ ਹੈ। ਇਹ ਤੱਥ ਵਿਚਾਰਨ ਵਾਲੇ ਹਨ। ਸਰਕਾਰਾਂ ਨੂੰ ਆਉਣ ਵਾਲੀਆਂ ਪੀੜ੍ਹੀਆਂ ਵਾਸਤੇ ਇਸ ਧਰਤੀ ਤੇ ਕੁਦਰਤੀ ਵਾਤਾਵਰਨ ਨੂੰ ਕਾਇਮ ਰੱਖਣਾ ਹੋਵੇਗਾ। ਇਸ ਸਭ ਕਾਸੇ ਵਾਸਤੇ ਵਿਸ਼ਵ ਪੱਧਰ 'ਤੇ ਵੀ ਸਖਤ ਨੀਤੀਆਂ ਘੜਨ ਦੀ ਲੋੜ ਹੈ। ਭਾਰਤ ਦਾ ਵਿਕਾਸ ਮਾਡਲ ਦੁਨੀਆਂ ਨੂੰ ਮੰਡੀ ਦੇ ਰੂਪ 'ਚ ਆਕਰਸ਼ਿਤ ਕਰ ਰਿਹਾ ਪਰ ਰਹਿਣ ਵਾਸਤੇ ਵੱਡੇ-ਵੱਡੇ ਸ਼ਹਿਰ ਵੀ ਯੋਗ ਨਹੀਂ ਹਨ। ਇਸ ਧਰਤੀ ਦੇ ਹਰ ਪਿੰਡ ਅਤੇ ਸ਼ਹਿਰ ਨੂੰ ਰਹਿਣ ਯੋਗ ਬਨਾਉਣ ਲਈ ਕੁਦਰਤੀ ਸਮਤੋਲ ਨੂੰ ਕਾਇਮ ਕਰਨਾ ਸਮੇਂ ਦੀ ਮੁੱਖ ਲੋੜ ਬਣ ਗਿਆ ਹੈ। ਪੰਜਾਬ ਦੇ ਰਾਜੇ-ਮਹਾਰਾਜਿਆਂ ਦੇ ਮਸ਼ਹੂਰ ਸ਼ਹਿਰ ਵੀ ਖਤਰੇ ਹੇਠ ਜੀਵਨ ਬਸਰ ਕਰ ਰਹੇ ਹਨ। ਇਸ ਵਿਚ ਕੋਈ ਸ਼ੱਕ ਨਹੀ ਕਿ ਪੰਜਾਬ ਦੇ ਜੰਮਿਆ ਲਈ ਨਿੱਤ ਮੁਹਿੰਮਾਂ ਹਨ।

ਭਾਰਤ ਦੇ ਉਤਰਾਖੰਡ ਵਿਚ ਭਾਗੀਰਥੀ ਬੇਸਨ ਦਾ ਦੋਕਰੀਅਮ ਗਲੇਸ਼ੀਅਰ 1995 ਤੋਂ ਬਾਅਦ ਪੰਦਰਾਂ-ਵੀਹ ਮੀਟਰ ਸਾਲਾਨਾ ਦੀ ਦਰ ਨਾਲ ਖੁਰ ਰਿਹਾ ਹੈ। 2003 ਤੋਂ 2017 ਤੱਕ ਕੀਤੇ ਇਕ ਅਧਿਐਨ ਅਨੁਸਾਰ ਮੰਦਾਕਨੀ ਬੇਸਨ ਦਾ ਗਲੇਸ਼ੀਅਰ ਨੌਂ ਤੋਂ ਗਿਆਰਾ ਮੀਟਰ ਸਾਲਾਨਾ ਦੀ ਦਰ ਨਾਲ ਖੁਰ ਰਿਹਾ ਹੈ। ਲੱਦਾਖ ਦਾ ਸ਼ੁਰੂ ਬੇਸਨ ਪੰਜ-ਛੇ ਮੀਟਰ ਸਾਲਾਨਾ ਦਰ ਨਾਲ ਖਤਮ ਹੋ ਰਿਹਾ ਹੈ। ਸੰਸਾਰ ਪੱਧਰ 'ਤੇ ਗਲੇਸ਼ੀਅਰਾਂ ਨੂੰ ਲੱਗੇ ਖੋਰੇ ਕਾਰਨ ਦਰਿਆਵਾਂ ਅਤੇ ਸਮੁੰਦਰਾਂ 'ਚ ਪਾਣੀ ਦੀ ਮਾਤਰਾ ਵਧੀ ਜਾ ਰਹੀ ਹੈ। ਇਹ ਵੀ ਡਰ ਸਤਾ ਰਿਹਾ ਹੈ ਕਿ ਸਮੁੰਦਰ ਕਿਨਾਰੇ ਵਸਦੇ ਲੋਕਾਂ ਨੂੰ ਇਹ ਸਮੁੰਦਰ ਹੀ ਨਾ ਨਿਗਲ ਜਾਵੇ। ਜੇਕਰ ਅਸੀਂ ਵਾਤਾਵਰਨ 'ਚ ਕਾਰਬਨ ਡਾਈਆਕਸਾਈਡ ਦੀ ਮਾਤਰਾ ਨਾ ਘਟਾਈ ਤਾਂ ਉਹ ਦਿਨ ਦੂਰ ਨਹੀਂ, ਜਦੋਂ ਇਹ ਭਿਆਨਕ ਦ੍ਰਿਸ਼ ਸਾਡੇ ਸਾਹਮਣੇ ਖੜ੍ਹਾ ਹੋਵੇਗਾ।

ਕੁਦਰਤੀ ਵਾਤਾਵਰਨ ਨੂੰ ਬਚਾਏ ਬਗੈਰ ਮਨੁੱਖ ਨੂੰ ਕੁਦਰਤੀ ਆਫਤਾਂ ਤੋਂ ਨਹੀਂ ਬਚਾਇਆ ਜਾ ਸਕਦਾ। ਗੈਰ ਕੁਦਰਤੀ ਢੰਗ ਨਾਲ ਕੀਤੀਆਂ ਸਭ ਉਸਾਰੀਆਂ ਕੁਦਰਤ ਦੇ ਕਾਰੋਬਾਰ 'ਚ ਵਿਘਨ ਹਨ। ਚਾਹੇ ਉਹ ਮਕਾਨ, ਸੜਕਾਂ, ਫਲਾਈਓਵਰ, ਡੈਮ, ਸੁਰੰਗਾਂ ਜਾਂ ਉਦਯੋਗਿਕ ਇਕਾਈਆਂ ਹਨ। ਹੁਣ ਸਮਾਂ ਹੈ ਸਭ ਨੂੰ ਸਿਰ ਜੋੜ ਇਸ ਮਸਲੇ ਦਾ ਸਦੀਵੀ ਹੱਲ ਕੱਢਣ ਦਾ। ਉਹ ਇਹੀ ਹੈ ਕਿ ਸਾਨੂੰ ਸਭ ਨੂੰ ਆਪੋ ਆਪਣੀਆਂ ਜ਼ਿੰਮੇਵਾਰੀ ਨੂੰ ਇਮਾਨਦਾਰੀ ਨਾਲ ਨਿਭਾਉਣਾ ਪਵੇਗਾ। ਜਦੋਂ ਤੱਕ ਸਰਬੱਤ ਦੇ ਭਲੇ ਦੀ ਨੀਤੀ ਨਹੀਂ ਘੜੀ ਜਾਂਦੀ, ਤਦ ਤੱਕ ਚੰਗੇ ਨਤੀਜਿਆਂ ਦੀ ਆਸ ਨਹੀਂ ਲਗਾਈ ਜਾ ਸਕਦੀ। ਗਰੇਟਾ ਬਨਬਰਗ ਦੇ ਵਿਚਾਰਾਂ ਨੂੰ ਅਮਲ ਵਿਚ ਲਿਆ ਕੇ ਹੀ ਅਸੀਂ ਮਨੁੱਖ ਤੇ ਮਨੁੱਖਤਾ ਨੂੰ ਇਸ ਧਰਤੀ 'ਤੇ ਕਾਇਮ ਰੱਖ ਸਕਦੇ ਹੈ।

# ਸਰੇਬਾਜ਼ਾਰ ਮੌਤ ਵੰਡ ਰਿਹੈ ਚਿੱਟੇ ਦੁੱਧ ਦਾ ਕਾਲਾ ਕਾਰੋਬਾਰ

-ਮਨਜਿੰਦਰ ਸਿੰਘ ਸਰੌਦ
ਮਾਲੇਰਕੋਟਲਾ
94634-63136
(Punjab Mail USA)





ਸਰਕਾਰ ਵੱਲੋਂ ਪਿਛਲੇ ਲੰਬੇ ਸਮੇਂ ਤੋਂ ਬਜ਼ਾਰਾਂ ਅੰਦਰ ਵਿੱਕ ਰਹੇ ਨਕਲੀ ਦੁੱਧ ਤੋਂ ਬਣੀਆਂ ਮਿਲਾਵਟੀ ਵਸਤੂਆਂ ਨੂੰ ਰੋਕਣ ਦੇ ਲਈ ਰੱਜ ਕੇ ਪ੍ਰਚਾਰ ਕੀਤਾ ਜਾ ਰਿਹਾ ਹੈ ਪਰ ਸਿਤਮ ਦੀ ਗੱਲ ਹੈ ਕਿ ਸਰਕਾਰ ਦੇ ਇਸ ਪ੍ਰਚਾਰ ਦਾ ਇਨਸਾਨੀ ਜ਼ਿੰਦਗੀਆਂ ਨੂੰ ਦਾਅ 'ਤੇ ਲਗਾਉਣ ਵਾਲੇ ਲੋਕਾਂ 'ਤੇ ਭੋਰਾ ਭਰ ਵੀ ਅਸਰ ਵਿਖਾਈ ਨਹੀਂ ਦੇ ਰਿਹਾ, ਜਿਸ ਦੀ ਬਦੌਲਤ ਪੰਜਾਬ ਦੇ ਪਸ਼ੂ-ਪਾਲਕਾਂ ਵੱਲੋਂ ਲੱਖਾਂ ਖਰਚ ਕੇ ਬਣਾਏ ਡੇਅਰੀ ਫਾਰਮ ਤਬਾਹ ਹੋਣ ਕੰਢੇ ਪਹੁੰਚ ਚੁੱਕੇ ਹਨ। ਹੈਰਾਨੀਜਨਕ ਪਹਿਲੂ ਇਹ ਕਿ ਕਿਵੇਂ ਮੁਨਾਫ਼ਾਖੋਰ ਵਰਗ ਚੰਦ ਛਿੱਲੜਾਂ ਦੇ ਮੁਨਾਫ਼ੇ ਖ਼ਾਤਰ ਦੁੱਧ ਚੁੰਘਦੀਆਂ ਮਾਸੂਮ ਜ਼ਿੰਦਗੀਆਂ ਨੂੰ ਵੀ ਦਾਅ 'ਤੇ ਲਾਉਣ ਤੋਂ ਗੁਰੇਜ਼ ਨਹੀਂ ਕਰ ਰਿਹਾ।

ਅੱਜ ਦੇ ਇਸ ਦੌਰ ਨੂੰ ਵੇਖ-ਸੁਣ ਕੇ ਕਾਲਜੇ ਦਾ ਰੁੱਗ ਭਰਿਆ ਜਾਂਦਾ ਹੈ ਕਿ ਕਿੰਝ ਇਨ੍ਹਾਂ ਬੇਰਹਿਮ ਲੋਕਾਂ ਵੱਲੋਂ ਦੁੱਧ ਤੋਂ ਬਣੀਆਂ ਵਸਤਾਂ ਦੇ ਮਾਮਲੇ ਵਿਚ ਨਵ-ਜਨਮੇ ਬੱਚਿਆਂ ਤੋਂ ਲੈ ਕੇ ਬਜ਼ੁਰਗਾਂ ਤੱਕ ਨੂੰ ਮਿਲਾਵਟੀ ਵਸਤੂਆਂ ਰਾਹੀਂ ਮੌਤ ਦੇ ਮੂੰਹ ਵਿਚ ਧੱਕਿਆ ਜਾ ਰਿਹਾ ਹੈ। ਇਸ ਸਾਰੇ ਵਰਤਾਰੇ ਦੌਰਾਨ ਕੁਝ ਮੁਨਾਫ਼ਾਖੋਰ ਦੁਕਾਨਦਾਰਾਂ ਦੀ ਬਦੌਲਤ ਚੰਗੇ ਦੁਕਾਨਦਾਰਾਂ ਨੂੰ ਵੀ ਸ਼ੱਕ ਦੀ ਨਿਗਾਹ ਨਾਲ ਵੇਖਿਆ ਜਾਣ ਲੱਗਾ ਹੈ, ਜਦਕਿ ਉਹ ਇਸ ਮਾਮਲੇ 'ਚ ਚੰਗੀਆਂ ਵਸਤੂਆਂ ਜਨਤਾ ਨੂੰ ਵੇਚ ਰਹੇ ਹਨ। ਉਧਰ ਇੱਕ ਪਾਸੇ ਤਾਂ ਨਕਲੀ ਦੁੱਧ ਦੀ ਬਹੁਤਾਤ ਦੇ ਕਾਰਨ ਪੰਜਾਬ ਦੇ ਪਸ਼ੂ ਪਾਲਕ ਅਪਣੇ ਪਸ਼ੂਆਂ ਨੂੰ ਵੇਚਣ ਲਈ ਮਜਬੂਰ ਹਨ ਅਤੇ ਉਨ੍ਹਾਂ ਨੂੰ ਦੁੱਧ ਦਾ ਚੰਗਾ ਭਾਅ ਨਹੀਂ ਮਿਲ ਰਿਹਾ ਪਰ ਉਧਰ ਦੂਜੇ ਪਾਸੇ ਨਕਲੀ ਦੁੱਧ ਦੇ ਠੇਕੇਦਾਰ ਚੋਖੀ ਕਮਾਈ ਰਾਹੀਂ ਆਪਣੇ ਖੀਸੇ ਭਰ ਰਹੇ ਹਨ। ਹਰ ਵਰ੍ਹੇ ਬਾਜ਼ਾਰਾਂ ਅੰਦਰ ਮਿਲਾਵਟੀ ਵਸਤੂਆਂ ਨੂੰ ਜ਼ਬਤ ਕਰਨ ਦਾ ਪ੍ਰਚਾਰ ਸਰਕਾਰ ਤੇ ਸਬੰਧਤ ਵਿਭਾਗ ਵੱਲੋਂ ਕੀਤਾ ਜਾਂਦਾ ਹੈ ਪਰ ਜ਼ਮੀਨੀ ਪੱਧਰ 'ਤੇ ਤੱਥ ਕੁਝ ਹੋਰ ਕਹਿੰਦੇ ਹਨ। ਉਨ੍ਹਾਂ ਕਿਹਾ ਕਿ ਇਸ ਦਾ ਖਮਿਆਜ਼ਾ ਲੋਕਾਂ ਨੂੰ ਭਿਆਨਕ ਬੀਮਾਰੀਆਂ ਦੇ ਰੂਪ ਵਿਚ ਭੁਗਤਣਾ ਪੈ ਰਿਹਾ ਹੈ। ਇੰਨਾ ਕੁਝ ਹੋਣ ਦੇ ਬਾਵਜੂਦ ਸਬੰਧ ਸਿਹਤ ਵਿਭਾਗ ਸਿਰਫ ਖਾਨਾਪੂਰਤੀ ਕਰਦਾ ਦਿਖਾਈ ਦਿੰਦਾ ਹੈ। ਬਾਜ਼ਾਰਾਂ ਅੰਦਰ ਬਹੁਰੰਗੀਆਂ ਮਠਿਆਈਆਂ ਅਤੇ ਪਨੀਰ ਦੇ ਲੱਗੇ ਸਟਾਲਾਂ 'ਤੇ ਜਾ ਕੇ ਕਿਸੇ ਵੀ ਸਬੰਧਤ ਵਿਭਾਗ ਦੇ ਅਧਿਕਾਰੀ ਨੇ ਕਦੇ ਚੈਕਿੰਗ ਕਰਨ ਦੀ ਕੋਸ਼ਿਸ਼ ਨਹੀਂ ਕੀਤੀ ਜਾਂ ਫਿਰ ਜਾਣਬੁੱਝ ਕੇ ਉਸ ਨੂੰ ਅਣਗੌਲਿਆ ਕਿਉਂ ਕੀਤਾ ਜਾ ਰਿਹਾ ਹੈ, ਇਸ 'ਕੌੜੇ ਸੱਚ' ਨੂੰ ਸਭ ਜਾਣਦੇ ਹਨ। ਮਿਲਾਵਟੀ ਵਸਤੂਆਂ ਰਾਹੀ ਲਾਲਚੀ ਲੋਕਾਂ ਵੱਲੋਂ ਸ਼ਰ੍ਹੇਆਮ ਮਨੁੱਖੀ ਜ਼ਿੰਦਗੀਆਂ ਦੇ ਨਾਲ ਖਿਲਵਾੜ ਹੋ ਰਿਹਾ ਹੈ ਪਰ ਕਾਰਵਾਈ ਨਾ ਮਾਤਰ ਹੈ। ਇੱਕ ਅਹਿਮ ਤੱਥ ਇਹ ਵੀ ਹੈ ਕਿ ਕਈ ਵਾਰ ਤਾਂ ਮਠਿਆਈ ਜਾਂ ਹੋਰ ਵਸਤੂ ਖਰੀਦਦੇ ਸਮੇਂ ਡੱਬੇ ਵਿਚ ਉੱਲੀ ਲੱਗੀ ਹੁੰਦੀ ਹੈ ਅਤੇ ਕਈ ਸ਼ਾਤਰ ਕਿਸਮ ਦੇ ਦੁਕਾਨਦਾਰ ਭੋਲੇ-ਭਾਲੇ ਲੋਕਾਂ ਨੂੰ ਡੱਬੇ ਸਮੇਤ ਮਠਿਆਈ ਜਾਂ ਹੋਰ ਵਸਤੂਆਂ ਵੇਚ ਰਹੇ ਹਨ।

ਆਖਰ ਇਹ ਕਿਸ ਦੀ ਜ਼ਿੰਮੇਵਾਰੀ ਬਣਦੀ ਹੈ ਅਤੇ ਕਿਸ ਦੀ ਨੱਕ ਹੇਠ ਇਹ ਸਭ ਕੁਝ ਹੋ ਰਿਹਾ ਹੈ। ਇਸ ਸਭ ਕੁਝ ਦੇ ਨਤੀਜੇ ਵਜੋਂ ਹੁਣ ਗਾਹਕ ਇਨ੍ਹਾਂ ਚੀਜ਼ਾਂ ਨੂੰ ਖਰੀਦਣ ਤੋਂ ਕੰਨੀ ਕਤਰਾਉਣ ਲੱਗੇ ਹਨ। ਪਸ਼ੂ ਪਾਲਕਾਂ ਵੱਲੋਂ ਆਪਣਾ ਦਰਦ ਬੇਹੱਦ ਹੈਰਾਨ ਕਰ ਦੇਣ ਵਾਲਾ ਤੱਥ ਹੈ ਕਿ ਅੱਜ ਦੇ ਸਮੇਂ ਜਦ ਪੰਜਾਬ ਅੰਦਰ ਦੁਧਾਰੂ ਪਸ਼ੂਆਂ ਦੀ ਵੱਡੀ ਘਾਟ ਰੜਕ ਰਹੀ ਹੈ, ਤਾਂ ਕਿਸੇ ਵੀ ਖ਼ਾਸ ਦੁਕਾਨਦਾਰ ਤੋਂ ਤਰੰਤ ਜਿੰਨਾ ਮਰਜ਼ੀ ਪਨੀਰ ਖਰੀਦ ਸਕਦੇ ਹੋ, ਆਖ਼ਰ ਇਹ ਆਉਂਦਾ ਕਿੱਥੋਂ ਹੈ ਇਹ ਸੁਆਲ ਵੱਡਾ ਹੈ। ਸਬੰਧਤ ਵਿਭਾਗ ਨੂੰ ਚਾਹੀਦਾ ਹੈ ਕਿ ਤਿਉਹਾਰਾਂ ਦੇ ਸੀਜ਼ਨ ਮੌਕੇ ਸਰਗਰਮ ਹੋਣ ਦੀ ਥਾਂ, ਮੌਜੂਦਾ ਸਮੇਂ ਵੀ ਦਫ਼ਤਰਾਂ ਵਿਚੋਂ ਬਾਹਰ ਆ ਕੇ ਇਨਸਾਨੀ ਜ਼ਿੰਦਗੀਆਂ ਦਾ ਘਾਣ ਕਰ ਰਹੀਆਂ ਮਿਲਾਵਟੀ ਵਸਤੂਆਂ ਦੇ ਵਿਸ਼ੇ 'ਤੇ ਗੰਭੀਰ ਹੋ ਕੇ ਜਾਂਚ ਕੀਤੀ ਜਾਵੇ। ਚੰਗਾ ਹੋਵੇ ਜੇਕਰ ਸਰਕਾਰ ਵੱਲੋਂ ਪ੍ਰਚਾਰ ਕਰਨ ਦੇ ਨਾਲ-ਨਾਲ ਕਾਰਵਾਈ ਨੂੰ ਅਮਲੀ ਜਾਮਾ ਪਹਿਨਾਉਣ ਦਾ ਰਾਹ ਪੱਧਰਾ ਕੀਤਾ ਜਾਵੇ।

# ਪੰਜਾਬ ਵਿਚ ਆਏ ਹੜ੍ਹ: ਸਰਕਾਰਾਂ ਦੀ ਯੋਜਨਬੰਦੀ ਦੀ ਅਣਗਹਿਲੀ ਦਾ ਸਬੂਤ








-ਉਜਾਗਰ ਸਿੰਘ
ਸਾਬਕਾ ਜ਼ਿਲ੍ਹਾ ਲੋਕ ਸੰਪਰਕ ਅਧਿਕਾਰੀ
ਮੋਬਾਈਲ-94178 13072
ujagarsingh48@yahoo.com
(Punjab Mail USA)


ਹੜ੍ਹਾਂ ਨਾਲ ਅੱਧਾ ਪੰਜਾਬ ਡੁੱਬਿਆ ਪਿਆ ਹੈ। ਪੰਜਾਬੀ ਹੜ੍ਹਾਂ ਦੇ ਪ੍ਰਕੋਪ ਕਾਰਨ ਘੋਰ ਸੰਕਟ ਵਿਚੋਂ ਗੁਜ਼ਰ ਰਹੇ ਹਨ। ਪੰਜਾਬ ਦੇ ਕਿਸਾਨਾਂ ਦੀਆਂ ਹਜ਼ਾਰਾਂ ਏਕੜ ਫ਼ਸਲਾਂ ਤਬਾਹ ਹੋ ਗਈਆਂ ਹਨ। ਲੋਕਾਂ ਦੇ ਘਰਾਂ ਅਤੇ ਦੁਕਾਨਾਂ ਵਿਚ ਪਾਣੀ ਵੜ੍ਹ ਗਿਆ ਹੈ ਤੇ ਸਾਰਾ ਸਾਮਾਨ ਖ਼ਰਾਬ ਹੋ ਗਿਆ। ਮਜਬੂਰੀ ਵਸ ਹੜ੍ਹਾਂ ਨਾਲ ਖ਼ਰਾਬ ਹੋਇਆ ਕੀਮਤੀ ਸਾਮਾਨ ਸੁੱਟਣਾ ਪੈ ਰਿਹਾ ਹੈ। ਦੇਸ਼ ਨੂੰ ਆਜ਼ਾਦ ਹੋਇਆਂ 76 ਵਰ੍ਹੇ ਹੋ ਗਏ ਹਨ, ਪਿਛਲੇ 73 ਵਰ੍ਹਿਆਂ ਤੋਂ ਭਾਰਤ ਵਿਚ ਸਾਡੇ ਆਪਣੇ ਨੁਮਾਇੰਦਿਆਂ ਵੱਲੋਂ ਬਣਾਏ ਗਏ ਸੰਵਿਧਾਨ ਦੀਆਂ ਬਰਕਤਾਂ ਦਾ ਅਸੀਂ ਆਨੰਦ ਮਾਣ ਰਹੇ ਹਾਂ। ਪਰਜਾਤੰਤਰ ਢੰਗ ਨਾਲ ਚੁਣੀ ਗਈਆਂ ਲੋਕਾਂ ਦੀਆਂ ਕੇਂਦਰ ਅਤੇ ਪੰਜਾਬ ਦੀਆਂ ਸਰਕਾਰਾਂ ਵੱਲੋਂ ਹੜ੍ਹਾਂ ਦੀ ਰੋਕਥਾਮ ਲਈ ਲੰਮੇ ਸਮੇਂ ਦੀਆਂ ਯੋਜਨਾਵਾਂ ਬਣਾਉਣ ਵਿਚ ਅਣਗਹਿਲੀ ਵਰਤੀ ਗਈ ਹੈ, ਜਿਸਦਾ ਖਮਿਆਜ਼ਾ ਪੰਜਾਬੀ ਭੁਗਤ ਰਹੇ ਹਨ। ਪੰਜਾਬ ਦੇ ਲੋਕਾਂ ਨੂੰ ਹਰ ਸਾਲ ਗਰਮੀਆਂ ਵਿਚ ਪੈਣ ਵਾਲੇ ਮੀਂਹ ਦਾ ਸੰਤਾਪ ਹੰਢਾਉਣਾ ਪੈਂਦਾ ਹੈ। ਹੁਣ ਤੱਕ ਜਿਤਨੀਆਂ ਵੀ ਕੇਂਦਰ ਅਤੇ ਪੰਜਾਬ ਦੀਆਂ ਸਰਕਾਰਾਂ ਆਈਆਂ ਹਨ, ਕਿਸੇ ਵੀ ਸਰਕਾਰ ਨੇ ਭਾਰਤ ਵਿਚ ਹਰ ਸਾਲ ਆਉਣ ਵਾਲੇ ਹੜ੍ਹਾਂ ਦੀ ਰੋਕਥਾਮ ਲਈ ਕੋਈ ਵੀ ਸਾਰਥਿਕ ਕਦਮ ਨਹੀਂ ਚੁੱਕੇ। ਦੇਸ਼ ਵਿਚ ਪੰਜ ਸਾਲਾ ਯੋਜਨਾਵਾਂ ਬਣਦੀਆਂ ਰਹੀਆਂ ਪ੍ਰੰਤੂ ਸਰਕਾਰਾਂ ਨੇ ਕੁਦਰਤੀ ਆਫ਼ਤਾਂ ਨਾਲ ਭਾਰਤੀਆਂ ਦੇ ਜਾਨ-ਮਾਲ ਦੀ ਰੱਖਿਆ ਵੱਲ ਧਿਆਨ ਹੀ ਨਹੀਂ ਦਿੱਤਾ, ਜਿਸ ਦੇ ਨਤੀਜੇ ਵਜੋਂ ਹਰ ਸਾਲ ਇਕੱਲੇ ਹੜ੍ਹਾਂ ਨਾਲ 2 ਹਜ਼ਾਰ ਕਰੋੜ ਤੋਂ 3 ਹਜ਼ਾਰ ਕਰੋੜ ਤੱਕ ਦਾ ਦਾ ਮਾਲੀ ਨੁਕਸਾਨ ਹੁੰਦਾ ਹੈ। ਇਸ ਤੋਂ ਇਲਾਵਾ ਇਨਸਾਨਾਂ ਅਤੇ ਪਸ਼ੂਆਂ ਦਾ ਜਾਨੀ ਨੁਕਸਾਨ ਵੀ ਹੁੰਦਾ ਹੈ। ਸਰਕਾਰਾਂ ਹੜ੍ਹਾਂ ਦੇ ਆਉਣ ਕਰਕੇ ਬਚਾਓ ਦੇ ਪ੍ਰਬੰਧਾਂ 'ਤੇ ਕਰੋੜਾਂ ਰੁਪਏ ਖ਼ਰਚ ਦਿੰਦੀਆਂ ਹਨ, ਸਰਕਾਰਾਂ ਦਾ ਫਰਜ਼ ਵੀ ਬਣਦਾ ਹੈ ਕਿ ਆਪਣੇ ਨਾਗਰਿਕਾਂ ਦੇ ਜਾਨ-ਮਾਲ ਦਾ ਨੁਕਸਾਨ ਨਾ ਹੋਣ ਦੇਣ ਪ੍ਰੰਤੂ ਕਿੰਨਾ ਚੰਗਾ ਹੁੰਦਾ ਜੇਕਰ ਹੜ੍ਹਾਂ ਨੂੰ ਰੋਕਣ ਦਾ ਪ੍ਰਬੰਧ ਕੀਤਾ ਜਾਂਦਾ। ਮੈਂ 33 ਸਾਲ ਲੋਕ ਸੰਪਰਕ ਵਿਭਾਗ ਵਿਚ ਨੌਕਰੀ ਕੀਤੀ ਹੈ, ਲਗਪਗ 25 ਸਾਲ ਫੀਲਡ ਵਿਚ ਕੰਮ ਕੀਤਾ ਹੈ। ਸਿੰਜਾਈ ਵਿਭਾਗ ਦੀ ਡਰੇਨੇਜ ਵਿੰਗ ਹਰ ਸਾਲ ਬਰਸਾਤਾਂ ਦੇ ਆਉਣ ਤੋਂ ਪਹਿਲਾਂ ਬਿਲਕੁਲ ਮੌਕੇ 'ਤੇ ਚੋਅ, ਨਾਲੇ, ਨਦੀਆਂ ਆਦਿ ਦੀ ਸਫਾਈ ਅਤੇ ਬੰਧਾਂ ਦੀ ਉਸਾਰੀ ਲਈ ਪੈਸੇ ਭੇਜਦੀ ਹੈ। ਇਹ ਕੰਮ ਅਜੇ ਸ਼ੁਰੂ ਵੀ ਨਹੀਂ ਹੁੰਦੇ, ਬਰਸਾਤਾਂ ਸ਼ੁਰੂ ਹੋ ਜਾਂਦੀਆਂ ਹਨ। ਡਰੇਨੇਜ ਤੇ ਸਿੰਜਾਈ ਵਿਭਾਗ ਤੱਤ ਭੜੱਤੀ ਵਿਚ ਖ਼ਰਚੇ ਕਰ ਦਿੰਦੇ ਹਨ। ਇਹ ਤਾਂ ਉਹ ਗੱਲ ਹੋਈ, 'ਘਰੇ ਆਈ ਜੰਨ ਵਿੰਨੋ ਕੁੜੀ ਦੇ ਕੰਨ'। ਇਹ ਸਾਰਾ ਘਾਲਾਮਾਲਾ ਮੈਂ ਆਪਣੇ ਅੱਖੀਂ ਵੇਖਦਾ ਰਿਹਾ ਹਾਂ। ਸਰਕਾਰਾਂ ਜ਼ਿਲ੍ਹਿਆਂ ਦੇ ਡਿਪਟੀ ਕਮਿਸ਼ਨਰਾਂ ਨੂੰ ਹੜ੍ਹਾਂ ਦੇ ਬਚਾਓ ਦੇ ਪ੍ਰਬੰਧ ਕਰਨ ਲਈ ਹੁਕਮ ਕਰਕੇ ਪੱਲਾ ਝਾੜ ਲੈਂਦੀਆਂ ਹਨ। ਪੰਜਾਬ ਵਿਚ ਦਰਿਆ, ਨਹਿਰਾਂ, ਨਦੀਆਂ, ਨਾਲੇ, ਰਜਵਾਹੇ, ਚੋਅ, ਸੂਏ ਅਤੇ ਹੋਰ ਪਾਣੀ ਦੇ ਕੁਦਰਤੀ ਵਹਾਅ ਦੇ ਸਾਧਨ ਹਨ। ਸਰਕਾਰਾਂ ਕੋਲ ਸਾਰਾ ਰਿਕਾਰਡ ਹੁੰਦਾ ਹੈ। ਇਹ ਵੀ ਪਤਾ ਹੁੰਦਾ ਹੈ ਕਿ ਬਰਸਾਤਾਂ ਵਿਚ ਕਿਹੜੇ ਇਲਾਕੇ ਵਿਚ ਜ਼ਿਆਦਾ ਪਾਣੀ ਆਉਂਦਾ ਹੈ, ਫਿਰ ਸਰਕਾਰਾਂ ਕਿਉਂ ਨਹੀਂ ਅਗੇਤੇ ਉਨ੍ਹਾਂ ਦੀ ਸਫਾਈ ਦੇ ਪ੍ਰਬੰਧ ਕਰਵਾਉਂਦੀਆਂ? ਇਹ ਵੀ ਹੈਰਾਨੀ ਵਾਲੀ ਗੱਲ ਹੈ ਕਿ ਪੰਜਾਬ ਦੀਆਂ ਸਰਕਾਰਾਂ ਸਿੰਜਾਈ ਅਤੇ ਡਰੇਨੇਜ ਵਿਭਾਗ ਦਾ ਬਜਟ ਵੀ ਨਾਮਾਤਰ ਹੀ ਬਣਾਉਂਦੀਆਂ ਹਨ। ਇਥੋਂ ਹੀ ਸਰਕਾਰਾਂ ਦੀ ਆਪਣੇ ਲੋਕਾਂ ਦੇ ਜਾਨ-ਮਾਲ ਦੀ ਸੁਰੱਖਿਆ ਵਿਚ ਸੰਜੀਦਗੀ ਦਾ ਪਤਾ ਲੱਗਦਾ ਹੈ। ਪੰਜਾਬ ਵਿਚ ਬਹੁਤਾ ਨੁਕਸਾਨ ਭਾਖੜਾ ਅਤੇ ਹੋਰ ਡੈਮਾਂ ਵਿਚੋਂ ਪਾਣੀ ਛੱਡਣ ਨਾਲ ਸਤਲੁਜ, ਬਿਆਸ, ਰਾਵੀ, ਘੱਗਰ ਅਤੇ ਮਾਰਕੰਡਾ ਦੇ ਪਾਣੀ ਨਾਲ ਨੁਕਸਾਨ ਹੁੰਦਾ ਹੈ। ਇਨ੍ਹਾਂ ਦੇ ਬੰਧ ਹਰ ਸਾਲ ਕਿਉਂ ਟੁੱਟਦੇ ਹਨ? ਬੰਧਾਂ ਨੂੰ ਪੱਕੇ ਤੌਰ 'ਤੇ ਮਜ਼ਬੂਤ ਕਿਉਂ ਨਹੀਂ ਕੀਤਾ ਜਾਂਦਾ? ਜੇ ਬੰਧ ਮਜ਼ਬੂਤ ਹੋਣਗੇ, ਤਾਂ ਪਾਣੀ ਫਸਲਾਂ ਅਤੇ ਘਰਾਂ ਦਾ ਨੁਕਸਾਨ ਨਹੀਂ ਕਰ ਸਕੇਗਾ। ਸਤਲੁਜ, ਰਾਵੀ, ਬਿਆਸ, ਘੱਗਰ ਅਤੇ ਮਾਰਕੰਡਾ ਵਿਚ ਪ੍ਰਭਾਵਸ਼ਾਲੀ ਵਿਅਕਤੀਆਂ ਨੇ ਸਰਕਾਰਾਂ ਦੀ ਸ਼ਹਿ 'ਤੇ ਕਬਜ਼ੇ ਕੀਤੇ ਹੋਏ ਹਨ, ਜਿਸ ਕਰਕੇ ਪਾਣੀ ਦੇ ਵਹਾਓ ਵਿਚ ਰੁਕਾਵਟ ਪੈਣ ਕਾਰਨ ਪਾਣੀ ਖੇਤਾਂ ਵਿਚ ਖਿਲਰ ਕੇ ਫਸਲਾਂ ਦਾ ਨੁਕਸਾਨ ਕਰਦਾ ਹੈ। ਇਨ੍ਹਾਂ ਵਿਚ ਪਾਣੀ ਹਿਮਾਚਲ ਦੇ ਕੈਚਮੈਂਟ ਇਲਾਕੇ ਵਿਚ ਵਧੇਰੇ ਮੀਂਹ ਪੈਣ ਨਾਲ ਪਾਣੀ ਆਉਂਦਾ ਹੈ। ਇਸ ਪਾਣੀ ਦੀ ਫਸਲਾਂ ਦੀ ਸਿੰਜਾਈ ਲਈ ਲੋੜ ਵੀ ਬਹੁਤ ਜ਼ਰੂਰੀ ਹੈ ਪ੍ਰੰਤੂ ਇਸ ਸਾਰੇ ਕੁਝ ਦੀ ਸਹੀ ਯੋਜਨਾਬੰਦੀ ਹੋਣੀ ਚਾਹੀਦੀ ਹੈ, ਜਿਸ ਦੀ ਘਾਟ ਦਾ ਨੁਕਸਾਨ ਪੰਜਾਬੀਆਂ ਨੂੰ ਹੁੰਦਾ ਹੈ। ਹਰਿਆਣਾ ਨੇ ਆਪਣੇ ਇਲਾਕੇ ਵਿਚੋਂ ਲੰਘਣ ਵਾਲੇ ਘੱਗਰ ਦਰਿਆ ਉਪਰ ਕੌਸ਼ਲਿਆ ਡੈਮ ਬਣਾ ਲਿਆ ਹੈ। ਲੋੜ ਅਨੁਸਾਰ ਉਹ ਉਸ ਪਾਣੀ ਨੂੰ ਵਰਤ ਲੈਂਦੇ ਹਨ ਅਤੇ ਡੈਮ ਵਿਚ ਪਾਣੀ ਸਟੋਰ ਹੋਣ ਨਾਲ ਧਰਤੀ ਵਿਚ ਪਾਣੀ ਰੀਚਾਰਜ ਹੁੰਦਾ ਰਹਿੰਦਾ ਹੈ। ਦੁੱਖ ਦੀ ਗੱਲ ਹੈ ਕਿ ਪੰਜਾਬ ਦੀਆਂ ਸਰਕਾਰਾਂ ਨੇ ਇਸ ਪਾਸੇ ਧਿਆਨ ਹੀ ਨਹੀਂ ਦਿੱਤਾ। ਭਾਰਤੀ ਜਲ ਸਿੰਜਾਈ ਬੋਰਡ ਨੇ ਪੰਜਾਬ ਅਤੇ ਹਰਿਆਣਾ ਨੂੰ ਸਾਂਝੇ ਤੌਰ 'ਤੇ ਡੈਮ ਬਣਾਉਣ ਦੀ ਸਲਾਹ ਦਿੱਤੀ ਸੀ, ਜਿਸ ਵਿਚ ਕੇਂਦਰ ਸਰਕਾਰ ਨੇ ਵੀ ਹਿੱਸਾ ਪਾਉਣਾ ਸੀ। ਪ੍ਰੰਤੂ ਕਿਸੇ ਵੀ ਸਰਕਾਰ ਨੇ ਸੰਜੀਦਗੀ ਨਹੀਂ ਵਿਖਾਈ। ਪੰਜਾਬ ਦੇ ਇਲਾਕੇ ਵਿਚ ਘੱਗਰ ਦਰਿਆ 'ਤੇ ਪੰਜਾਬ ਸਰਕਾਰ ਨੇ ਡੈਮ ਕਿਉਂ ਨਹੀਂ ਬਣਾਇਆ? ਜੇ ਡੈਮ ਬਣਾ ਲੈਂਦੇ, ਤਾਂ ਮੋਹਾਲੀ, ਪਟਿਆਲਾ, ਸੰਗਰੂਰ ਅਤੇ ਮਾਨਸਾ ਜ਼ਿਲ੍ਹਿਆਂ ਨੂੰ ਹੜ੍ਹਾਂ ਦੇ ਪਾਣੀ ਤੋਂ ਰਾਹਤ ਮਿਲ ਸਕਦੀ ਸੀ। ਇਥੇ ਸਰਕਾਰਾਂ ਆਰਥਿਕ ਸਮੱਸਿਆ ਦੀ ਗੱਲ ਕਰਦੀਆਂ ਹਨ। ਇਸ ਮੰਤਵ ਲਈ ਹੋਰ ਕਿਸੇ ਪਾਸੇ ਤੋਂ ਬਜਟ ਲਿਆ ਜਾ ਸਕਦਾ ਹੈ। ਕਰਜ਼ਾ ਲਿਆ ਜਾ ਸਕਦਾ ਹੈ। ਜਿਤਨਾ ਹੜ੍ਹਾਂ ਦੇ ਪਾਣੀ ਦੇ ਬਚਾਓ 'ਤੇ ਖ਼ਰਚ ਕਰਦੇ ਹਨ, ਉਤਨਾ ਅਗੇਤੇ ਪ੍ਰਬੰਧਾਂ 'ਤੇ ਕਰ ਲੈਣ ਤਾਂ ਕੋਈ ਮੁਸੀਬਤ ਪੈਦਾ ਹੀ ਨਹੀਂ ਹੋਵੇਗੀ। ਹੜ੍ਹਾਂ ਦੇ ਪਾਣੀ ਦਾ ਸਭ ਤੋਂ ਵੱਧ ਨੁਕਸਾਨ ਪੰਜਾਬ ਦੇ ਕਿਸਾਨਾਂ ਅਤੇ ਕਿਰਤੀਆਂ ਦਾ ਹੁੰਦਾ ਹੈ ਕਿਉਂਕਿ ਉਨ੍ਹਾਂ ਦੀਆਂ ਹਜ਼ਾਰਾਂ ਏਕੜ ਫਸਲਾਂ ਤਬਾਹ ਹੋ ਜਾਂਦੀਆਂ ਹਨ। ਪੰਜਾਬ ਵਿਚ ਕਿਸਾਨਾਂ ਦੀ ਹਮਾਇਤੀ ਅਖਵਾਉਣ ਵਾਲੀ ਪਾਰਟੀ ਨੇ 15 ਸਾਲ ਰਾਜ ਕੀਤਾ ਪ੍ਰੰਤੂ ਹੜ੍ਹਾਂ ਨੂੰ ਰੋਕਣ ਲਈ ਕੋਈ ਵੀ ਸਾਰਥਿਕ ਯੋਜਨਬੰਦੀ ਨਹੀਂ ਬਣਾਈ, ਹਾਂ ਹਰ ਸਾਲ ਹੋਣ ਵਾਲੇ ਨੁਕਸਾਨ ਦੀ ਭਰਪਾਈ ਦਾ ਡਰਾਮਾ ਜ਼ਰੂਰ ਹੁੰਦਾ ਰਿਹਾ ਹੈ। ਕਿਸਾਨਾਂ ਦੀ ਭਰਪਾਈ ਸੰਭਵ ਹੀ ਨਹੀਂ, ਹੰਝੂ ਪੂੰਝਣ ਵਾਲਾ ਸਟੰਟ ਹੁੰਦਾ ਹੈ। ਕਾਂਗਰਸ ਸਰਕਾਰ ਵੀ ਪੰਜਾਬ ਵਿਚ ਬਹੁਤਾ ਸਮਾਂ ਰਹੀ, ਉਨ੍ਹਾਂ ਨੇ ਵੀ ਸੰਜੀਦਗੀ ਨਹੀਂ ਵਿਖਾਈ। ਸਾਰੇ ਵੋਟਾਂ ਬਟੋਰਨ ਲਈ ਗੋਂਗਲੂਆਂ ਤੋਂ ਮਿੱਟੀ ਝਾੜਦੇ ਰਹੇ। ਪੰਜਾਬ ਵਿਚ ਕੁਦਰਤੀ ਸੋਮੇਂ ਤਾਂ ਬਹੁਤ ਘੱਟ ਹਨ ਪ੍ਰੰਤੂ ਜਿਹੜੇ ਹਨ, ਉਨ੍ਹਾਂ ਨਾਲ ਖਿਲਵਾੜ ਹੋ ਰਿਹਾ ਹੈ। ਮੀਂਹ ਦੇ ਪਾਣੀ ਨੂੰ ਰੋਕਣ ਲਈ ਜੰਗਲਾਂ ਦਾ ਵੱਡਾ ਯੋਗਦਾਨ ਹੁੰਦਾ ਹੈ। ਇਸ ਮੰਤਵ ਲਈ ਰਾਜ ਦੀ ਜ਼ਮੀਨੀ ਭੂਮੀ ਦੇ 33 ਫ਼ੀਸਦੀ ਹਿੱਸੇ ਵਿਚ ਜੰਗਲ ਹੋਣੇ ਜ਼ਰੂਰੀ ਹਨ। ਪੰਜਾਬ ਵਿਚ ਇਸ ਸਮੇਂ ਸਿਰਫ਼ 6 ਫ਼ੀਸਦੀ ਜੰਗਲ ਹਨ। ਜੰਗਲਾਂ ਨੂੰ ਵੱਡ ਕੇ ਫ਼ਸਲਾਂ ਬੀਜੀਆਂ ਜਾ ਰਹੀਆਂ ਹਨ। ਸਰਕਾਰਾਂ ਨੂੰ ਜੰਗਲ ਅਧੀਨ ਰਕਬਾ ਵਧਾਉਣ ਲਈ ਉਪਰਾਲੇ ਕਰਨੇ ਚਾਹੀਦੇ ਹਨ। ਜੰਗਲਾਂ ਨੂੰ ਕੱਟਣ ਵਾਲਿਆਂ ਵਿਰੁੱਧ ਸਖ਼ਤ ਕਾਨੂੰਨ ਬਣਾਉਣ ਦੀ ਲੋੜ ਹੈ, ਤਾਂ ਜੋ ਦਰੱਖਤ ਵੱਡਣ ਨੂੰ ਰੋਕਿਆ ਜਾ ਸਕੇ। ਹੜ੍ਹਾਂ ਲਈ ਮਾਈਨਿੰਗ ਵੀ ਸਭ ਤੋਂ ਵੱਡੀ ਜ਼ਿੰਮੇਵਾਰ ਹੈ। ਪੰਜਾਬ ਦੇ ਹਰ ਜ਼ਿਲ੍ਹੇ ਵਿਚ ਧੜਾਧੜ ਮਾਈਨਿੰਗ ਹੁੰਦੀ ਰਹੀ ਹੈ। ਪੰਜਾਬ ਵਿਚ ਹਰ ਸਰਕਾਰ ਵਿਚ ਮਾਈਨਿੰਗ ਵੀ ਜ਼ੋਰਾਂ 'ਤੇ ਹੁੰਦੀ ਰਹੀ ਹੈ। ਇਹ ਮਾਈਨਿੰਗ ਸਰਕਾਰਾਂ ਦੀ ਸ਼ਹਿ ਤੋਂ ਬਿਨਾ ਸੰਭਵ ਹੀ ਨਹੀਂ ਹੋ ਸਕਦੀ। ਅਖ਼ਬਾਰਾਂ ਦੀਆਂ ਖ਼ਬਰਾਂ ਤੋਂ ਸਾਫ ਹੋ ਜਾਂਦਾ ਹੈ ਕਿ ਮਾਈਨਿੰਗ ਕਰਨ ਵਿਚ ਸਿਆਸਤਦਾਨਾਂ ਦੇ ਨਾਮ ਬੋਲਦੇ ਹਨ।

ਪੰਜਾਬੀਆਂ ਦਾ ਸੁਭਾਅ ਹੈ ਕਿ ਉਹ ਹਰ ਗ਼ਲਤ ਕੰਮ ਲਈ ਸਰਕਾਰਾਂ ਨੂੰ ਜ਼ਿੰਮੇਵਾਰ ਠਹਿਰਾਉਂਦੀਆਂ ਰਹਿੰਦੀਆਂ ਹਨ। ਪੰਜਾਬੀਆਂ ਦੇ ਵੀ ਕੁਝ ਫਰਜ਼ ਹਨ। ਹੜ੍ਹਾਂ ਦੇ ਪਾਣੀ ਦੇ ਕੁਦਰਤੀ ਵਹਾਅ ਨੂੰ ਰੋਕਣ ਵਿਚ ਪੰਜਾਬੀ ਸਭ ਤੋਂ ਮੋਹਰੀ ਹਨ। ਜਿਹੜੇ ਹੜ੍ਹਾਂ ਦੇ ਪਾਣੀ ਦੀ ਨਿਕਾਸੀ ਦੇ ਸਾਧਨ ਹਨ, ਉਨ੍ਹਾਂ 'ਤੇ ਗ਼ੈਰ ਕਾਨੂੰਨੀ ਕਬਜ਼ੇ ਹੋ ਗਏ ਹਨ। ਜਿਹੜੇ ਚੋਅ, ਟੋਭੇ, ਦਰਿਆ, ਰਜਵਾਹੇ, ਨਾਲੇ ਜਿਥੋਂ ਲੰਘਦੇ ਹਨ, ਉਥੇ ਜਿਹੜੇ ਕਿਸਾਨਾਂ ਦੇ ਖੇਤਾਂ ਦੇ ਕੋਲੋਂ ਜਾਂਦੇ ਹਨ, ਉਨ੍ਹਾਂ 'ਤੇ ਕਿਸਾਨਾਂ ਨੇ ਕਬਜ਼ੇ ਕਰਕੇ ਕੁਦਰਤੀ ਵਹਾਅ ਵਿਚ ਰੁਕਾਵਟ ਪਾਈ ਹੈ। ਹੜ੍ਹਾਂ ਤੋਂ ਬਾਅਦ ਹਰ ਸਰਕਾਰ ਐਕਸ਼ਨ ਮੋਡ ਵਿਚ ਆਉਂਦੀ ਹੈ। ਪਹਿਲਾਂ ਕਿਉਂ ਨਹੀਂ ਸੋਚਦੇ? ਹੜ੍ਹਾਂ ਦੇ ਆਉਣ ਸਮੇਂ ਨਹਿਰਾਂ ਬੰਦ ਕਰ ਦਿੱਤੀਆਂ ਜਾਂਦੀਆਂ ਹਨ, ਜੇਕਰ ਹੜ੍ਹਾਂ ਦਾ ਪਾਣੀ ਨਹਿਰਾਂ ਵਿਚ ਜਾਣ ਦਿੱਤਾ ਜਾਵੇ, ਤਾਂ ਹੜ੍ਹ ਨਹੀਂ ਆਉਣਗੇ। ਸਰਕਾਰ ਕਹਿੰਦੀ ਹੈ ਕਿ ਹੜ੍ਹਾਂ ਦੇ ਪਾਣੀ ਵਿਚ ਸਿਲਟ ਭਾਵ ਗਾਦ ਹੁੰਦੀ ਹੈ, ਇਹ ਗਾਦ ਨਹਿਰਾਂ ਵਿਚ ਜੰਮ ਜਾਂਦੀ ਹੈ, ਇਸ ਕਰਕੇ ਨਹਿਰਾਂ ਵਿਚ ਹੜ੍ਹਾਂ ਦਾ ਪਾਣੀ ਛੱਡਿਆ ਨਹੀਂ ਜਾਂਦਾ। ਰਾਜਸਥਾਨ ਫੀਡਰ ਵੀ ਬੰਦ ਕਰ ਦਿੱਤੀ ਹੈ। ਲੋਕਾਂ ਦੇ ਜਾਨ ਮਾਲ ਨਾਲੋਂ ਗਾਦ ਰੋਕਣ ਸਰਕਾਰਾਂ ਜ਼ਰੂਰੀ ਸਮਝਦੀਆਂ ਹਨ। ਪਾਕਿਸਤਾਨ ਨੇ ਸੁਲੇਮਾਨ ਹੈਡ ਵਰਕਸ ਦੇ 10 ਹੜ੍ਹ ਰੋਕੂ ਫਲੱਡ ਗੇਟ ਖੋਲ੍ਹ ਦਿੱਤੇ ਹਨ, ਜਿਸ ਨਾਲ ਪੰਜਾਬ ਵਿਚੋਂ ਪਾਣੀ ਪਾਕਿਸਤਾਨ ਵਿਚ ਜਾਣ ਨਲ ਥੋੜ੍ਹੀ ਰਾਹਤ ਮਿਲੀ ਹੈ। ਉਨ੍ਹਾਂ ਦੇ ਸੁਲੇਮਾਨ ਹੈਡ ਵਰਕਸ ਵਿਚੋਂ ਦੋ ਨਹਿਰਾਂ ਨਿਕਲਦੀਆਂ ਹਨ, ਕੀ ਉਨ੍ਹਾਂ ਵਿਚ ਗਾਦ ਨਹੀਂ ਜੰਮੇਗੀ?

ਵਰਤਮਾਨ ਸਰਕਾਰ ਬਣੀ ਨੂੰ ਅਜੇ ਲਗਪਗ ਡੇਢ ਸਾਲ ਹੀ ਹੋਇਆ ਹੈ। ਭਾਵੇਂ ਸਰਕਾਰ ਬਦਲਾਅ ਦੇ ਨਾਮ 'ਤੇ ਹੋਂਦ ਵਿਚ ਆਈ ਹੈ ਕਿ ਉਹ ਮਾਇਨਿੰਗ ਅਤੇ ਹੋਰ ਸਾਰੇ ਗ਼ੈਰਕਾਨੂੰਨੀ ਧੰਦੇ ਬੰਦ ਕਰਵਾ ਦੇਵੇਗੀ, ਇਹ ਵੇਖਣ ਵਾਲੀ ਗੱਲ ਹੈ ਕਿ ਸਰਕਾਰ ਕਿਤਨੀ ਕੁ ਸਫਲ ਹੋਵੇਗੀ ਪ੍ਰੰਤੂ ਹੜ੍ਹਾਂ ਨੂੰ ਰੋਕਣ ਲਈ ਸਰਕਾਰ ਨੂੰ ਕੋਈ ਠੋਸ ਯੋਜਨਾ ਬਣਾਉਣੀ ਚਾਹੀਦੀ ਹੈ। ਇਸ ਸਾਲ ਤਾਂ ਪਿਛਲੀਆਂ ਸਰਕਾਰਾਂ ਵਾਲਾ ਹਾਲ ਹੀ ਰਿਹਾ ਹੈ। ਇਸ ਸਰਕਾਰ ਦੇ ਅਜੇ ਸਾਢੇ ਤਿੰਨ ਸਾਲ ਬਾਕੀ ਰਹਿੰਦੇ ਹਨ, ਜੇਕਰ ਸਰਕਾਰ ਹੜ੍ਹਾਂ ਨੂੰ ਰੋਕਣ ਲਈ ਸੰਜੀਦਾ ਹੋਵੇਗੀ, ਤਾਂ ਅਗਲੇ ਸਾਲ ਤੱਕ ਪਤਾ ਲੱਗ ਜਾਵੇਗਾ ਕਿ ਉਨ੍ਹਾਂ ਕੋਈ ਯੋਜਨਾ ਬਣਾਈ ਹੈ ਜਾਂ ਨਹੀਂ।

# ਕੂਟਨੀਤੀ




ਬਲਰਾਜ ਸਿੰਘ ਸਿੱਧੂ ਕਮਾਂਡੈਂਟ
ਪੰਡੋਰੀ ਸਿੱਧਵਾਂ 95011-00062
(Punjab Mail USA)


ਕਿਸੇ ਰਾਜ ਦਾ ਰਾਜਾ ਲਾਲ ਕ੍ਰਿਸ਼ਨ ਬਜ਼ੁਰਗ ਹੋ ਗਿਆ ਸੀ ਤੇ ਉਸ ਦੀ ਸਿਹਤ ਵੀ ਠੀਕ ਨਹੀਂ ਸੀ ਰਹਿੰਦੀ। ਉਸ ਦੇ ਤਿੰਨ ਬੇਟੇ ਸਨ ਰਾਮ ਸਿੰਘ, ਸ਼ਾਮ ਸਿੰਘ ਅਤੇ ਨਰਿੰਦਰ। ਰਾਜੇ ਨੂੰ ਸਮਝ ਨਹੀਂ ਸੀ ਆ ਰਹੀ ਕਿ ਇਨ੍ਹਾਂ ਤਿੰਨਾਂ ਵਿਚੋਂ ਕਿਸ ਨੂੰ ਰਾਜ ਪਾਟ ਦਿੱਤਾ ਜਾਵੇ ਕਿਉਂਕਿ ਤਿੰਨੇ ਹੀ ਬਰਾਬਰ ਦੇ ਕਾਬਲ ਅਤੇ ਲਾਇਕ ਸਨ। ਇਸ ਲਈ ਉਸ ਨੇ ਪ੍ਰਧਾਨ ਮੰਤਰੀ ਨਾਲ ਸਲਾਹ ਕਰ ਕੇ ਇੱਕ ਤਰਕੀਬ ਕੱਢੀ। ਅਗਲੇ ਦਿਨ ਉਸ ਨੇ ਰਾਜਕੁਮਾਰਾਂ ਨੂੰ ਦਰਬਾਰ ਵਿਚ ਬੁਲਾ ਕੇ ਹਰੇਕ ਨੂੰ ਇੱਕ ਇੱਕ ਲੱਖ ਸੋਨੇ ਦੇ ਸਿੱਕੇ ਦਿੱਤੇ ਤੇ ਕਿਹਾ, "ਆਪਾਂ ਹੁਣ ਇੱਕ ਸਾਲ ਬਾਅਦ ਮਿਲਾਂਗੇ। ਇੱਕ ਸਾਲ ਵਿਚ ਜਿਹੜਾ ਵੀ ਰਾਜਕੁਮਾਰ ਅਜਿਹੀ ਕਲਾ ਸਿੱਖ ਕੇ ਆਵੇਗਾ, ਜਿਸ ਨਾਲ ਦੇਸ਼ ਦਾ ਸਭ ਤੋਂ ਵੱਧ ਭਲਾ ਹੁੰਦਾ ਹੋਵੇ, ਮੈਂ ਰਾਜ ਪਾਟ ਉਸ ਨੂੰ ਦੇ ਦੇਵਾਂਗਾ।" ਤਿੰਨੇ ਰਾਜਕੁਮਾਰ ਰਾਜੇ ਨੂੰ ਨਮਸਕਾਰ ਕਰ ਕੇ ਦਰਬਾਰ ਤੋਂ ਬਾਹਰ ਨਿਕਲ ਗਏ।

ਇੱਕ ਸਾਲ ਬਾਅਦ ਉਹ ਵਾਪਸ ਆਏ ਤੇ ਅਗਲੇ ਦਿਨ ਰਾਜੇ ਨੇ ਦਰਬਾਰ ਵਿਚ ਤਿੰਨਾਂ ਤੋਂ ਉਨ੍ਹਾਂ ਦੀ ਪ੍ਰਾਪਤੀ ਬਾਰੇ ਪੁੱਛਿਆ। ਸਭ ਤੋਂ ਪਹਿਲਾਂ ਰਾਮ ਸਿੰਘ ਬੋਲਿਆ, "ਮਹਾਰਾਜ, ਮੈਂ ਤੁਹਾਡੇ ਦਿੱਤੇ ਹੋਏ ਧੰਨ ਨਾਲ ਇੱਕ ਤਾਂਤਰਿਕ ਤੋਂ ਅਜਿਹੀ ਕਲਾ ਸਿੱਖੀ ਹੈ, ਜਿਸ ਨਾਲ ਮੈਂ ਜਦੋਂ ਚਾਹਾਂ ਤੇ ਜਿੱਥੇ ਚਾਹਾਂ ਬਾਰਸ਼ ਕਰਵਾ ਸਕਦਾ ਹਾਂ ਜਾਂ ਰੋਕ ਸਕਦਾ ਹਾਂ। ਅੱਜ ਤੋਂ ਬਾਅਦ ਸਾਡੇ ਰਾਜ ਵਿਚ ਨਾ ਤਾਂ ਕਦੇ ਅਕਾਲ ਪਵੇਗਾ ਤੇ ਨਾ ਹੀ ਹੜ੍ਹ ਆਉਣਗੇ।" ਇਹ ਸੁਣ ਕੇ ਦਰਬਾਰ ਤਾੜੀਆਂ ਨਾਲ ਗੂੰਜ ਉੱਠਿਆ ਤੇ ਰਾਜੇ ਨੇ ਗਰਦਨ ਘੁਮਾ ਕੇ ਪ੍ਰਸ਼ਨ ਪੂਰਵਕ ਤਰੀਕੇ ਨਾਲ ਸ਼ਾਮ ਸਿੰਘ ਵੱਲ ਵੇਖਿਆ। ਸ਼ਾਮ ਸਿੰਘ ਨੇ ਬਹੁਤ ਮਾਣ ਨਾਲ ਦੱਸਿਆ, "ਮਹਾਰਾਜ, ਮੈਂ ਉਸ ਪੈਸੇ ਨਾਲ ਸਾਰੀ ਪਰਜਾ ਵਿਚ ਧਰਮ ਪ੍ਰਚਾਰ ਕਰਵਾ ਰਿਹਾ ਹਾਂ ਤੇ ਧਾਰਮਿਕ ਪੁਸਤਕਾਂ ਲਿਖਵਾ ਕੇ ਵੰਡ ਰਿਹਾ ਹਾਂ। ਇਸ ਨਾਲ ਸਾਡੀ ਪਰਜਾ ਪਵਿੱਤਰ ਤੇ ਸੱਚਾ-ਸੁੱਚਾ ਜੀਵਨ ਜਿਊਣ ਦੀ ਧਾਰਨੀ ਹੋ ਜਾਵੇਗੀ, ਜਿਸ ਕਾਰਨ ਰਾਜ ਵਿਚ ਜ਼ੁਰਮ ਬਿਲਕੁਲ ਖਤਮ ਹੋ ਜਾਣਗੇ।" ਦੁਬਾਰਾ ਤਾੜੀਆਂ ਵੱਜੀਆਂ ਪਰ ਬਹੁਤ ਹੀ ਢਿੱਲੀ ਜਿਹੀ ਸੁਰ ਵਿਚ।

ਹੁਣ ਦਰਬਾਰੀਆਂ ਦੀਆਂ ਨਜ਼ਰਾਂ ਸਭ ਤੋਂ ਛੋਟੇ ਰਾਜਕੁਮਾਰ ਨਰਿੰਦਰ ਵੱਲ ਲੱਗ ਗਈਆਂ। ਰਾਜੇ ਨੇ ਪੁੱਛਿਆ, "ਹਾਂ ਭਾਈ ਨਰਿੰਦਰ, ਤੂੰ ਕੀ ਸਿੱਖ ਕੇ ਆਇਆਂ ਹੈਂ?" ਨਰਿੰਦਰ ਬਹੁਤ ਹੀ ਹੈਂਕੜ ਭਰੀ ਚਾਲ ਨਾਲ ਚੱਲ ਕੇ ਸਿੰਘਾਸਣ ਦੇ ਨਜ਼ਦੀਕ ਪਹੁੰਚਿਆ ਤੇ ਕੁਟਿਲ ਮੁਸਕਾਨ ਨਾਲ ਬੋਲਿਆ, "ਪਿਤਾ ਸ਼੍ਰੀ ਸਿੱਖਿਆ ਤਾਂ ਮੈਂ ਕੁਝ ਨਹੀਂ, ਪਰ ਤੁਸੀਂ ਜ਼ਰਾ ਹੁਣ ਸਿੰਘਾਸਣ ਤੋਂ ਪਾਸੇ ਹੋ ਜਾਉ। ਤੁਹਾਡੇ ਦਿੱਤੇ ਸੋਨੇ ਦੇ ਸਿੱਕਿਆਂ ਨਾਲ ਮੈਂ ਫੌਜ ਦੇ ਜਰਨੈਲ ਅਤੇ ਮੰਤਰੀ ਆਪਣੇ ਪੱਖ ਵਿਚ ਕਰ ਲਏ ਹਨ। ਸਿੰਘਾਸਣ ਦੇ ਪਿੱਛੇ ਖੜ੍ਹੇ ਤੁਹਾਡੇ ਵਿਸ਼ਵਾਸ ਪਾਤਰ ਅੰਗ ਰੱਖਿਅਕ ਵੀ ਮੇਰੇ ਪਾਲੇ ਵਿਚ ਆ ਚੁੱਕੇ ਹਨ। ਜੇ ਤੁਸੀਂ ਸਿੰਘਾਸਣ ਖਾਲੀ ਕਰਕੇ ਜੰਗਲ ਵੱਲ ਪ੍ਰਸਥਾਨ ਨਾ ਕੀਤਾ, ਤਾਂ ਮਜਬੂਰੀ ਵੱਸ ਮੈਨੂੰ ਤੁਹਾਨੂੰ ਯਮ ਲੋਕ ਭੇਜਣਾ ਪਵੇਗਾ।" ਰਾਜੇ ਦੀ ਜ਼ੁਬਾਨ ਤਾਲੂ ਨਾਲ ਲੱਗ ਗਈ ਤੇ ਉਹ ਚੁੱਪਚਾਪ ਸਿੰਘਾਸਣ ਉੱਤਰ ਕੇ ਜੰਗਲਾਂ ਵੱਲ ਜਾਣ ਦੀ ਤਿਆਰੀ ਕਰਨ ਲੱਗਾ।

# ਹੜ੍ਹਾਂ ਦਾ ਕਹਿਰ, ਨੇਤਾਵਾਂ ਦੀ ਅਸੰਵੇਦਨਸ਼ੀਲਤਾ












ਗੁਰਮੀਤ ਸਿੰਘ ਪਲਾਹੀ
# ਮੋਬਾਈਲ : 98158-02070
(Punjab Mail USA)


ਦੇਸ਼ 'ਚ ਹੜ੍ਹਾਂ ਨਾਲ ਮਰਨ ਵਾਲਿਆਂ ਦਾ ਅੰਕੜਾ ਵੇਖ-ਪੜ੍ਹ ਕੇ ਕਲੇਜਾ ਮੂੰਹ ਨੂੰ ਆਉਂਦਾ ਹੈ। ਪਰ ਨੇਤਾ ਲੋਕ ਇੰਨੇ ਅਸੰਵੇਦਨਸ਼ੀਲ ਹੋ ਗਏ ਹਨ ਕਿ ਉਨ੍ਹਾਂ ਦਾ ਦਿਲ ਨਾ ਹੀ ਦਹਿਲਦਾ ਹੈ, ਨਾ ਹੀ ਪਸੀਜਦਾ ਹੈ। ਉਹ ਤਾਂ ਹੈਲੀਕਾਪਟਰ 'ਤੇ ਚੜ੍ਹਦੇ ਹਨ, ਦੌਰੇ ਕਰਦੇ ਹਨ, ਇਸ ਨਾਲ ਹੀ ਉਹ ਆਪਣੀ ਜ਼ਿੰਮੇਵਾਰੀ ਪੂਰੀ ਹੋ ਗਈ ਸਮਝਦੇ ਹਨ।

ਹਾਕਮਾਂ ਦੇ ਹੜ੍ਹਾਂ ਦਰਮਿਆਨ ਬਿਆਨ ਆਉਂਦੇ ਹਨ, ਵਿਰੋਧੀ ਧਿਰ ਦੇ ਨੇਤਾਵਾਂ ਦੇ ਬਿਆਨ ਵੀ ਚਮਕਦੇ ਹਨ। ਫਿਰ ਹੜ੍ਹ ਦਾ ਪਾਣੀ ਉਤਰ ਜਾਂਦਾ ਹੈ। ਬਿਆਨ ਵੀ ਮੱਧਮ ਹੋ ਜਾਂਦੇ ਹਨ। ਇਨ੍ਹਾ ਹੜ੍ਹਾਂ ਤੋਂ ਬਚਾਅ ਦਾ ਪੱਕਾ ਪ੍ਰਬੰਧ ਉਨ੍ਹਾਂ ਨੇ ਹੀ ਕਰਨਾ ਹੈ, ਉਹ ਇਹ ਭੁੱਲ ਹੀ ਜਾਂਦੇ ਹਨ। ਨੇਤਾ, ਲੋਕਾਂ ਨੂੰ ਰਾਹਤ ਦੇਣ ਦੀ ਥਾਂ, ਇੱਕ-ਦੂਜੇ ਨੂੰ ਦੋਸ਼ੀ ਠਹਿਰਾਅ ਕੇ, ਆਪਣੀ ਜਵਾਬਦੇਹੀ ਤੋਂ ਪੱਲਾ ਛੁਡਾ ਰਹੇ ਹਨ।

ਹੜ੍ਹਾਂ ਨਾਲ ਨੁਕਸਾਨ ਲਗਾਤਾਰ ਵੱਧ ਰਿਹਾ ਹੈ। ਇਸਦਾ ਵੱਡਾ ਕਾਰਨ ਇਹ ਹੈ ਕਿ ਡੁੱਬ ਰਹੇ ਖੇਤਰਾਂ ਵਿਚ ਪਿਛਲੇ ਕੁਝ ਵਰ੍ਹਿਆਂ ਦੌਰਾਨ ਆਰਥਿਕ ਗਤੀਵਿਧੀਆਂ ਬਹੁਤ ਵਧ ਗਈਆਂ ਹਨ ਅਤੇ ਨਵੀਆਂ, ਵੱਡੀਆਂ ਇਨਸਾਨੀ ਬਸਤੀਆਂ ਵਸ ਰਹੀਆਂ ਹਨ। ਇਸ ਨਾਲ ਨਦੀਆਂ ਦੇ ਡੁੱਬ ਰਹੇ ਖੇਤਰ ਵਿਚ ਆਉਣ ਵਾਲੇ ਲੋਕ ਦਾ ਹੜ੍ਹ ਦਾ ਸ਼ਿਕਾਰ ਹੋਣ ਦਾ ਖਦਸ਼ਾ ਸਾਲੋ-ਸਾਲ ਵਧਦਾ ਜਾ ਰਿਹਾ ਹੈ। ਜੇਕਰ ਨਦੀਆਂ ਦੇ ਕੁਦਰਤੀ ਵਹਾਅ ਦੇ ਰਸਤੇ ਬਨਾਉਣਾ ਜਾਂ ਸੁਰੱਖਿਅਤ ਕਰਨਾ ਸਰਕਾਰਾਂ ਦੇ ਅਜੰਡੇ 'ਤੇ ਹੁੰਦਾ, ਤਾਂ ਹੜ੍ਹ ਨੂੰ ਰੋਕਿਆ ਜਾਂ ਘਟਾਇਆ ਜਾ ਸਕਦਾ ਹੁੰਦਾ।

ਹੜ੍ਹ ਤਦ ਆਉਂਦੇ ਹਨ, ਜਦ ਪਾਣੀ ਸਮੁੰਦਰਾਂ, ਮਹਾਂਸਾਗਰਾਂ, ਤਲਾਬਾਂ, ਝੀਲਾਂ, ਨਹਿਰਾਂ ਜਾਂ ਨਦੀਆਂ ਸਮੇਤ ਸਾਰੇ ਜਲ ਸਰੋਤਾਂ ਤੋਂ ਓਵਰ-ਫਲੋ ਹੋ ਜਾਂਦਾ ਹੈ, ਜਿਸ ਨਾਲ ਸੁੱਕੀ ਜ਼ਮੀਨ ਜਲਮਗਨ ਹੋ ਜਾਂਦੀ ਹੈ। ਹੜ੍ਹ ਖਾਸ ਤੌਰ 'ਤੇ ਭਾਰਤ ਵਿਚ ਸਭ ਤੋਂ ਆਮ ਅਤੇ ਗੰਭੀਰ ਕੁਦਰਤੀ ਮੌਸਮੀ ਘਟਨਾ ਹੈ, ਜਿਸ ਨਾਲ ਜੀਵਨ, ਜਾਇਦਾਦ ਅਤੇ ਅਜੀਵਕਾ ਦਾ ਭਾਰੀ ਨੁਕਸਾਨ ਹੁੰਦਾ ਹੈ।

ਉਤਰਾਖੰਡ 'ਚ ਇਸ ਵਰ੍ਹੇ ਮੀਂਹ ਅਤੇ ਹੜ੍ਹ ਨੇ ਤਬਾਹੀ ਮਚਾ ਰੱਖੀ ਹੈ। ਪਰਬਤ ਡਿੱਗ ਪਏ। ਮਕਾਨ ਜ਼ਮੀਨਦੋਜ਼ ਹੋ ਗਏ। ਜਾਨੀ-ਮਾਲੀ ਅੰਤਾਂ ਦਾ ਨੁਕਸਾਨ ਹੋਇਆ। ਪੰਜਾਬ, ਹਰਿਆਣਾ, ਦਿੱਲੀ ਦੇ ਲੋਕ ਹੜ੍ਹਾਂ ਕਾਰਨ ਪ੍ਰੇਸ਼ਾਨ ਹੋ ਚੁੱਕੇ ਹਨ। ਸੜਕਾਂ ਟੁੱਟ ਗਈਆਂ ਹਨ। ਫਸਲਾਂ ਤਬਾਹ ਹੋ ਗਈਆਂ ਹਨ। ਜਨਜੀਵਨ ਥੰਮ੍ਹ ਗਿਆ ਹੈ। ਲੋਕਾਂ ਕੋਲ ਖਾਣ ਲਈ ਭੋਜਨ ਨਹੀਂ, ਪੀਣ ਲਈ ਪਾਣੀ ਨਹੀਂ। ਪੰਜਾਬ 'ਚ ਇੱਕ ਸਰਕਾਰੀ ਜਾਣਕਾਰੀ ਅਨੁਸਾਰ 2.40 ਲੱਖ ਹੈਕਟੇਅਰ ਝੋਨੇ ਦਾ ਰਕਬਾ ਬਰਸਾਤ ਕਾਰਨ ਪੂਰੀ ਤਰ੍ਹਾਂ ਨੁਕਸਾਨਿਆ ਗਿਆ। 83000 ਹੈਕਟੇਅਰ ਝੋਨੇ ਦੀ ਫਸਲ ਤਬਾਹ ਹੋ ਗਈ ਹੈ। ਉਂਜ ਦੇਸ਼ ਵਿਚ ਵੀ ਰਾਸ਼ਟਰੀ ਹੜ੍ਹ ਕਮਿਸ਼ਨ ਦੇ ਅਨੁਸਾਰ ਭਾਰਤ ਵਿਚ ਚਾਰ ਕਰੋੜ ਹੈਕਟੇਅਰ ਧਰਤੀ ਨੂੰ ਹੜ੍ਹਾਂ ਨੇ ਪਲੇਟ 'ਚ ਲਿਆ ਹੈ।

ਕੇਂਦਰ ਸਰਕਾਰ ਨੇ ਹੜ੍ਹਾਂ ਦੀ ਮਾਰ ਦੇ ਅੰਕੜੇ ਪ੍ਰਕਾਸ਼ਤ ਕੀਤੇ ਹਨ, ਜਿਸ ਅਨੁਸਾਰ ਦੇਸ਼ ਵਿਚ ਪਿਛਲੇ 64 ਸਾਲਾਂ ਵਿਚ ਇੱਕ ਲੱਖ ਤੋਂ ਜ਼ਿਆਦਾ ਲੋਕਾਂ ਦੀ ਹੜ੍ਹਾਂ ਕਾਰਨ ਮੌਤ ਹੋਈ। ਹਰ ਸਾਲ ਔਸਤਨ 1654 ਲੋਕਾਂ ਤੋਂ ਇਲਾਵਾ 92,763 ਪਸ਼ੂ ਮਾਰੇ ਗਏ। ਸੂਬਿਆਂ ਵਿਚ ਸਾਲਾਨਾ ਔਸਤਨ 1680 ਕਰੋੜ ਰੁਪਏ ਦੀਆਂ ਫਸਲਾਂ ਦਾ ਨੁਕਸਾਨ ਹੁੰਦਾ ਹੈ। 12.40 ਲੱਖ ਮਕਾਨ ਹਰ ਸਾਲ ਨੁਕਸਾਨੇ ਜਾਂਦੇ ਹਨ ਜਾਂ ਧਰਤੀ 'ਚ ਸਿਮਟ ਜਾਂਦੇ ਹਨ। ਇਨ੍ਹਾਂ 64 ਵਰ੍ਹਿਆਂ 'ਚ ਇੱਕ ਅਨੁਮਾਨ ਅਨੁਸਾਰ 2.02 ਲੱਖ ਕਰੋੜ ਦੀ ਜਾਇਦਾਦ ਅਤੇ 1.09 ਲੱਖ ਕਰੋੜ ਦੀਆਂ ਫਸਲਾਂ ਤਬਾਹ ਹੋਈਆਂ। ਇਥੇ ਹੀ ਬੱਸ ਨਹੀਂ, 25.6 ਲੱਖ ਹੈਕਟੇਅਰ ਉਪਜਾਊ ਖੇਤ ਨਸ਼ਟ ਹੋ ਗਏ ਅਤੇ ਇਨ੍ਹਾਂ 64 ਸਾਲਾਂ 'ਚ ਕੁਲ ਮਿਲਾਕੇ 205.8 ਕਰੋੜ ਲੋਕ ਪ੍ਰਭਾਵਿਤ ਹੋਏ। ਅਰਥਾਤ ਦੇਸ਼ ਦੀ ਮੌਜੂਦਾ ਆਬਾਦੀ ਦੇ ਡੇਢ ਗੁਣਾ ਤੋਂ ਵੀ ਵਧ ਲੋਕ ਵਾਰ-ਵਾਰ ਹੜ੍ਹਾਂ ਦੀ ਮਾਰ ਹੇਠ ਆਏ।

ਅਸਲ ਵਿਚ ਭਾਰਤ ਵਿਚ ਹੁਣ ਹੜ੍ਹ ਸਿਰਫ਼ ਕੁਦਰਤੀ ਆਫਤ ਹੀ ਨਹੀਂ ਰਹੇ, ਸਗੋਂ ਮਾਨਵਤਾ ਆਫਤ ਬਣਦੇ ਜਾ ਰਹੇ ਹਨ। ਦੇਸ਼ 'ਚ ਅੰਧਾਧੁੰਦ ਜੰਗਲਾਂ ਦੀ ਕਟਾਈ, ਬੇਤਹਾਸ਼ਾ ਸ਼ਹਿਰੀਕਰਨ, ਨਦੀਆਂ ਦਾ ਪ੍ਰਵਾਹ ਰੋਕਣਾ ਤੀਬਰ ਹੜ੍ਹਾਂ ਦਾ ਕਾਰਨ ਬਣਦਾ ਜਾ ਰਿਹਾ ਹੈ। ਇਸ ਨਾਲ ਹੜ੍ਹਾਂ ਦੀ ਸਮੱਸਿਆ ਵਿਕਰਾਲ ਰੂਪ ਧਾਰਨ ਕਰ ਰਹੀ ਹੈ ਅਤੇ ਹਰ ਵਰ੍ਹੇ ਲਗਾਤਾਰ ਵਧ ਰਹੀ ਹੈ, ਕਿਉਂਕਿ ਇਸ ਵਾਧੇ ਨੂੰ ਰੋਕਣ ਲਈ ਯਤਨ ਹੀ ਨਹੀਂ ਹੋ ਰਹੇ।

ਵਿਸ਼ਵ ਬੈਂਕ ਦੀ ਇੱਕ ਰਿਪੋਰਟ ਅਨੁਸਾਰ ਦੁਨੀਆਂ ਭਰ ਵਿਚ ਹੜ੍ਹ ਨਾਲ ਸਬੰਧਤ ਜੋ ਮੌਤਾਂ ਹੁੰਦੀਆਂ ਹਨ, ਉਨ੍ਹਾਂ ਵਿਚੋਂ 20 ਫੀਸਦੀ ਭਾਰਤ 'ਚ ਹੁੰਦੀਆਂ ਹਨ। ਭਾਰਤ 'ਚ ਕਲੱਕਤਾ, ਮੁੰਬਈ ਤੋਂ ਬਿਨ੍ਹਾਂ ਗੁਆਂਢੀ ਦੇਸ਼ਾਂ ਦੇ ਢਾਕਾ (ਬੰਗਾਲ), ਕਰਾਚੀ (ਪਾਕਿਸਤਾਨ) ਵਿਚ ਲਗਭਗ ਪੰਜ ਕਰੋੜ ਲੋਕਾਂ ਨੂੰ ਹੜ੍ਹ ਦੀ ਗੰਭੀਰ ਪੀੜਾ ਸਹਿਣੀ ਪੈ ਸਕਦੀ ਹੈ। ਪੂਰੇ ਦੱਖਣੀ ਭਾਰਤ ਵਿਚ ਤਾਪਮਾਨ ਵਧ ਰਿਹਾ ਹੈ ਅਤੇ ਅਗਲੇ ਕੁਝ ਦਹਾਕਿਆਂ 'ਚ ਹੋਰ ਵੀ ਵਧੇਗਾ, ਜਿਸ ਨਾਲ ਦੇਸ਼ ਵਿਚ ਜਲਵਾਯੂ ਪਰਿਵਰਤਨ ਹੋਏਗਾ ਅਤੇ ਹੜ੍ਹਾਂ ਦਾ ਕਹਿਰ ਵਧੇਗਾ। ਹੜ੍ਹ ਆਏਗਾ ਤਾਂ ਪੀਣ ਵਾਲੇ ਪਾਣੀ ਦੀ ਮੰਗ ਵਧੇਗੀ। ਵਿਸ਼ਵ ਬੈਂਕ ਅਨੁਸਾਰ ਮੱਧ ਪ੍ਰਦੇਸ਼ ਹੜ੍ਹ ਦੀ ਗੰਭੀਰ ਮਾਰ ਹੇਠ ਹੋਵੇਗਾ।

ਦੇਸ਼ ਦੇ ਸੂਬੇ ਹਿਮਾਚਲ ਪ੍ਰਦੇਸ਼ ਦਾ ਵੱਡਾ ਭਾਗ ਸੁੰਦਰ ਹੈ, ਇਥੇ ਪਰਬਤ ਹਨ, ਕਲ-ਕਲ ਕਰਦੀਆਂ ਝੀਲਾਂ ਹਨ। ਪਰ ਪਿਛਲੇ ਦਿਨੀਂ ਇਥੇ ਭਿਅੰਕਰ ਮੀਂਹ ਪਿਆ। ਸੂਬੇ ਦਾ ਅਤਿਅੰਤ ਨੁਕਸਾਨ ਤਾਂ ਹੋਇਆ ਹੀ, ਪਰ ਨਾਲ ਲੱਗਦੇ ਲਗਭਗ ਸੂਬਿਆਂ ਪੰਜਾਬ, ਹਰਿਆਣਾ ਦਾ ਹਾਲ ਵੀ ਇਸ ਮੀਂਹ ਦੇ ਪਾਣੀ ਨੇ ਬੁਰਾ ਹਾਲ ਕਰ ਦਿੱਤਾ। ਅਸਲ 'ਚ ਪਿਛਲੇ ਇੱਕ ਦਹਾਕੇ ਤੋਂ ਇਥੇ ਕੁਦਰਤੀ ਆਫ਼ਤਾਂ ਵਧ ਰਹੀਆਂ ਹਨ। ਬਦਲਾਂ ਦੇ ਫਟਣ ਦੀ ਘਟਨਾਵਾਂ ਸੁਨਣ ਨੂੰ ਮਿਲਦੀਆਂ ਹਨ, ਹੜ੍ਹਾਂ ਨਾਲ ਤਬਾਹੀ ਦੀ ਗੱਲ ਤਾਂ ਆਮ ਹੈ। ਅਸਲ 'ਚ ਅੱਜ ਸੂਬੇ 'ਚ ਪਹਾੜਾਂ ਨੂੰ ਕੁਝ ਕੁ ਜ਼ਰੂਰਤਾਂ ਪੂਰੀਆਂ ਕਰਨ ਲਈ ਬੇਰਹਿਮੀ ਨਾਲ ਕੁਰੇਦਿਆ ਜਾ ਰਿਹਾ ਹੈ। ਵੱਡੀ ਗਿਣਤੀ ਹਾਈਡਰੋ ਯੋਜਨਾਵਾਂ, ਚਾਰ ਮਾਰਗੀ ਸੜਕਾਂ ਦਾ ਨਿਰਮਾਣ ਅਤੇ ਹਰ ਪਿੰਡ ਸ਼ਹਿਰ 'ਚ ਪਹਾੜਾਂ ਨੂੰ ਚੀਰਨ ਦੀ ਪ੍ਰਕਿਰਿਆ ਜਾਰੀ ਹੈ। ਇਸ ਪ੍ਰਕਿਰਿਆ ਨੂੰ ਵਿਕਾਸ ਦਾ ਨਾਂਅ ਦਿੱਤਾ ਜਾ ਰਿਹਾ ਹੈ। ਪਰ ਇਸ ਨਾਲ ਪਹਾੜ ਜਰਜਰ ਹੋ ਜਾਂਦੇ ਹਨ। ਵਿਕਾਸ ਦੀ ਦੌੜ ਕਿਧਰੇ ਨਾ ਕਿਧਰੇ ਮਨੁੱਖੀ ਜੀਵਨ ਦੇ ਸਾਹਮਣੇ ਅਨੇਕਾਂ ਸਮੱਸਿਆਵਾਂ ਉਜਾਗਰ ਕਰ ਰਹੀ ਹੈ।

20ਵੀਂ ਅਤੇ 21ਵੀਂ ਸਦੀ ਦਾ ਭਾਰਤ ਦਾ ਹੜ੍ਹਾਂ ਦਾ ਇਤਿਹਾਸ ਦਿਲ ਚੀਰਵਾਂ ਹੈ। ਅਕਤੂਬਰ 1943 'ਚ ਮਦਰਾਸ 'ਚ ਵੱਡਾ ਹੜ੍ਹ ਆਇਆ, ਇੰਨੇ ਲੋਕ ਬੇਘਰ ਹੋਏ ਕਿ ਗਿਣਤੀ ਹੀ ਨਾ ਹੋ ਸਕੀ। ਸਾਲ 1979 'ਚ ਗੁਜਰਾਤ ਦੇ ਮੋਰਵੀ (ਰਾਜਕੋਟ ਜ਼ਿਲ੍ਹਾ) 'ਚ ਭਿਅੰਕਰ ਹੜ੍ਹ ਆਇਆ। ਲਗਭਗ 2500 ਜਾਨਾਂ ਗਈਆਂ। ਸਾਲ 1987 'ਚ ਬਿਹਾਰ ਨੇ ਵੱਡਾ ਹੜ੍ਹ ਵੇਖਿਆ, ਜਿਸ 'ਚ ਲੋਕਾਂ ਦੀ 68 ਬਿਲੀਅਨ ਰੁਪਏ ਦੀ ਜਾਇਦਾਦ ਨੁਕਸਾਨੀ ਗਈ। ਸਾਲ 1988 'ਚ ਪੰਜਾਬ 'ਚ ਐਡਾ ਵੱਡਾ ਹੜ੍ਹ ਆਇਆ ਕਿ ਪੰਜਾਬ ਦੇ ਸਾਰੇ ਦਰਿਆ ਉਛਲ ਗਏ, ਲੋਕਾਂ ਦਾ ਜਾਨੀ-ਮਾਲੀ ਨੁਕਸਾਨ ਹੋਇਆ। ਜੂਨ 2013 'ਚ ਉਤਰਾਖੰਡ 'ਚ ਹੜ੍ਹਾਂ ਨਾਲ 5700 ਤੋਂ ਵਧ ਲੋਕ ਮਾਰੇ ਗਏ ਅਤੇ ਜੂਨ 2015 'ਚ ਗੁਜਰਾਤ ਨੇ ਅਤੇ 2016 'ਚ ਅਸਾਮ ਨੇ, 2017 'ਚ ਫਿਰ ਗੁਜਰਾਤ ਨੇ ਅਤੇ 2018 -19 'ਚ ਕੇਰਲਾ, 2020 'ਚ ਅਸਾਮ, 2021 'ਚ ਉਤਰਾਖੰਡ ਤੇ ਮਹਾਂਰਾਸ਼ਟਰ, 2022 'ਚ ਅਸਾਮ ਅਤੇ 2023 'ਚ ਉੱਤਰ ਭਾਤਰ ਦੇ ਕਈ ਸੂਬੇ ਸਮੇਤ ਉੱਤਰਾਖੰਡ ਭਾਰੀ ਹੜ੍ਹ ਦੀ ਲਪੇਟ 'ਚ ਆਏ।

ਸਮੇਂ-ਸਮੇਂ 'ਤੇ ਹੜ੍ਹਾਂ ਕਾਰਨ ਦੇਸ਼ ਵਾਸੀਆਂ ਨੇ ਕਹਿਰ ਸਹਿ ਲਿਆ। ਘਰੋਂ ਬੇਘਰ ਹੋ ਗਏ। ਜਾਨੀ-ਮਾਲੀ, ਪਸ਼ੂਧਨ ਦਾ ਨੁਕਸਾਨ ਝੱਲਿਆ। ਸਰਕਾਰਾਂ ਨੇ ਹੜ੍ਹ ਰੋਕਣ ਲਈ ਸਕੀਮਾਂ ਵੀ ਬਹੁਤ ਘੜੀਆਂ। ਭਾਰਤ 'ਚ ਹੜ੍ਹ ਦੀ ਭਵਿੱਖਬਾਣੀ ਲਈ ਕੇਂਦਰੀ ਜਲ ਆਯੋਗ ਬਣਾਇਆ, ਜਿਸਦੇ ਦੇਸ਼ ਭਰ 'ਚ 141 ਹੜ੍ਹ ਚਿਤਾਵਨੀ ਕੇਂਦਰ ਹਨ। ਪਰ ਹੜ੍ਹਾਂ ਦਾ ਕਹਿਰ ਵਧਦਾ ਹੀ ਗਿਆ।

ਹਰ ਵਰ੍ਹੇ ਸਰਕਾਰਾਂ, ਦਰਿਆਵਾਂ, ਨਦੀਆਂ ਦਾ ਵਹਿਣ ਨਿਰੰਤਰ ਵਗਦਾ ਰਹੇ, ਲਈ ਵੱਡੇ ਫੰਡ ਰਿਜ਼ਰਵ ਕਰਦੀਆਂ ਹਨ। ਪੁਲਾਂ ਹੇਠ ਜਮ੍ਹਾਂ ਗਾਰ ਸਾਫ ਕਰਨ, ਨਦੀਆਂ ਦੇ ਕਿਨਾਰੇ ਸੁਰੱਖਿਅਤ ਕਰਨ ਦੇ ਨਾਮ ਉਤੇ ਅਰਬਾਂ, ਖਰਬਾਂ ਰੁਪਏ ਖਰਚ ਕਰਦੀਆਂ ਹਨ, ਪਰ ਜਦੋਂ ਹੀ ਇੱਕ ਵੱਡਾ ਮੀਂਹ ਪੈਂਦਾ ਹੈ, ਪਾਣੀ ਦਰਿਆਵਾਂ 'ਚ ਵੱਗਦਾ ਹੈ, ਸਭੋ ਕੁਝ ਚੌਪਟ ਹੋ ਜਾਂਦਾ ਹੈ।

ਗੁਆਂਢੀ ਸੂਬੇ ਇਸ ਔਖੀ ਘੜੀ ਇੱਕ-ਦੂਜੇ ਨਾਲ ਸਿਆਸਤ ਕਰਦੇ ਹਨ। ਇੱਕ-ਦੂਜੇ ਨੂੰ ਦੋਸ਼ ਦਿੰਦੇ ਹਨ। ਪਰ ਸਵਾਲ ਉੱਠਦਾ ਹੈ ਕਿ ਸਮਾਂ ਰਹਿੰਦਿਆਂ, ਹੜ੍ਹ ਆਉਣ ਤੋਂ ਪਹਿਲਾਂ ਤਿਆਰੀ ਸਰਕਾਰਾਂ ਕਿਉਂ ਨਹੀਂ ਕਰਦੀਆਂ? ਕਿਉਂ ਇਹ ਵੇਖਿਆ ਜਾਂਦਾ ਹੈ ਕਿ ਜਦੋਂ ਆਫ਼ਤ ਆਊ, ਉਦੋਂ ਨਿਜੱਠ ਲਵਾਂਗੇ, ਦੇਖੀ ਜਾਊ। ਇਸ ਸਥਿਤੀ ਵਿਚ ਆਮ ਲੋਕ ਪਿੱਸੇ ਜਾਂਦੇ ਹਨ।

ਪਹਿਲਾਂ ਹੀ ਗਰੀਬੀ ਗ੍ਰਸੇ ਦੇਸ਼ ਭਾਰਤ 'ਚ ਆਮ ਲੋਕਾਂ ਲਈ ਮੁਸ਼ਕਲਾਂ ਦੀ ਘਾਟ ਨਹੀਂ ਹੈ, ਪਰ ਹੜ੍ਹਾਂ ਜਿਹਾ ਕਹਿਰ ਖਾਸ ਕਰਕੇ ਸਾਧਾਰਨ ਆਦਮੀ ਲਈ ਵੱਡਾ ਕਹਿਰ ਬਣ ਜਾਂਦਾ ਹੈ। ਭਾਵੇਂ ਕਿ ਦੇਸ਼ ਭਾਰਤ ਦੇ ਕੁਝ ਹਿੱਸਿਆਂ 'ਚ ਹੜ੍ਹਾਂ ਦਾ ਆਉਣਾ ਆਮ ਗਿਣਿਆ ਜਾਂਦਾ ਹੈ, ਪਰ ਲੋਕਾਂ ਦੇ ਜਾਨ-ਮਾਲ ਦੀ ਰਾਖੀ ਲਈ ਜਿਸ ਕਿਸਮ ਦੇ ਅਗਾਊਂ ਤੇ ਸਥਾਈ ਪ੍ਰਬੰਧ ਲੋੜੀਂਦੇ ਹਨ, ਉਨ੍ਹਾਂ ਪ੍ਰਤੀ ਕੋਈ ਵੀ ਨਿੱਗਰ ਕਾਰਵਾਈ ਨਹੀਂ ਹੁੰਦੀ, ਇਹ ਸਿਰਫ਼ ਤੇ ਸਿਰਫ਼ ਨੇਤਾ ਲੋਕਾਂ ਦੀ ਲੋਕਾਂ ਦੇ ਮਸਲਿਆਂ, ਮਾਮਲਿਆਂ ਪ੍ਰਤੀ ਇੱਛਾ ਸ਼ਕਤੀ ਦੀ ਘਾਟ ਅਤੇ ਅਸੰਵੇਦਨਸ਼ੀਲਤਾ ਹੈ।

ਲੋੜ ਹੈ ਲੋਕ ਇਸ ਭਿਅੰਕਰ ਆਫਤ ਦਾ ਟਾਕਰਾ ਕਰਨ ਲਈ ਆਪ ਕਮਰ ਕੱਸੇ ਕਰਨ। ਨਦੀਆਂ ਕਿਨਾਰੇ ਰਹਿੰਦੇ ਲੋਕ ਨਦੀਆਂ ਦੇ ਕੁਦਰਤੀ ਵਹਾਅ ਦੇ ਰਸਤੇ ਰੋਕਣ ਵਾਲੀਆਂ ਵਿਕਾਸ ਯੋਜਨਾਵਾਂ ਦਾ ਵਿਰੋਧ ਕਰਨ। ਪਿੰਡਾਂ ਦੇ ਲੋਕ ਉਨ੍ਹਾਂ ਨਜ਼ਦੀਕ ਉਸਾਰੀਆਂ ਜਾ ਰਹੀਆਂ ਵੱਡ ਅਕਾਰੀ ਕਲੋਨੀਆਂ, ਜੋ ਕੁਦਰਤੀ ਪਾਣੀ ਦੇ ਵਹਾਅ 'ਚ ਰੁਕਾਵਟ ਬਣਦੀਆਂ ਹਨ, ਨੂੰ ਬਣਨ ਤੋਂ ਰੋਕਣ। ਉਹ ਖੇਤਰ ਜਿਥੇ ਹਰ ਸਾਲ ਹੜ੍ਹ ਆਉਂਦੇ ਹਨ, ਉਨ੍ਹਾਂ ਖੇਤਰਾਂ ਦੇ ਲੋਕ ਆਪਣਾ ਸੁਰੱਖਿਆ ਤੰਤਰ ਆਪ ਕਾਇਮ ਕਰਨ।

ਨੇਤਾ ਲੋਕ ਤਾਂ ਹੜ੍ਹਾਂ 'ਚ ਆਉਣਗੇ, ਰਾਹਤ ਸਮੱਗਰੀ ਵੰਡਣਗੇ, ਵੋਟਾਂ 'ਤੇ ਅੱਖ ਰੱਖਣਗੇ, ਤੁਰ ਜਾਣਗੇ। ਪੀੜਤ ਲੋਕਾਂ ਨੂੰ ਜਿਨ੍ਹਾਂ ਦੇ ਸਿਰੋਂ ਛੱਤ ਚਲੇ ਗਈ, ਜਿਨ੍ਹਾਂ ਦੀਆਂ ਫਸਲਾਂ ਤਬਾਹ ਹੋ ਗਈਆਂ, ਉਹ ਤਾਂ ਖ਼ੂਨ ਦੇ ਅੱਥਰੂ ਹੀ ਰੋਣਗੇ।

# ਹੜ੍ਹਾਂ ਦੇ ਰੋਕਥਾਮ ਲਈ ਵਿਸ਼ਾਲ ਤੇ ਠੋਸ ਯੋਜਨਾਬੰਦੀ ਦੀ ਲੋੜ

ਪ੍ਰੋ. ਕੁਲਬੀਰ ਸਿੰਘ
94171-53513
(Punjab Mail USA)





ਪੰਜਾਬ ਦੇ ਬਹੁਤੇ ਹਿੱਸੇ ਵਿਚ ਹੜ੍ਹ ਆਏ ਹੋਏ ਹਨ। ਪੀੜਤ ਪ੍ਰਭਾਵਤ ਲੋਕ ਡਾਹਢੇ ਪ੍ਰੇਸ਼ਾਨ ਹਨ। ਹਰ ਕੋਈ ਆਪਣੀ-ਆਪਣੀ ਪੱਧਰ 'ਤੇ ਬਚਣ-ਬਚਾਉਣ ਦੀ ਕੋਸ਼ਿਸ਼ ਕਰ ਰਿਹਾ ਹੈ। ਜਾਨ-ਮਾਲ ਦਾ ਵੱਡਾ ਨੁਕਸਾਨ ਹੋ ਰਿਹਾ ਹੈ। ਅਖ਼ਬਾਰਾਂ ਦੇ ਪੰਨਿਆਂ ਤੇ ਟੈਲੀਵਿਜ਼ਨ ਦੀ ਸਕਰੀਨ 'ਤੇ ਦੁਖਦਾਈ ਤਸਵੀਰਾਂ ਨਜ਼ਰ ਆ ਰਹੀਆਂ ਹਨ। ਪੰਜਾਬ ਵਿਚ ਹੜ੍ਹ ਪਹਿਲੀ ਵਾਰ ਨਹੀਂ ਆਏ। ਪਰ ਇਹ ਆਉਂਦੇ ਕਿਉਂ-ਕਿਵੇਂ ਹਨ? ਕੀ ਇਨ੍ਹਾਂ ਤੋਂ ਬਚਿਆ ਜਾ ਸਕਦਾ ਹੈ? ਜੇ ਆ ਹੀ ਗਏ, ਤਾਂ ਕੀ ਕੀਤਾ ਜਾਵੇ ਕਿ ਨੁਕਸਾਨ ਘੱਟ ਤੋਂ ਘੱਟ ਹੋਵੇ? ਜਿਨ੍ਹਾਂ ਦੇ ਖੇਤਾਂ ਵਿਚ, ਜਿਨ੍ਹਾਂ ਦੇ ਘਰਾਂ ਵਿਚ ਹੜ੍ਹਾਂ ਦਾ ਸ਼ੂਕਦਾ ਪਾਣੀ ਆਣ ਵੜਦਾ ਹੈ, ਉਹੀ ਜਾਣਦੇ ਹਨ, ਉਨ੍ਹਾਂ 'ਤੇ ਕੀ ਬੀਤਦੀ ਹੈ। ਕੋਈ ਦੂਸਰਾ ਉਸ ਭੈੜੀ ਡਰਾਉਣੀ ਪੀੜ ਦੀ ਸ਼ਿੱਦਤ ਤੱਕ ਨਹੀਂ ਪਹੁੰਚ ਸਕਦਾ।

ਹੜ੍ਹਾਂ ਲਈ ਵਧੇਰੇ ਕਰਕੇ ਪ੍ਰਾਕਿਰਤਕ ਕਾਰਨ ਜ਼ਿੰਮੇਵਾਰ ਹੁੰਦੇ ਹਨ। ਜਿਵੇਂ ਲਗਾਤਾਰ ਲੰਮੇ ਸਮੇਂ ਲਈ ਭਾਰੀ ਵਰਖਾ ਦਾ ਪੈਣਾ। ਪਰ ਰਾਹ ਵਿਚ ਮਨੁੱਖ ਦਆਰਾ ਡਾਹੇ ਅੜਿੱਕਿਆਂ ਕਾਰਨ ਵੀ ਹੜ੍ਹ ਆਉਂਦੇ ਹਨ। ਜਾਂ ਆਏ ਹੋਏ ਹੜ੍ਹ ਨਾਲ ਰਲ ਕੇ ਇਹ ਸਥਿਤੀ ਨੂੰ ਹੋਰ ਸੰਗੀਨ ਬਣਾ ਦਿੰਦੇ ਹਨ। ਲੰਮੀਆਂ ਕਾਰਗਰ ਯੋਜਨਾਵਾਂ ਉਲੀਕ ਕੇ, ਡੈਮਾਂ ਅਤੇ ਪਾਣੀ ਦੀਆਂ ਨਿਕਾਸ ਪ੍ਰਣਾਲੀਆਂ ਨੂੰ ਬਿਹਤਰ ਕਰਕੇ, ਵੱਡੀ ਪੱਧਰ 'ਤੇ ਰੁੱਖ ਅਤੇ ਬਨਸਪਤੀ ਲਗਾ ਕੇ ਹੀ ਭਿਆਨਕ ਹੜ੍ਹਾਂ ਦੀ ਮਾਰ ਤੋਂ ਬਚਿਆ ਜਾ ਸਕਦਾ ਹੈ।

ਧਰਤੀ 'ਤੇ ਸੱਭ ਤੋਂ ਵੱਧ ਹੜ੍ਹ ਨੀਦਰਲੈਂਡ ਵਿਚ ਆਉਂਦੇ ਹਨ। ਦੂਸਰਾ ਨੰਬਰ ਬੰਗਲਾ ਦੇਸ਼ ਦਾ ਹੈ। ਇਨ੍ਹਾਂ ਦੇਸ਼ਾਂ ਦੀ ਅੱਧੀ ਵਸੋਂ ਹਰ ਵੇਲੇ ਖ਼ਤਰੇ ਵਿਚ ਰਹਿੰਦੀ ਹੈ। ਨੀਦਰਲੈਂਡ ਵਿਚ ਹੜ੍ਹਾਂ ਦੀ ਰੋਕਥਾਮ ਵੱਡਾ ਮੁੱਦਾ ਹੈ। ਪਰੰਤੂ ਵਿਕਾਸ ਤਹਿਤ ਹੋ ਰਹੀ ਉਸਾਰੀ ਰੋਕਥਾਮ ਦੇ ਰਾਹ ਵਿਚ ਵੱਡੀ ਰੁਕਾਵਟ ਹੈ।

ਨੀਦਰਲੈਂਡ ਦਾ ਵਧੇਰੇ ਹਿੱਸਾ ਸਮੁੰਦਰੀ-ਤਲ ਤੋਂ ਨੀਵਾਂ ਹੈ। ਇਸ ਲਈ ਉਥੇ ਹੜ੍ਹ ਆਏ ਹੀ ਰਹਿੰਦੇ ਹਨ ਪਰੰਤੂ ਉਸਨੇ ਇਸਦਾ ਸਥਾਈ ਠੋਸ ਹੱਲ ਲੱਭ ਲਿਆ ਹੈ। ਦੁਨੀਆਂ ਦੇ ਬਹੁਤ ਸਾਰੇ ਦੇਸ਼ ਨੀਦਰਲੈਂਡ ਤੋਂ ਪਾਣੀ-ਪ੍ਰਬੰਧ ਸਿੱਖ ਰਹੇ ਹਨ। ਸਾਲ 1953 ਵਿਚ ਨੀਦਰਲੈਂਡ ਵਿਚ ਵਿਨਾਸ਼ਕਾਰੀ ਹੜ੍ਹ ਆਏ ਸਨ। ਛੇ ਸੌ ਵਰਗ ਮੀਲ ਹਿੱਸਾ ਪੂਰੀ ਤਰ੍ਹਾਂ ਪਾਣੀ 'ਚ ਡੁੱਬ ਗਿਆ ਸੀ। ਬੱਸ ਉਦੋਂ ਤੋਂ ਨੀਦਰਲੈਂਡ ਨੇ ਪੱਕਾ ਇਰਾਦਾ ਕਰ ਲਿਆ ਸੀ ਹੜ੍ਹਾਂ ਨੂੰ ਕਾਬੂ ਕਰਨ ਦਾ, ਹੜ੍ਹਾਂ ਨੂੰ ਆਪਣੀ ਲੋੜ-ਸਹੂਲਤ ਅਨੁਸਾਰ ਵਰਤਣ ਢਾਲਣ ਦਾ। ਇਹਦੇ ਲਈ ਹੜ੍ਹਾਂ ਦੀ ਰੋਕਥਾਮ ਦੀ ਦੁਨੀਆਂ ਭਰ ਦੀ ਤਕਨੀਕ ਨੂੰ ਸਮਝਦਿਆਂ, ਸਥਾਨਕ ਸਥਿਤੀਆਂ ਅਨਸਾਰ ਢਾਲ ਕੇ ਪ੍ਰਯੋਗ 'ਚ ਲਿਆਂਦਾ ਗਿਆ। ਘਰ ਪਾਣੀ ਵਿਚ ਤਰਨ ਵਾਲੇ ਬਣਾ ਲਏ ਗਏ। ਪਾਣੀ ਦੇ ਨਿਕਾਸੀ-ਪ੍ਰਬੰਧ ਨੂੰ ਬਿਹਤਰੀਨ ਰੂਪ ਦਿੱਤਾ ਗਿਆ ਅਤੇ ਉਸਦੀ ਦੇਖ-ਭਾਲ 'ਤੇ ਲਗਾਤਾਰ ਧਿਆਨ ਕੇਂਦਰਿਤ ਕੀਤਾ ਜਾਂਦਾ ਹੈ। ਸ਼ਹਿਰਾਂ ਵਿਚੋਂ ਪਾਣੀ ਬਾਹਰ ਕੱਢਣ ਲਈ ਪੰਪਿੰਗ ਸਿਸਟਮ ਦੀ ਵਿਵਸਥਾ ਕੀਤੀ ਗਈ।

ਸ਼ਹਿਰਾਂ ਵਿਚ ਸਮੁੰਦਰੀ ਕੰਢਿਆਂ 'ਤੇ ਵਿਸ਼ਾਲ ਗੇਟ ਬਣਾਏ ਗਏ ਹਨ, ਜਿਹੜੇ ਪਾਣੀ ਨੂੰ ਰੋਕਣ ਦਾ ਕੰਮ ਕਰਦੇ ਹਨ। ਜਦ ਹੜ੍ਹ ਦਾ ਪਾਣੀ ਇਕੱਠਾ ਹੋ ਜਾਂਦਾ ਹੈ, ਤਾਂ ਉਥੇ ਪਾਣੀ ਦੀਆਂ ਖੇਡਾਂ ਦਾ ਆਯੋਜਨ ਕੀਤਾ ਜਾਂਦਾ ਹੈ। ਆਮ ਲੋਕਾਂ ਨੇ ਵੀ ਹੜ੍ਹਾਂ ਨੂੰ ਆਪਣੀ ਸਹੂਲਤ ਲਈ ਵਰਤਣਾ ਸ਼ੁਰੂ ਕਰ ਦਿੱਤਾ ਹੈ। ਪੰਪਿੰਗ ਸਿਸਟਮ ਨਾਲ ਸ਼ਹਿਰਾਂ ਵਿਚੋਂ ਕੱਢੇ ਗਏ ਪਾਣੀ ਨੂੰ ਖੇਤੀ ਲਈ ਇਸਤੇਮਾਲ ਕੀਤਾ ਜਾਂਦਾ ਹੈ।

ਨੀਦਰਲੈਂਡ ਹੀ ਨਹੀਂ, ਹੁਣ ਤਾਂ ਹੋਰ ਬਹੁਤ ਸਾਰੇ ਦੇਸ਼ ਵੀ ਪਾਣੀ-ਪ੍ਰਬੰਧ ਲਈ ਵੱਡੀਆਂ ਕੋਸ਼ਿਸ਼ਾਂ ਕਰ ਰਹੇ ਹਨ। ਜਿਵੇਂ ਲੰਡਨ ਦੀ ਥੇਮਸ ਨਦੀ 'ਤੇ ਮਕੈਨੀਕਲ ਬੈਰੀਅਰ ਬਣਿਆ ਹੋਇਆ ਹੈ, ਜਿਹੜਾ ਸ਼ਹਿਰ 'ਚ ਪਾਣੀ ਭਰਨ ਤੋਂ ਬਚਾਅ ਕਰਦਾ ਹੈ। ਫਰਾਂਸ ਵਿਚ ਪਾਣੀ ਲਈ ਅਨੇਕਾਂ ਜਲ-ਭੰਡਾਰ ਤਿਆਰ ਕੀਤੇ ਗਏ ਹਨ। ਜਾਪਾਨ ਨੇ ਜ਼ਮੀਨ ਦੇ ਹੇਠਾਂ ਦੁਨੀਆਂ ਦੀ ਸਭ ਤੋਂ ਵੱਡੀ ਹੜ੍ਹਾਂ ਦਾ ਰੁਖ ਮੋੜਨ ਵਾਲੀ ਸਹੂਲਤ ਤਿਆਰ ਕਰ ਲਈ ਹੈ।

ਤਕਨੀਕ ਅਤੇ ਦਿਮਾਗ਼ ਦੀ ਵਰਤੋਂ ਕਰਦਿਆਂ ਸਥਾਨਕ ਲੋੜਾਂ ਅਨੁਸਾਰ ਸਾਨੂੰ ਵੀ ਹੜ੍ਹਾਂ ਦੀ ਰੋਕਥਾਮ ਲਈ ਵੱਡੇ ਯਤਨ ਆਰੰਭਣੇ ਪੈਣਗੇ। ਤਦ ਹੀ ਭਵਿੱਖ ਵਿਚ ਹੜ੍ਹਾਂ ਤੋਂ ਹੋਣ ਵਾਲੇ ਜਾਨੀ-ਮਾਲੀ ਨੁਕਸਾਨ ਤੋਂ ਬਚਿਆ ਜਾ ਸਕਦਾ ਹੈ।

## ਨਵਾਂ ਸੋਸ਼ਲ ਮੀਡੀਆ ਮੰਚ ਥਰੈਡਜ਼

ਥਰੈਡਜ਼ ਇਕ ਨਵਾਂ ਐਪ ਹੈ, ਜਿਸਨੂੰ ਇੰਸਟਾਗ੍ਰਾਮ ਟੀਮ ਨੇ ਬਣਾਇਆ ਹੈ। ਮੰਨਿਆ ਜਾ ਰਿਹਾ ਹੈ ਕਿ ਟਵਿੱਟਰ ਨੂੰ ਚੁਣੌਤੀ ਦੇਣ ਲਈ ਇਸਨੂੰ ਇੰਟਰਨੈੱਟ ਦਾ ਭਵਿੱਖ ਕਹਿ ਕੇ ਪ੍ਰਚਾਰਿਆ ਜਾ ਰਿਹਾ ਹੈ। ਇਹ ਵੀ ਕਿਹਾ ਜਾ ਰਿਹਾ ਹੈ ਕਿ ਜਿੱਥੇ ਇੰਸਟਾਗ੍ਰਾਮ ਤਰਜੀਹੀ ਤੌਰ 'ਤੇ ਤਸਵੀਰਾਂ ਅਤੇ ਵੀਡੀਓ ਦਾ ਮੰਚ ਹੈ, ਉਥੇ ਥਰੈਡਜ਼ ਮੁੱਖ ਤੌਰ 'ਤੇ ਵਿਸ਼ਾ-ਸਮੱਗਰੀ ਅਤੇ ਵਿਚਾਰਾਂ ਨੂੰ ਉਭਾਰੇਗਾ।

ਖ਼ਬਰਾਂ ਆ ਰਹੀਆਂ ਹਨ ਕਿ ਇਸਨੂੰ ਵਰਤਣ ਵਾਲਿਆਂ ਦੀ ਗਿਣਤੀ ਤੱਤਫਟ 10 ਕਰੋੜ ਤੋਂ ਵਧੇਰੇ ਹੋ ਗਈ ਹੈ। ਆਉਣ ਵਾਲੇ ਦਿਨਾਂ ਦੌਰਾਨ ਸੋਸ਼ਲ ਮੀਡੀਆ ਮੰਚਾਂ ਦਰਮਿਆਨ ਮੁਕਾਬਲਾ ਵਧਣ ਦੀ ਸੰਭਾਵਨਾ ਬਣ ਗਈ ਹੈ।

# ਭਾਈ ਜਸਵੰਤ ਸਿੰਘ ਖਾਲੜਾ ਨੂੰ ਚੇਤੇ ਕਰਦਿਆਂ

ਸ਼ਿੰਦਰ ਸਿੰਘ ਮੀਰਪੁਰੀ
ਫਰਿਜ਼ਨੋ
559-285-0841
(Punjab Mail USA)



ਕੁਝ ਇਨਸਾਨ ਹੁੰਦੇ ਨੇ ਜੋ ਕੌਮੀ ਜਜ਼ਬਿਆਂ ਵਿਚ ਗੜੁੱਚ ਹੋ ਕੇ ਕੌਮ ਦੇ ਖ਼ਾਤਰ ਬਹੁਤ ਕੁਝ ਕਰ ਜਾਂਦੇ ਨੇ ਅਤੇ ਉਨ੍ਹਾਂ ਦੇ ਪਰਿਵਾਰਾਂ ਦੀ ਕਹਾਣੀ ਬੜੀ ਲੰਬੀ ਹੁੰਦੀ ਹੈ, ਜਿਹੜੀ ਉਨ੍ਹਾਂ ਨੇ ਆਪਣੇ ਪਿੰਡੇ 'ਤੇ ਹੰਢਾਈ ਹੁੰਦੀ ਹੈ। ਜਿੰਨਾ ਮਾਣ-ਸਤਿਕਾਰ ਸ਼ਹੀਦ ਅਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਦੇਣਾ ਬਣਦਾ ,ਹੈ ਸਮਾਜ ਵੱਲੋਂ ਨਹੀਂ ਦਿੱਤਾ ਜਾ ਰਿਹਾ। ਬਹੁਤ ਘੱਟ ਅਜਿਹੇ ਇਨਸਾਨ ਹੁੰਦੇ ਨੇ, ਜੋ ਆਪਣੇ ਆਪ ਨੂੰ ਤਬਾਹ ਕਰਕੇ ਕੌਮ ਦੀਆਂ ਜੜ੍ਹਾਂ ਵਿਚ ਲਹੂ ਰੂਪੀ ਪਾਣੀ ਪਾ ਕੇ ਉਸ ਨੂੰ ਤਿਆਰ ਕਰਦੇ ਹਨ। ਪਿਛਲੇ ਸਮੇਂ ਸਿੱਖ ਸੰਘਰਸ਼ ਵਿਚ ਬਹੁਤ ਕੁਝ ਅਜਿਹਾ ਵਾਪਰਿਆ, ਜਿਸ ਨੂੰ ਸੁਣ ਕੇ ਕਿਸੇ ਵੀ ਇਨਸਾਨ ਦੇ ਲੂੰ ਕੰਡੇ ਖੜ੍ਹੇ ਹੋ ਜਾਂਦੇ ਨੇ। ਅੱਜ ਇਥੇ ਇਸ ਧਰਤੀ 'ਤੇ ਇਨਸਾਨਾਂ ਦੇ ਨਾਲ ਹੁੰਦਾ ਹੈ। ਵੈਸੇ ਵੀ ਸਿੱਖ ਕੌਮ ਸ਼ਹੀਦੀਆਂ ਦੇ ਕੇ ਹੋਂਦ ਵਿਚ ਆਈ ਹੈ, ਸਾਡੇ ਗੁਰੂ ਸਾਹਿਬਾਨ ਨੇ ਆਖਿਆ ਹੈ ਕਿ ਕਿਸੇ ਨੂੰ ਡਰਾਉਣਾ ਪਾਪ ਹੈ। ਬਹੁਤ ਸਾਰੇ ਸਿੱਖ ਯੋਧੇ ਉਸੇ ਸੰਦਰਭ ਕੰਮ ਕਰਦੇ ਸਨ ਅਤੇ ਕਰ ਰਹੇ ਹਨ ਅਤੇ ਬਹੁਤ ਸਾਰਿਆਂ ਨੇ ਆਪਣੇ ਪਰਿਵਾਰਾਂ ਸਮੇਤ ਬਹੁਤ ਕੁਝ ਸਿੱਖ ਸੰਘਰਸ਼ ਦੌਰਾਨ ਗੁਵਾ ਲਿਆ। ਉਨ੍ਹਾਂ ਯੋਧਿਆਂ ਦਾ ਸਾਡੀ ਕੌਮ ਨੇ ਮੁੱਲ ਪਾਇਆ ਕਿ ਨਹੀਂ ਇਹ ਗੱਲ ਵੱਖਰੀ ਹੈ ਪਰ ਉਨ੍ਹਾਂ ਨੇ ਆਪਣਾ ਫਰਜ਼ ਨਿਭਾ ਕੇ ਕੌਮ ਪ੍ਰਤੀ ਗੁਰੂ ਸਾਹਿਬਾਨ ਦੇ ਫ਼ਲਸਫ਼ੇ ਨੂੰ ਫਿੱਕਾ ਨਹੀਂ ਪੈਣ ਦਿੱਤਾ, ਇਹ ਉਨ੍ਹਾਂ ਦੀ ਸਿਫਤ ਕਰਨੀ ਬਣਦੀ ਹੈ ਅਤੇ ਦਾਦ ਦੇਣੀ ਬਣਦੀ ਹੈ।

ਪਿਛਲੇ ਸਮੇਂ ਵਿਚ ਸਿੱਖ ਯੋਧਿਆਂ ਨੇ ਆਪਣੇ-ਆਪ ਨੂੰ ਪਿੰਜ ਕੇ ਚਰਖੜੀਆਂ 'ਤੇ ਚੜ੍ਹ ਕੇ ਕੌਮ ਦੇ ਜਜ਼ਬੇ ਨੂੰ ਫਿੱਕਾ ਨਹੀਂ ਸੀ ਪੈਣ ਦਿੱਤਾ। ਉਸ ਤੋਂ ਬਾਅਦ ਚੱਲੇ ਲੰਬੇ ਸਿੱਖ ਸੰਘਰਸ਼ ਦੌਰਾਨ ਵੀ ਬਹੁਤ ਕੁਝ ਵਾਪਰਿਆ, ਉਥੇ ਵੀ ਉਨ੍ਹਾਂ ਮਰਜੀਵੜਿਆਂ ਨੇ ਸਿੱਖ ਕੌਮ ਦੀ ਲਾਜ ਰੱਖੀ। ਇਹ ਗੱਲ ਅਲੱਗ ਹੈ ਕਿ ਉਨ੍ਹਾਂ ਯੋਧਿਆਂ ਦੀਆਂ ਕੁਰਬਾਨੀਆਂ ਦਾ ਮੁੱਲ ਅਸੀਂ ਪਾਇਆ ਕਿ ਨਹੀਂ ਪਾਇਆ। ਇਹ ਭੀ ਸੋਚਣਾ ਤਾਂ ਬਣਦਾ ਹੈ ਕਿ ਅਸੀਂ ਮਾਰ ਕਿੱਥੇ ਖਾਧੀ ਦੀ ਹੈ, ਉਨ੍ਹਾਂ ਜੋਧਿਆਂ ਦੀਆਂ ਕੁਰਬਾਨੀਆਂ ਦਾ ਮੁੱਲ ਪਾਉਣ ਵਿਚ ਇਹ ਸੁਆਲ ਵੀ ਵੱਡਾ ਹੈ। ਅੱਜ ਗੱਲ ਕਰਾਂਗੇ ਸਿੱਖ ਸੰਘਰਸ਼ ਦੇ ਸ਼ਹੀਦ ਭਾਈ ਜਸਵੰਤ ਸਿੰਘ ਖਾਲੜਾ ਦੀ ਜਿਨ੍ਹਾਂ ਨੇ ਆਪਣਾ ਸਾਰਾ ਕੁਝ ਤਬਾਹ ਕਰਵਾ ਕੇ ਵੀ ਕੌਮ ਦੀ ਪੱਗ ਨੂੰ ਸਿਰ 'ਤੇ ਰੱਖਣ ਦਾ ਯਤਨ ਕੀਤਾ ਸੀ। ਭਾਈ ਜਸਵੰਤ ਸਿੰਘ ਖਾਲੜਾ ਦਾ ਜਨਮ ਜ਼ਿਲ੍ਹਾ ਅੰਮ੍ਰਿਤਸਰ ਦੇ ਮਸ਼ਹੂਰ ਪਿੰਡ ਖਾਲੜਾ ਵਿਖੇ 2 ਨਵੰਬਰ 1952 ਨੂੰ ਬਾਪੂ ਕਰਤਾਰ ਸਿੰਘ ਅਤੇ ਮਾਤਾ ਮੁਖਤਿਆਰ ਕੌਰ ਦੇ ਘਰ ਹੋਇਆ ਹੋਇਆ। ਉਨ੍ਹਾਂ ਨੂੰ ਸਿੱਖੀ ਦੀ ਜੀਵਨ-ਜਾਚ ਉਨ੍ਹਾਂ ਦੀ ਦਾਦੀ ਗੁਲਾਬ ਕੌਰ ਨੇ ਸਿਖਾਈ।

ਭਾਈ ਜਸਵੰਤ ਸਿੰਘ ਖਾਲੜਾ ਹੋਰੀਂ ਪੰਜ ਭੈਣਾਂ ਦੇ ਤਿੰਨ ਭਰਾ ਸਨ। ਉਨ੍ਹਾਂ ਦਾ ਵਿਆਹ ਬੀਬੀ ਪਰਮਜੀਤ ਕੌਰ ਨਾਲ 1981 ਨੂੰ ਸਿੱਖ ਰਹਿਤ ਮਰਿਯਾਦਾ ਅਨੁਸਾਰ 29 ਅਤੇ 27 ਸਾਲ ਦੀ ਉਮਰ ਵਿਚ ਨੇਪਰੇ ਚੜ੍ਹਿਆ। ਉਨ੍ਹਾਂ ਦੇ ਪੁੱਤਰ ਧੀ ਬੀਬੀ ਨਵਕਿਰਨ ਕੌਰ ਅਤੇ ਜਨਮਮੀਤ ਸਿੰਘ ਵੀ ਸਿੱਖ ਰਹੁ-ਰੀਤਾਂ ਵਿਚ ਗੜੁੱਚ ਹੋ ਕੇ ਉਨ੍ਹਾਂ ਦੇ ਨਕਸ਼ੇ ਕਦਮ 'ਤੇ ਚੱਲਦਿਆਂ ਗੁਰਬਾਣੀ ਦੇ ਫਲਸਫੇ ਅਨੁਸਾਰ ਜ਼ਿੰਦਗੀ ਜਿਊਣ ਵਿਚ ਵਿਸ਼ਵਾਸ ਰੱਖਦੇ ਹਨ। ਖੈਰ ਚਾਹੀਦਾ ਵੀ ਹੈ ਕਿ ਜਿਹੋ ਜਿਹੀ ਸ਼ਖ਼ਸੀਅਤ ਭਾਈ ਖਾਲੜਾ ਦੀ ਸੀ, ਉਸ ਦਾ ਪਰਿਵਾਰ ਵੀ ਉਨ੍ਹਾਂ ਦੇ ਨਕਸ਼ੇ ਕਦਮ 'ਤੇ ਚੱਲ ਕੇ ਉਨ੍ਹਾਂ ਦੇ ਪਾਏ ਪੂਰਨਿਆਂ ਅਨੁਸਾਰ ਆਮ ਲੋਕਾਂ ਦੇ ਵਿਚ ਵਿਚਰ ਕੇ ਸਿੱਖ ਕੌਮ ਪ੍ਰਤੀ ਕੁਝ ਕਰ ਸਕੇ। ਭਾਈ ਖਾਲੜਾ ਦਾ ਬਚਪਨ ਦਾ ਨਾਮ ਜੱਸ ਸੀ। ਉਨ੍ਹਾਂ ਨੂੰ ਸ਼ੁਰੂ ਤੋਂ ਹੀ ਕੁੱਝ ਖ਼ੋਜੀ ਗੱਲਾਂ ਕਰਨ ਦੇ ਤਹਿਤ ਜਾਣਿਆ ਜਾਂਦਾ ਸੀ। ਭਾਈ



ਜਸਵੰਤ ਸਿੰਘ ਖਾਲੜਾ ਦੇ ਜੀਵਨ 'ਤੇ ਝਾਤ ਮਾਰੀਏ, ਤਾਂ ਸਿੱਖ ਸੰਘਰਸ਼ ਦੌਰਾਨ ਉਨ੍ਹਾਂ ਨੇ ਆਪਣੇ ਪਰਿਵਾਰਾਂ ਤੋਂ ਦੂਰ ਅਤੇ ਤਸ਼ੱਦਦ ਦਾ ਸ਼ਿਕਾਰ ਹੋਏ ਨੌਜਵਾਨ ਜੋ ਇਸ ਸੰਸਾਰ ਤੋਂ ਗਾਇਬ ਹੋ ਚੁੱਕੇ ਸਨ, ਉਨ੍ਹਾਂ ਨੂੰ ਲੱਭਣ ਦਾ ਕੰਮ ਸ਼ੁਰੂ ਕੀਤਾ। ਰਾਜਸਥਾਨ ਨੂੰ ਜਾਂਦੀ ਨਹਿਰ ਅਤੇ ਹੋਰ ਸ਼ਮਸ਼ਾਨਘਾਟਾਂ ਅੰਦਰ ਭਾਈ ਖਾਲੜਾ ਨੇ ਸਿੱਖ ਨੌਜਵਾਨਾਂ ਪ੍ਰਤੀ ਆਪਣੇ ਦਰਦ ਨੂੰ ਮੁੱਖ ਰੱਖ ਕੇ ਉਨ੍ਹਾਂ ਦੇ ਮਾਪਿਆਂ ਨਾਲ ਹਮਦਰਦੀ ਦਿਖਾਉਂਦਿਆ ਉਨ੍ਹਾਂ ਲਾਪਤਾ ਹੋਏ ਨੌਜਵਾਨਾਂ ਨੂੰ ਸੰਸਾਰ ਦੇ ਨਕਸ਼ੇ 'ਤੇ ਪ੍ਰਗਟ ਕੀਤਾ।

ਭਾਈ ਖਾਲੜਾ ਲਾਪਤਾ ਹੋਏ ਨੌਜਵਾਨਾਂ ਨੂੰ ਲੱਭਦਾ ਰਿਹਾ ਤੇ ਇੱਕ ਦਿਨ ਖੁਦ ਲਾਪਤਾ ਹੋ ਗਿਆ। ਉਸ ਨੇ ਪੰਜਾਬ ਦੇ ਸਿਵਿਆਂ ਦੀ ਰਾਖ ਛਾਣ ਮਾਰੀ, ਜਿਸ ਦੇ ਵਿਚ ਪੰਜਾਬ ਦੇ ਨੌਜਵਾਨਾਂ ਨੂੰ ਖਤਮ ਕੀਤਾ ਗਿਆ ਸੀ। ਉਨ੍ਹਾਂ ਨੇ ਲਾਪਤਾ ਹੋਏ ਹਜ਼ਾਰਾਂ ਨੌਜਵਾਨਾਂ ਦੇ ਸਿਰਨਾਵੇਂ ਲੱਭ ਕੇ ਮਨੁੱਖਤਾ ਪ੍ਰਤੀ ਜ਼ਿੰਮੇਵਾਰੀ ਨਿਭਾਈ। 1 ਜੂਨ, 1995 ਨੂੰ ਭਾਈ ਖਾਲੜਾ ਨੇ ਕੈਨੇਡਾ ਦੀਆਂ ਪਾਰਲੀਮੈਂਟ 'ਚ ਪੰਜਾਬ ਅੰਦਰ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਦੇ ਮੁੱਦੇ ਨੂੰ ਚੁੱਕ ਕੇ ਇੱਕ ਸਨਸਨੀ ਵਾਲਾ ਮਾਹੌਲ ਪੈਦਾ ਕਰ ਦਿੱਤਾ ਸੀ ਕਿ ਭਾਰਤੀ ਹਕੂਮਤ ਵੱਲੋਂ ਸਿੱਖਾਂ ਦੇ ਨਾਲ ਇੱਕ ਮਹਾਂ ਜ਼ਿਆਦਤੀ ਕੀਤੀ ਜਾ ਰਹੀ ਹੈ। ਜਿਸ ਤੋਂ ਇੱਕ ਵਾਰ ਮਨੁੱਖੀ ਅਧਿਕਾਰ ਜਥੇਬੰਦੀਆਂ ਪੂਰੀ ਦੁਨੀਆਂ ਦੇ ਨਕਸ਼ੇ 'ਤੇ ਆ ਗਈਆਂ ਸਨ। 6 ਸਤੰਬਰ, 1995 ਦਾ ਦਿਨ ਭਾਵੇਂ ਆਮ ਵਾਂਗ ਚੜ੍ਹਿਆ ਸੀ ਪਰ ਪੂਰੀ ਸਿੱਖ ਕੌਮ ਅਤੇ ਭਾਈ ਖਾਲੜਾ ਦੇ ਪਰਿਵਾਰ ਲਈ ਕਦੇ ਨਾ ਭੁੱਲਣ ਯੋਗ ਸੀ। ਥੋੜਾ ਇਤਿਹਾਸ 'ਤੇ ਝਾਤੀ ਮਾਰੀਏ ਤਾਂ ਭਾਈ ਖਾਲੜਾ ਉਸ ਸਮੇਂ ਰੋਟੀ ਖਾ ਕੇ ਆਪਣੀ ਗੱਡੀ ਧੋ ਰਹੇ ਸਨ ਕਿ ਅਚਾਨਕ ਹੀ ਹਥਿਆਰਬੰਦ ਕਮਾਂਡੋਆਂ ਨੇ ਉਨ੍ਹਾਂ ਨੂੰ ਆਪਣੇ ਨਾਲ ਚੱਲਣ ਲਈ ਆਖਿਆ ਅਤੇ ਫੇਰ ਸ਼ੁਰੂ ਹੁੰਦੀ ਹੈ ਭਾਈ ਖਾਲੜਾ 'ਤੇ ਨਾ ਸਹਿਣਯੋਗ ਤਸ਼ੱਦਦ ਦੀ ਕਹਾਣੀ, ਜਿਸ ਨੂੰ ਪਿਛਲੇ ਦਿਨੀਂ ਕੁਝ ਪੁਲਿਸ ਅਫਸਰਾਂ ਨੇ ਵੀ ਜੱਗ ਜ਼ਾਹਿਰ ਕੀਤਾ ਸੀ ਕਿ ਕਿੰਜ ਭਾਈ ਖਾਲੜਾ ਨੂੰ ਤਸੀਹੇ ਦੇ ਕੇ ਸ਼ਹੀਦ ਕੀਤਾ ਗਿਆ। ਜਿਸ ਸਮੇਂ ਪੁਲਿਸ ਵੱਲੋਂ ਭਾਈ ਖਾਲੜਾ ਨੂੰ ਘਰੋਂ ਚੁੱਕਿਆ ਗਿਆ, ਉਸ ਸਮੇਂ ਬੀਬੀ ਪਰਮਜੀਤ ਕੌਰ ਘਰ ਦੇ ਅੰਦਰ ਸਨ। ਉਨ੍ਹਾਂ ਵੱਲੋਂ ਸਭ ਕੁਝ ਵੇਖਣ ਤੋਂ ਬਾਅਦ ਹਾਲਾਤ ਨੂੰ ਵਾਚਦਿਆਂ ਅੰਦਰੋ-ਅੰਦਰੀਂ ਮਨ ਦੇ ਨਾਲ਼ ਸਮਝੌਤਾ ਕੀਤਾ ਕਿ ਹੁਣ ਜੰਗ ਲੜਨੀ ਪੈਣੀ ਹੈ। ਉਨ੍ਹਾਂ ਨੇ ਆਪਣੇ ਆਪ ਨੂੰ ਇੱਕ ਜੰਗ ਲਈ ਤਿਆਰ ਕੀਤਾ, ਜੋ ਉਨ੍ਹਾਂ ਨੇ ਲੜੀ ਵੀ ਅਤੇ ਅੱਜ ਵੀ ਜਾਰੀ ਹੈ। ਪੁਲਿਸ ਵੱਲੋਂ ਭਾਈ ਖਾਲੜਾ 'ਤੇ ਘੋਰ ਤਸ਼ੱਦਦ ਕੀਤਾ ਗਿਆ। ਉਨ੍ਹਾਂ ਨੂੰ ਇਹ ਸਜ਼ਾ ਸਿਰਫ ਪੁਲਿਸ ਵੱਲੋਂ ਅਣਪਛਾਤੇ ਕਹਿ ਕੇ ਸਿਵਿਆਂ ਵਿਚ ਰਾਖ ਕੀਤੇ ਗਏ ਨੌਜਵਾਨਾਂ ਨੂੰ ਭਾਲਣ ਦੇ ਬਦਲੇ ਵਿਚ ਦਿੱਤੀ ਜਾ ਰਹੀ ਸੀ। ਉਨ੍ਹਾਂ ਦਾ ਕਸੂਰ ਸੀ ਕਿ ਉਨ੍ਹਾਂ ਨੇ ਪੁਲਿਸ ਦੇ ਤਸ਼ੱਦਦ ਨੂੰ ਨੰਗਾ ਕਰਦੇ ਹੋਏ ਪੰਜਾਬ ਦੀ ਨੌਜਵਾਨੀ ਨੂੰ ਆਗਾਹ ਕੀਤਾ ਸੀ।


ਇਤਿਹਾਸ ਨੂੰ ਵਾਚਦਿਆਂ ਪਤਾ ਲੱਗਦਾ ਹੈ ਕਿ 28 ਅਕਤੂਬਰ, 1995 ਨੂੰ ਭਾਈ ਖਾਲੜਾ ਨੂੰ ਪੁਲਿਸ ਵੱਲੋਂ ਕੋਹ-ਕੋਹ ਕੇ ਸ਼ਹੀਦ ਕਰ ਦਿੱਤਾ ਗਿਆ। ਭਾਈ ਖਾਲੜਾ ਵਰਗੇ ਇਨਸਾਨ ਹਰ ਰੋਜ਼ ਨਹੀਂ ਜੰਮਦੇ। ਵਿਰਲੇ ਹੁੰਦੇ ਰਹੇ ਹਨ ਇਹੋ ਜਿਹੇ ਇਨਸਾਨ। ਭਾਈ ਜਸਵੰਤ ਸਿੰਘ ਖਾਲੜਾ ਜਿਨ੍ਹਾਂ ਰਾਹਾਂ 'ਤੇ ਤੁਰ ਕੇ ਪੰਜਾਬ ਦੇ ਨੌਜਵਾਨਾਂ ਦੀਆਂ ਲਾਸ਼ਾਂ ਨੂੰ ਲੱਭਦਾ ਹੁੰਦਾ ਸੀ, ਅੰਤ ਆਪ ਉਨ੍ਹਾਂ ਰਾਹਾਂ ਵਿਚ ਅਲੋਪ ਹੋ ਗਿਆ। ਉਹ ਅਲੋਪ ਤਾਂ ਜ਼ਰੂਰ ਹੋ ਗਿਆ ਪਰ ਨਾਲ ਦੀ ਨਾਲ ਅਮਰ ਹੋ ਗਿਆ। ਜਿਨ੍ਹਾਂ ਨਹਿਰਾਂ ਅਤੇ ਪੁਲਾਂ 'ਤੇ ਸਾਡੀ ਖੋ ਚੁੱਕੀ ਨੌਜਵਾਨੀ ਦੀ ਭਾਈ ਖਾਲੜਾ ਨੇ ਭਾਲ ਕੀਤੀ, ਉਹ ਆਪ ਵੀ ਉਸੇ ਰਸਤੇ ਦਾ ਪਾਂਧੀ ਹੋ ਨਿਬੜਿਆ। ਸਿੱਖ ਸੰਘਰਸ਼ ਅੰਦਰ ਭਾਈ ਖਾਲੜਾ ਨੂੰ ਯਾਦ ਕੀਤਾ ਜਾਂਦਾ ਰਹੇਗਾ। ਬਿਨਾਂ ਸ਼ੱਕ ਉਹ ਇਕ ਕੌਮੀ ਯੋਧਾ ਸੀ, ਜਿਸ 'ਤੇ ਸਾਨੂੰ ਮਾਣ ਹੈ।

## ‘ਜੋ ਦਿਖਾ, ਸੋ ਲਿਖਾ’

# ਕੇਜਰੀਵਾਲ ਦਾ ਪੀ.ਐੱਮ. ਦਾ ਸੁਪਨਾ ਕਰੇਗਾ ਪੰਜਾਬ ਨੂੰ ਬਰਬਾਦ

## ਕਰਜ਼ਈ ਪੰਜਾਬ ’ਤੇ ਟੁੱਟਿਆ ਹੜ੍ਹਾਂ ਦਾ ਪਹਾੜ

ਦਰਸ਼ਨ ਸਿੰਘ ਸ਼ੰਕਰ
ਜ਼ਿਲ੍ਹਾ ਲੋਕ ਸੰਪਰਕ ਅਫਸਰ (ਰਿਟਾ.)
ਫੋਨ: 99158-36543
(Punjab Mail USA)





ਜਦੋਂ ਤੋਂ ਆਮ ਆਦਮੀ ਪਾਰਟੀ ਹੋਂਦ ਵਿਚ ਆਈ ਹੈ, ਉਦੋਂ ਤੋਂ ਹੀ ਅਰਵਿੰਦ ਕੇਜਰੀਵਾਲ ਦਾ ਨਿਸ਼ਾਨਾ ਪ੍ਰਧਾਨ ਮੰਤਰੀ ਦੀ ਕੁਰਸੀ ਪ੍ਰਾਪਤ ਕਰਨ ’ਤੇ ਟਿਕਿਆ ਹੈ। ਕੇਜਰੀਵਾਲ ਵਲੋਂ ਕਾਂਗਰਸ ਦੇ ਭ੍ਰਿਸ਼ਟਾਚਾਰ ਅਤੇ ਕੁਸ਼ਾਸਨ ਨੂੰ ਜ਼ੋਰ ਨਾਲ ਭੰਡਣ ਕਾਰਨ ਕਾਂਗਰਸ ਦਿੱਲੀ ਵਿਚ ਮੁੜ ਪੈਰ ਨਾ ਲੱਗ ਸਕੀ। ਪ੍ਰੰਤੂ ਬੀ.ਜੇ.ਪੀ. ਲੋਕ ਸਭਾ ਦੀਆਂ ਦਿੱਲੀ ਵਿਚ ਸਾਰੀਆਂ ਸੀਟਾਂ ਜਿੱਤਦੀ ਆ ਰਹੀ ਹੈ ਅਤੇ ਵਿਧਾਨ ਸਭਾ ਵਿਚ ਉਸਨੂੰ ਵੀ ਕਰਾਰੀ ਹਾਰ ਦਾ ਸਾਹਮਣਾ ਕਰਨਾ ਪਿਆ ਹੈ। ਕੇਜਰੀਵਾਲ ਦਾ ਦਾਅਵਾ ਹੈ ਕਿ ਉਸ ਦੀ ਸਰਕਾਰ ਨੇ ਸਿੱਖਿਆ ਤੇ ਸਿਹਤ ਖੇਤਰਾਂ ਵਿਚ ਸੁਧਾਰ ਅਤੇ ਮੁਫਤ ਬਿਜਲੀ ਆਦਿ ਸਹੂਲਤਾਂ ਦਿੱਤੀਆਂ ਨੇ। ਦਿੱਲੀ ਮਾਡਲ ਦੇ ਪ੍ਰਚਾਰ ਨਾਲ ਪਾਰਟੀ ਨੇ ਪੰਜਾਬ ਅੰਦਰ 2007 ਵਿਚ ਵਿਰੋਧੀ ਧਿਰ ਦਾ ਦਰਜਾ ਹਾਸਲ ਕੀਤਾ ਅਤੇ 2022 ਦੀਆਂ ਵਿਧਾਨ ਸਭਾ ਚੋਣਾਂ ਵਿਚ 92 ਸੀਟਾਂ ਜਿੱਤ ਕੇ ਸਰਕਾਰ ਬਣਾ ਸਕੀ।

ਇਸ ਤੋਂ ਉਤਸ਼ਾਹਿਤ ਹੋ ਕੇ ਕੇਜਰੀਵਾਲ ਨੇ ਭਗਵੰਤ ਮਾਨ ਨੂੰ ਨਾਲ ਲੈ ਕੇ ਪਾਰਟੀ ਦਾ ਵਿਸਥਾਰ ਹਰਿਆਣਾ, ਹਿਮਾਚਲ ਪ੍ਰਦੇਸ਼ ਅਤੇ ਗੁਜਰਾਤ ਸਮੇਤ ਦੂਜੇ ਸੂਬਿਆਂ ਵਿਚ ਵਧਾ ਦਿੱਤਾ। ਜਿੱਥੇ ਸਫਲਤਾ ਤਾਂ ਕੋਈ ਖ਼ਾਸ ਨਹੀਂ ਮਿਲੀ, ਪਰ ਪਾਰਟੀ ਨੂੰ ਕੌਮੀ ਪਾਰਟੀ ਵਜੋਂ ਮਾਨਤਾ ਜ਼ਰੂਰ ਮਿਲ ਗਈ। ਉਦੋਂ ਤੋਂ ਹੀ ਕੇਜਰੀਵਾਲ ਨੇ ਭਗਵੰਤ ਮਾਨ ਨਾਲ ਹੋਰ ਰਾਜਾਂ ਵਿਚ ਦੌਰੇ ਸ਼ੁਰੂ ਕਰ ਦਿੱਤੇ ਨੇ। ਦੂਜੇ ਸੂਬਿਆਂ ਵਿਚ ਕੇਜਰੀਵਾਲ ਕਾਂਗਰਸ ਦਾ ਵੋਟ ਬੈਂਕ ਆਪਣੇ ਵੱਲ ਕਰਨ ਲਈ ਜ਼ੋਰ ਲਗਾ ਰਿਹਾ ਹੈ। ਇਸ ਸਮੇਂ ਤਮਾਮ ਪਾਰਟੀਆਂ ਕੇਜਰੀਵਾਲ ਦੇ ਵਿਰੁੱਧ ਨੇ। ਕੇਂਦਰ ਵਿਚ ਸੱਤਾਧਾਰੀ ਬੀ.ਜੇ.ਪੀ. ਦਾ ਕੇਜਰੀਵਾਲ ਨਾਲ ਸਿੱਧਾ ਟਕਰਾ ਵੱਧ ਗਿਆ ਹੈ ਅਤੇ ਉਹ ਦਿੱਲੀ ਅਤੇ ਪੰਜਾਬ ਨੂੰ ਨੁਕਸਾਨ ਪਹੁੰਚਾਉਣ ਦੀ ਕੋਈ ਵੀ ਕਸਰ ਬਾਕੀ ਨਹੀਂ ਛੱਡ ਰਹੀ।

### ਕੇਜਰੀਵਾਲ ਦੇ ਕੁਤਰੇ ਖੰਭ

ਦਿੱਲੀ ਵਿਚ ਕੇਜਰੀਵਾਲ ਦਾ ਕੇਂਦਰ ਸਰਕਾਰ ਨਾਲ ਚੱਲ ਰਿਹਾ ਪੰਗਾ ਖ਼ਤਰਨਾਕ ਰੁੱਖ ਅਖਤਿਆਰ ਕਰ ਚੁੱਕਾ ਹੈ। ‘ਆਪ’ ਕੇਂਦਰ ਨਾਲ ਟਕਰਾਅ ਦਾ ਕੋਈ ਵੀ ਮੌਕਾ ਨਹੀਂ ਗਵਾ ਰਹੀ। ਸਰਵਉੱਚ ਅਦਾਲਤ ਵਲੋਂ ਦਿੱਲੀ ਵਿਚ ਫੈਸਲੈ ਲੈਣ ਦੇ ਅਧਿਕਾਰ ਚੁਣੀ ਸਰਕਾਰ ਨੂੰ ਦੇਣ ਦੇ ਫੈਸਲੇ ਪਿੱਛੋ ਕੇਂਦਰ ਨੇ ਆਰਡੀਨੈਂਸ ਰਾਹੀਂ ਮੁੜ ਸਾਰੇ ਅਧਿਕਾਰ ਉੱਪ ਰਾਜਪਾਲ ਹਵਾਲੇ ਕਰ ਦਿੱਤੇ। ਕੇਜਰੀਵਾਲ ਵਲੋਂ ਬੀ.ਜੇ.ਪੀ. ’ਤੇ ਵਿਧਾਇਕ ਖਰੀਦਣ ਲਈ ਪੇਸ਼ਕਸ਼ ਕਰਨ ਅਤੇ ਫਿਰ ਆਰਡੀਨੈਂਸ ਵਿਰੁੱਧ ਵਿਧਾਨ ਸਭਾ ਦੇ ਵਿਸ਼ੇਸ਼ ਇਜਲਾਸ ਬੁਲਾ ਕੇ ਪ੍ਰਧਾਨ ਮੰਤਰੀ ਖਿਲਾਫ ਤਿੱਖੇ ਨਿਸ਼ਾਨੇ ਸਾਧੇ ਗਏ। ਬਾਅਦ ਵਿਚ ਪੂਰੇ ਦੇਸ਼ ਵਿਚ ਆਰਡੀਨੈਂਸ ਤੇ ਬਿਲ ਨੂੰ ਰਾਜਸਭਾ ਵਿਚ ਪਾਸ ਹੋਣ ਤੋਂ ਰੋਕਣ ਲਈ ਵਿਰੋਧੀ ਪਾਰਟੀਆਂ ਦੇ ਮੁਖੀਆਂ ਨਾਲ ਮੀਟਿੰਗਾਂ ਕੀਤੀਆਂ। ਕੇਜਰੀਵਾਲ ਅਤੇ ਭਗਵੰਤ ਮਾਨ ਨੇ ਆਰ.ਜੇ.ਡੀ. ਮੁਖੀ ਨਿਤਿਸ਼ ਕਮਾਰ, ਬੀ.ਜੇ.ਡੀ. ਮੁਖੀ ਤੇਜੱਸਵੀ ਯਾਦਵ, ਟੀ.ਏ.ਐੱਮ.ਸੀ. ਮੁਖੀ ਮਮਤਾ ਬੈਨਰਜੀ, ਤੇਲੰਗਾਨਾ ’ਚ ਬੀ.ਆਰ.ਐੱਸ. ਮੁਖੀ ਚੰਦਰਸ਼ੇਖਰ ਰਾਓ, ਐੱਨ.ਸੀ.ਪੀ. ਮੁਖੀ ਸ਼ਰਦ ਪਵਾਰ, ਡੀ.ਐੱਮ.ਕੇ. ਪ੍ਰਧਾਨ ਐੱਮ.ਕੇ. ਸਟਾਲਿਨ, ਜੇ.ਐੱਮ.ਐੱਮ. ਦੇ ਮੁਖੀ ਹੇਮੰਤ ਸੋਰੇਨ, ਸੀ.ਪੀ.ਐੱਮ. ਲੀਡਰ ਸੀਤਾ ਰਾਮ ਯੇਚੁਰੀ, ਸੀ.ਪੀ.ਆਈ. ਲੀਡਰ ਡੀ ਰਾਜਾ ਨਾਲ ਮੀਟਿੰਗਾਂ ਕਰ ਚੁੱਕੇ ਨੇ। 23 ਜੂਨ ਨੂੰ ਪਟਨਾ ਵਿਖੇ ਨਿਤੀਸ਼ ਕੁਮਾਰ ਦੀ ਅਗਵਾਈ ’ਚ ਹੋਈ 17 ਵਿਰੋਧੀ ਪਾਰਟੀਆਂ ਦੀ ਮੀਟਿੰਗ ਵਿਚ ਕੇਜਰੀਵਾਲ ਅਤੇ ਭਗਵੰਤ ਮਾਨ ਸ਼ਾਮਲ ਤਾਂ ਹੋਏ, ਪਰ ਕਾਂਗਰਸ ਉੱਪਰ ਪਹਿਲਾਂ ਆਰਡੀਨੈਂਸ ਤੇ ਸਾਥ ਦੇਣ ਦੀ ਸ਼ਰਤ ਲਗਾ ਕੇ ਵਾਪਸ ਆ ਗਏ। ਹੁਣ ਕਾਂਗਰਸ ਵੱਲੋਂ ਰਾਜ ਸਭਾ ਅੱਧਿਆਦੇਸ਼ ਸਬੰਧੀ ਬਿਲ ਦੇ ਵਿਰੋਧ ਦਾ ਯਕੀਨ ਦਿਵਾਉਣ ਤੇ ਬੰਗਲੌਰ ਵਿਖੇ ਮੀਟਿੰਗ ਵਿਚ ਜਾਣ ਲਈ ਮੰਨੇ। ਦਿੱਲੀ ਅੰਦਰ ਸਾਰੇ ਅਧਿਕਾਰ ਉਪ ਰਾਜਪਾਲ ਪਾਸ ਜਾਣ ਨੂੰ ਮੁੱਦਾ ਬਣਾ ਕੇ ਕੇਜਰੀਵਾਲ ਨੂੰ ਕੇਂਦਰ ਨਾਲ ਸਿੱਧੀ ਟੱਕਰ ਵਿਚ ਨੇ। ਕੇਜਰੀਵਾਲ ਚੋਣਾਂ ਦੌਰਾਨ ਸੁਰੱਖਿਆ ਅਤੇ ਸਰਕਾਰੀ ਕੋਠੀ ਨਾ ਲੈਣ ਸਬੰਧੀ ਨੈਤਿਕਤਾ ਵਾਲੇ ਐਲਾਨਾਂ ਤੋਂ ਲਾਂਭੇ ਜਾ ਚੁੱਕਾ ਹੈ। ਉਨ੍ਹਾਂ ਦੀ ਸਰਕਾਰੀ ਰਿਹਾਇਸ਼ ਨੂੰ 53 ਕਰੋੜ ਰੁਪਏ ਖਰਚ ਕੇ ਮਹਿਲ ਦੀ ਸ਼ਕਲ ਦੇਣ ਦੀ ਜਾਂਚ ਵੀ ਕੈਗ ਵੱਲੋਂ ਚੱਲ ਰਹੀ। ਉਸਦੇ ਉਪ ਮੁੱਖ ਮੰਤਰੀ ਸਿਸੋਦੀਆ ਅਤੇ ਸਾਬਕਾ ਸਿਹਤ ਮੰਤਰੀ ਸਤਿੰਦਰ ਜੈਨ ਭ੍ਰਿਸ਼ਟਾਚਾਰ ਦੇ ਮਾਮਲੇ ਵਿਚ ਲੰਬੇ ਸਮੇਂ ਤੋਂ ਜੇਲ੍ਹ ਵਿਚ ਬੰਦ ਨੇ। ਅਦਾਲਤਾਂ ਵਿਚ ਵੀ ਉਨ੍ਹਾਂ ਦੀ ਜ਼ਮਾਨਤ ਨਹੀਂ ਹੋ ਸਕੀ। ਇਸ ਸਮੇਂ ਕੇਜਰੀਵਾਲ ਪੰਜਾਬ ਦੇ ਮੁੱਖ ਮੰਤਰੀ ਨੂੰ ਅੱਗੇ ਲਾ ਕੇ ਕੇਂਦਰ ਸਰਕਾਰ ਨਾਲ ਸਿੱਧੀ ਲੜਾਈ ਲੜ ਰਹੇ ਨੇ।



### ਕੇਂਦਰ-ਪੰਜਾਬ ਤਲਖ ਸਬੰਧ

ਪੰਜਾਬ ਵਿਚ ਮੁੱਖ ਮੰਤਰੀ ਭਗਵੰਤ ਮਾਨ ਕੇਜਰੀਵਾਲ ਦੇ ਇਸ਼ਾਰੇ ’ਤੇ ਹੀ ਚਲਦੇ ਕੇਂਦਰ ਸਰਕਾਰ ਅਤੇ ਰਾਜਪਾਲ ਨਾਲ ਸਿੱਧੀ ਟੱਕਰ ਲੈ ਰਹੇ ਨੇ। ਸਤੰਬਰ 2022 ਵਿਚ ਵਿਧਾਨ ਸਭਾ ਦੇ ਇਕ ਵਿਸ਼ੇਸ਼ ਇਜਲਾਸ ਦੌਰਾਨ ਬੀ.ਜੇ.ਪੀ. ’ਤੇ ‘ਅਪਰੇਸ਼ਨ ਲੋਟਸ’ ਰਾਹੀਂ ਵਿਧਾਇਕਾਂ ਨੂੰ ਕਰੋੜਾਂ ਰੁਪਏ ਦੀ ਪੇਸ਼ਕਸ਼ ਦੇ ਦੋਸ਼ ਲਗਾ ਕੇ ਨਿੰਦਾ ਪ੍ਰਸਤਾਵ ਪਾਸ ਕੀਤਾ ਗਿਆ। ਵਿਧਾਇਕਾਂ ਵਲੋਂ ਡੀ.ਜੀ.ਪੀ. ਨੂੰ ਦਿੱਤੀ ਸ਼ਿਕਾਇਤ ’ਤੇ ਮੁਹਾਲੀ ਥਾਣੇ ਵਿਚ ਕੇਸ ਵੀ ਦਰਜ ਹੋਇਆ ਸੀ, ਜਿਸ ’ਤੇ ਅਜੇ ਤੱਕ ਕੋਈ ਵੀ ਕਾਰਵਾਈ ਨਹੀਂ ਹੋ ਸਕੀ। ਟਕਰਾਅ ਦੇ ਚੱਲਦੇ ਕੇਂਦਰ ਨੇ ਪੰਜਾਬ ਸਰਕਾਰ ਦੀ ਕਰਜ਼ਾ ਹੱਦ 39000 ਕਰੋੜ ਰੁਪਏ ਤੋਂ ਘਟਾ ਕੇ 21000 ਕਰੋੜ ਰੁਪਏ ਕਰ ਦਿੱਤੀ। ਕੇਂਦਰ ਦੀ ਦਲੀਲ ਹੈ ਕਿ ਜੋ ਸੂਬਾ ਸਰਕਾਰਾਂ ਫਜ਼ੂਲ ਖਰਚੇ ਵਧਾਉਂਦੀਆਂ ਨੇ, ਉਨ੍ਹਾਂ ਦੇ ਕਰਜ਼ਿਆਂ ਦੀ ਹੱਦ ਘਟਾਉਣਾ ਸਹੀ ਹੈ। ਪੰਜਾਬ ਪਹਿਲਾਂ ਹੀ 3 ਲੱਖ ਕਰੋੜ ਤੋਂ ਵੱਧ ਦੇ ਕਰਜ਼ੇ ਥੱਲੇ ਦੱਬਿਆ ਪਿਐ। ਅਜਿਹੇ ਵਿਚ ਕਰਜ਼ਾ ਹੱਦ ਵਿਚ 18000 ਕਰੋੜ ਦੀ ਕਟੌਤੀ ਹੋਣਾਂ ਵੱਡਾ ਝਟਕਾ ਸਮਝਿਆ ਜਾਂਦਾ ਹੈ। ਕੇਂਦਰ ਵਲੋਂ ਜੀ.ਐੱਸ.ਟੀ. ਵਿਚੋਂ ਮਿਲ ਰਹੀ 16000 ਕਰੋੜ ਰੁਪਏ ਦੀ ਗਰਾਂਟ ਬੰਦ ਹੋਣ ਨਾਲ ਸੂਬਾ ਕਾਫੀ ਮੁਸ਼ਕਲ ਵਿਚ ਹੈ। ਦੁਬਾਰਾ ਫਿਰ ਵਿਧਾਨ ਸਭਾ ਦਾ ਵਿਸ਼ੇਸ਼ ਬੁਲਾ ਕੇ ਕੇਂਦਰ ਸਰਕਾਰ ਦੀ ਖੂਬ ਭੰਡੀ ਕੀਤੀ ਅਤੇ ਮਤਾ ਪਾਸ ਕਰਕੇ ਸੂਬੇ ਦੇ 3622.48 ਕਰੋੜ ਦੇ ਆਰ.ਡੀ.ਐੱਫ. ਅਤੇ ਕੌਮੀ ਸਿਹਤ ਮਿਸ਼ਨ ਦੇ 800 ਕਰੋੜ ਦੇ ਰੋਕੇ ਫੰਡ ਜਾਰੀ ਕਰਨ ਦੀ ਮੰਗ ਕੀਤੀ ਗਈ। ਇਜਲਾਸ ਵਿਚ ਰਾਜਪਾਲ ਦੀ ਥਾਂ ਯੂਨੀਵਰਸਿਟੀਆਂ ਦੇ ਵਾਈਸ ਚਾਂਸਲਰ ਨਿਯੁਕਤ ਕਰਨ ਦੇ ਅਧਿਕਾਰ ਮੁੱਖ ਮੰਤਰੀ ਨੂੰ ਦੇਣ ਅਤੇ ਗੁਰਦੁਆਰਾ ਸੋਧ ਬਿਲ ਪਾਸ ਕੀਤੇ ਗਏ। ਰਾਜਪਾਲ ਵੱਲੋਂ ਪਾਸ ਕੀਤੇ ਬਿਲਾਂ ’ਤੇ ਦਸਤਖਤ ਕਰਨ ਦੀ ਬਜਾਏ ਵਿਸ਼ੇਸ਼ ਇਜਲਾਸ ਨੂੰ ਹੀ ਗੈਰ ਸੰਵਿਧਾਨਕ ਕਰਾਰ ਦੇ ਦਿੱਤਾ ਗਿਆ। ਇਸ ਤਰ੍ਹਾਂ ਰਾਜਪਾਲ ਨਾਲ ਚੱਲ ਰਿਹਾ ਟਕਰਾਅ ਚਰਮ ਸੀਮਾ ’ਤੇ ਪੁੱਜ ਗਿਆ, ਜਿਸ ਦਾ ਨੁਕਸਾਨ ਪੰਜਾਬ ਨੂੰ ਭੁਗਤਣਾ ਹੀ ਪਏਗਾ।


### ਹੜ੍ਹਾਂ ਨਾਲ ਭਾਰੀ ਨੁਕਸਾਨ

ਇਸ ਵਾਰ ਦੇਸ਼ ਦੇ ਕਈ ਸੂਬਿਆਂ ਵਿਚ ਬੇਤਹਾਸ਼ਾ ਬਾਰਸ਼ਾਂ ਕਾਰਨ ਆਏ ਭਿਆਨਕ ਹੜ੍ਹਾਂ ਨਾਲ ਜਾਣ ਭਾਰੀ ਨੁਕਸਾਨ ਹੋਇਆ। ਹਿਮਾਚਲ ਪ੍ਰਦੇਸ਼, ਦਿੱਲੀ, ਉੱਤਰਾਖੰਡ, ਪੰਜਾਬ, ਹਰਿਆਣਾ, ਆਸਾਮ ਸਮੇਤ ਕਈ ਸੂਬਿਆਂ ਵਿਚ ਜੀਵਨ ਅਸਤ ਵਿਅਸਤ ਹੋ ਕੇ ਰਹਿ ਗਿਆ। ਦਿੱਲੀ ਅਤੇ ਪੰਜਾਬ ਵਿਚ ਵੀ ਦਰਿਆਵਾਂ ਅਤੇ ਬਾਰਸ਼ ਨੇ ਭਾਰੀ ਤਬਾਹੀ ਮਚਾਈ ਹੈ। ਦਿੱਲੀ ਵਿਚ ਯਮੁਨਾ ਦਾ ਪਾਣੀ ਖ਼ਤਰੇ ਦੇ ਨਿਸ਼ਾਨ ਤੋਂ ਤਿੰਨ ਮੀਟਰ ਲੰਘ ਕੇ ਸ਼ਹਿਰ ਭਰ ਗਿਆ। ਨੀਵੀਆਂ ਥਾਵਾਂ ਵਿਚ ਪਾਣੀ ਜਮ੍ਹਾਂ ਹੋਣ ਨਾਲ ਲੋਕ ਲੰਮਾ ਸਮਾਂ ਘਰਾਂ ਵਿਚ ਡੱਕੇ ਗਏ। ਦਿੱਲੀ ਸਰਕਾਰ ਨੇ ਹਰਿਆਣਾ ਸਰਕਾਰ ਉੱਪਰ ਹਥਨੀ ਕੁੰਡ ਬਿਰਾਜ ਤੋਂ ਵਧੇਰੇ ਪਾਣੀ ਛੱਡ ਕੇ ਦਿੱਲੀ ਵਿਚ ਹੜ੍ਹ ਲਿਆਉਣ ਦੇ ਦੋਸ਼ ਲਗਾਏ। ਉਪ ਰਾਜਪਾਲ ਨੇ ਦਿੱਲੀ ਸਰਕਾਰ ਦੀ ਅਣਗਹਿਲੀ ਨੂੰ ਭਾਰੀ ਨੁਕਸਾਨ ਦਾ ਕਾਰਨ ਦੱਸਿਆ। ਉਧਰ ਪੰਜਾਬ ਵਿਚ ਦਰਿਆਵਾਂ ਅਤੇ ਬਾਰਿਸ਼ ਨੇ 14 ਜ਼ਿਲ੍ਹਿਆਂ ਵਿਚ 1500 ਦੇ ਕਰੀਬ ਪਿੰਡਾਂ ਵਿਚ ਨੁਕਸਾਨ ਕੀਤਾ। ਸਤਲੁਜ ਦਰਿਆ ਤੇ ਧੂਸੀ ਬੰਧ ਵਿਚ ਕਈ ਥਾਵਾਂ ’ਤੇ ਪਾੜ ਪੈਣ ਨਾਲ ਪਾਣੀ ਖੇਤਾਂ ਵਿਚ ਫੈਲ ਗਿਆ ਅਤੇ ਫਸਲਾਂ ਤਬਾਹ ਹੋ ਗਈਆਂ। ਸਰਕਾਰ ਨੇ ਪੀੜਤ ਲੋਕਾਂ ਦੀ ਮਦਦ ਕਰਨ ਦਾ ਯਤਨ ਕੀਤਾ, ਪਰ ਹੜ੍ਹਾਂ ਦੇ ਬਚਾਅ ਲਈ ਸਮਾਂ ਰਹਿੰਦੇ ਢੁੱਕਵੇਂ ਕਦਮ ਨਾ ਚੁੱਕਣ ’ਤੇ ਵੱਡੇ ਸਵਾਲ ਉੱਠੇ। ਸਰਕਾਰ ਵਲੋਂ ਬਾਰਿਸ਼ਾਂ ਤੋਂ ਪਹਿਲਾਂ ਹੜ੍ਹ ਤੋਂ ਬਚਾਅ ਲਈ ਪ੍ਰਬੰਧਾਂ ਵਾਸਤੇ ਕੋਈ ਮੀਟਿੰਗ ਤੱਕ ਵੀ ਨਾ ਕੀਤੀ ਗਈ। ਸੂਬਾ ਸਰਕਾਰ ਕੇਂਦਰ ਅਤੇ ਗੁਆਂਢੀ ਰਾਜਾਂ ਨੂੰ ਸਹਿਯੋਗ ਨਾ ਦੇਣ ਦੇ ਦੋਸ਼ ਲਗਾਉਂਦੀ ਨਜ਼ਰ ਆਈ। ਇਸ ਸਮੇਂ ਸੂਬਾ ਸਰਕਾਰ ਦੇ ਕੇਂਦਰ ਅਤੇ ਗਵਾਂਢੀ ਰਾਜਾਂ ਨਾਲ ਚੱਲ ਰਹੇ ਅਣਸੁਖਾਵੇਂ ਸਬੰਧਾਂ ਕਾਰਨ ਸੂਬੇ ਨੂੰ ਕਿਸੇ ਪਾਸੇ ਤੋਂ ਸਹਿਯੋਗ ਮਿਲਦਾ ਨਜ਼ਰ ਨਹੀਂ ਆ ਰਿਹਾ। ਇਸ ਸਭ ਦਾ ਕਾਰਨ ਕੇਜਰੀਵਾਲ ਅਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦੇ ਕੇਂਦਰ ਨਾਲ ਚੱਲ ਰਹੇ ਲਗਾਤਾਰ ਟਕਰਾਅ ਨੂੰ ਸਮਝਿਆ ਜਾ ਰਿਹਾ ਹੈ। ਕੁੱਲ ਮਿਲਾ ਕੇ ਦੇਖਿਆ ਜਾਏ, ਤਾਂ ਕੇਜਰੀਵਾਲ ਦੇ ਪ੍ਰਧਾਨ ਮੰਤਰੀ ਬਣਨ ਸੁਪਨਾ ਪੰਜਾਬ ਨੂੰ ਤਬਾਹ ਕਰਨ ਦਾ ਕਾਰਨ ਬਣ ਸਕਦਾ ਹੈ। ਇਸ ਸਮੇਂ ਸੂਬੇ ਦੇ ਮੁੱਖ ਮੰਤਰੀ ਨੂੰ ਆਪਣੇ ਫੈਸਲੇ ਸੂਬੇ ਦੇ ਹਿੱਤਾਂ ਨੂੰ ਮੁੱਖ ਰੱਖ ਕੇ ਲੈਣੇ ਹੋਣਗੇ, ਤਾਂ ਹੀ ਪੰਜਾਬ ਚੰਗੇ ਭਵਿੱਖ ਦੀ ਆਸ ਕਰ ਸਕਦਾ ਹੈ।



# ਹੜ੍ਹ ਪ੍ਰਭਾਵਿਤ ਲੋਕਾਂ ਦੀ ਮਦਦ ਲਈ ਪਿੰਡਾਂ ਦੇ ਲੋਕ ਰੱਬ ਦਾ ਰੂਪ ਬਣਕੇ ਬਹੁੜੇ











-ਉਜਾਗਰ ਸਿੰਘ
ਸਾਬਕਾ ਜ਼ਿਲ੍ਹਾ ਲੋਕ ਸੰਪਰਕ ਅਧਿਕਾਰੀ
ਮੋਬਾਈਲ-94178 13072
ujagarsingh48@yahoo.com
(Punjab Mail USA)


ਦੇਸ਼ ਵਿਚ ਹਰ ਕੁਦਰਤੀ ਆਫ਼ਤ ਦੇ ਸਮੇਂ ਪਈ ਭੀੜ ਨੂੰ ਦੂਰ ਕਰਨ ਲਈ ਪੰਜਾਬੀ/ਸਿੱਖ/ਸਿੱਖ ਸੰਸਥਾਵਾਂ ਹਮੇਸ਼ਾ ਸੰਕਟ ਮੋਚਨ ਬਣਕੇ ਅੱਗੇ ਆਉਂਦੀਆਂ ਹਨ। ਇਥੋਂ ਤੱਕ ਕਿ ਸੰਸਾਰ ਵਿਚ ਵੀ ਜੇਕਰ ਕੋਈ ਕੁਦਰਤੀ ਆਫ਼ਤ ਆਉਂਦੀ ਹੈ, ਤਾਂ ਪੰਜਾਬੀ/ਸਿੱਖ/ਸਿੱਖ ਸੰਸਥਾਵਾਂ ਹਮੇਸ਼ਾ ਸੇਵਾ ਭਾਵਨਾ ਨਾਲ ਤੱਤਪਰ ਰਹਿੰਦੇ ਹਨ। ਪੰਜਾਬੀ/ਸਿੱਖ ਬਹਾਦਰ, ਮਿਹਨਤੀ ਅਤੇ ਮਾਨਵਤਾ ਦੀ ਸੇਵਾ ਦੇ ਪ੍ਰਤੀਕ ਹਨ। ਇਸ ਦੀ ਤਾਜ਼ਾ ਮਿਸਾਲ ਪੰਜਾਬ ਵਿਚ ਆਏ ਹੜ੍ਹਾਂ ਦੇ ਦੌਰਾਨ ਉਨ੍ਹਾਂ ਵੱਲੋਂ ਹੜ੍ਹ ਪੀੜਤਾਂ ਦੇ ਬਚਾਓ ਅਤੇ ਉਨ੍ਹਾਂ ਲਈ ਡੂੰਘੇ ਪਾਣੀਆਂ ਵਿਚ ਜਾ ਕੇ ਰਾਹਤ ਸਮਗਰੀ ਵੰਡਣ ਤੋਂ ਸਪੱਸ਼ਟ ਹੁੰਦੀ ਹੈ। ਉਹ ਹਰ ਮੁਸੀਬਤ ਅਤੇ ਕੁਦਰਤੀ ਕਰੋਪੀ ਦੇ ਸਮੇਂ ਲੋਕਾਈ ਦੀ ਬਾਂਹ ਫੜਦੇ ਨਜ਼ਰ ਆਉਂਦੇ ਹਨ। ਇਸ ਸਮੇਂ ਭਾਰਤ ਵਿਚ ਹੜ੍ਹਾਂ ਦੀ ਕੁਦਰਤੀ ਆਫ਼ਤ ਨੇ ਕਹਿਰ ਮਚਾ ਰੱਖਿਆ ਹੈ। ਦੇਸ਼ ਦੇ ਬਹੁਤੇ ਸੂਬੇ ਹੜ੍ਹਾਂ ਦੀ ਮਾਰ ਤੋਂ ਪ੍ਰਭਾਵਤ ਹੋ ਰਹੇ ਹਨ। ਪੰਜਾਬ ਵਿਚ ਹੜ੍ਹਾਂ ਤੋਂ ਪ੍ਰਭਾਵਤ ਲੋਕ ਤਰਾਹ-ਤਰਾਹ ਕਰ ਰਹੇ ਹਨ। ਕਿਸਾਨਾਂ ਦੀਆਂ ਹਜ਼ਾਰਾਂ ਏਕੜ ਫਸਲਾਂ ਤਬਾਹ ਹੋ ਗਈਆਂ ਹਨ। ਜਾਨ ਅਤੇ ਮਾਲ ਦਾ ਬੇਇੰਤਹਾ ਨੁਕਸਾਨ ਹੋ ਗਿਆ ਹੈ। ਪੰਜਾਬ ਨੂੰ ਇਸ ਕੁਦਰਤੀ ਆਫ਼ਤ ਨੇ ਬੁਰੀ ਤਰ੍ਹਾਂ ਆਪਣੀ ਲਪੇਟ ਵਿਚ ਲਿਆ ਹੋਇਆ ਹੈ। ਪੰਜਾਬ ਦੇ ਦਰਿਆਵਾਂ ਵਿਚ ਪਾਣੀ ਹਿਮਾਚਲ ਪ੍ਰਦੇਸ਼ ਵਿਚੋਂ ਆਉਂਦਾ ਹੈ। ਜਦੋਂ ਹਿਮਾਚਲ ਪ੍ਰਦੇਸ਼ ਵਿਚ ਬਾਰਸ਼ਾਂ ਪੈਂਦੀਆਂ ਹਨ, ਤਾਂ ਪੰਜਾਬ ਵਿਚ ਜਿਹੜੇ ਤਿੰਨ ਦਰਿਆ ਸਤਲੁਜ, ਬਿਆਸ ਅਤੇ ਰਾਵੀ ਦਾ ਕੁਝ ਹਿੱਸਾ ਵਗਦੇ ਹਨ, ਉਨ੍ਹਾਂ ਵਿਚ ਬੇਸ਼ੁਮਾਰ ਪਾਣੀ ਆ ਜਾਂਦਾ ਹੈ। ਕਈ ਵਾਰ ਭਾਖੜਾ ਅਤੇ ਹੋਰ ਡੈਮਾਂ ਵਿਚੋਂ ਪਾਣੀ ਵੀ ਛੱਡਣਾ ਪੈ ਜਾਂਦਾ ਹੈ। ਬਰਸਾਤੀ ਮੌਸਮ ਵਿਚ ਇਨ੍ਹਾਂ ਦਰਿਆਵਾਂ ਅਤੇ ਅਨੇਕਾਂ ਨਦੀਆਂ, ਨਾਲਿਆਂ, ਚੋਆਂ ਅਤੇ ਹੋਰ ਛੋਟੇ-ਮੋਟੇ ਰਸਤਿਆਂ ਰਾਹੀਂ ਪਾਣੀ ਕਹਿਰ ਦਾ ਰੂਪ ਧਾਰ ਕੇ ਪੰਜਾਬ ਦੇ ਪਿੰਡਾਂ ਅਤੇ ਸ਼ਹਿਰਾਂ ਦੀ ਤਬਾਹੀ ਕਰਦਾ ਹੈ। ਇਸ ਪ੍ਰਕਾਰ ਪੰਜਾਬ ਦੀ ਆਰਥਿਕਤਾ ਨੂੰ ਗਹਿਰੀ ਸੱਟ ਵੱਜਦੀ ਹੈ। ਪੰਜਾਬੀ ਹਰ ਸਾਲ ਇਨ੍ਹਾਂ ਹੜ੍ਹਾਂ ਦਾ ਸੰਤਾਪ ਭੋਗਦੇ ਹਨ। ਬਹੁਤਾ ਪਿੰਡਾਂ ਦਾ ਨੁਕਸਾਨ ਹੁੰਦਾ ਹੈ ਕਿਉਂਕਿ ਇਹ ਦਰਿਆ ਅਤੇ ਨਦੀਆਂ ਨਾਲੇ ਪਿੰਡਾਂ ਵਿਚੋਂ ਲੰਘਦੇ ਹਨ ਪ੍ਰੰਤੂ ਕਈ ਸ਼ਹਿਰਾਂ ਜਿਵੇਂ ਪਟਿਆਲਾ, ਮੋਹਾਲੀ, ਰੋਪੜ ਅਤੇ ਲੁਧਿਆਣਾ ਨੂੰ ਵੀ ਭਾਰੀ ਨੁਕਸਾਨ ਪਹੁੰਚਾਉਂਦੇ ਹਨ। ਪੰਜਾਬ ਵਿਚ ਹੁਣ ਤੱਕ 2 ਲੱਖ 40 ਹਜ਼ਾਰ ਹੈਕਟੇਅਰ ਝੋਨੇ ਦੀ ਫਸਲ ਬਰਬਾਦ ਹੋ ਗਈ ਹੈ। ਇਸ ਤੋਂ ਇਲਾਵਾ 83000 ਹੈਕਟੇਅਰ ਖ਼ਰਾਬ ਹੋਏ ਰਕਬੇ ਵਿਚ ਖੇਤੀਬਾੜੀ ਵਿਭਾਗ ਵਾਲੇ ਕਹਿ ਰਹੇ ਹਨ ਕਿ ਦੁਬਾਰਾ ਝੋਨਾ ਲਗਾਇਆ ਜਾ ਸਕਦਾ ਹੈ ਪ੍ਰੰਤੂ ਦੁਬਾਰਾ ਝੋਨਾ ਲਾਉਣਾ ਸੰਭਵ ਨਹੀਂ ਕਿਉਂਕਿ ਪਨੀਰੀ ਤਿਆਰ ਕਰਨ ਲਈ ਸਮਾਂ ਲੱਗਦਾ ਹੈ। ਹੋਰ ਫ਼ਸਲਾਂ ਅਤੇ ਸਬਜ਼ੀਆਂ ਵੀ ਨੁਕਸਾਨੀਆਂ ਗਈਆਂ ਹਨ।

ਲਗਭਗ 2500 ਹਜ਼ਾਰ ਲੋਕਾਂ ਨੂੰ ਹੜ੍ਹ ਵਾਲੇ ਇਲਾਕਿਆਂ ਵਿਚੋਂ ਕੱਢ ਕੇ ਸੁਰੱਖਿਅਤ ਥਾਵਾਂ 'ਤੇ ਪਹੁੰਚਾਇਆ ਗਿਆ ਹੈ। 35 ਲੋਕ ਆਪਣੀਆਂ ਜਾਨਾਂ ਗੁਆ ਚੁੱਕੇ ਹਨ। ਹੜ੍ਹਾਂ ਨਾਲ 1390 ਪਿੰਡਾਂ ਅਤੇ ਸ਼ਹਿਰਾਂ ਵਿਚ ਨੁਕਸਾਨ ਹੋਇਆ ਹੈ। ਇਸ ਨੁਕਸਾਨ ਦੀ ਭਰਪਾਈ ਤਾਂ ਅਸੰਭਵ ਹੈ। ਅਜਿਹੇ ਹਾਲਾਤ ਵਿਚ ਸਰਕਾਰਾਂ ਨੇ ਤਾਂ ਆਪਣੇ ਫਰਜ਼ ਨਿਭਾਉਣੇ ਹੀ ਹੁੰਦੇ ਹਨ ਪ੍ਰੰਤੂ ਸਰਕਾਰਾਂ ਲੋਕਾਂ ਦੇ ਸਹਿਯੋਗ ਤੋਂ ਬਿਨਾ ਸਫ਼ਲ ਨਹੀਂ ਹੋ ਸਕਦੀਆਂ। ਪੰਜਾਬ ਦੀ ਬਹੁਤੀ ਆਬਾਦੀ ਅਜੇ ਵੀ ਪਿੰਡਾਂ ਵਿਚ ਵਸਦੀ ਹੈ। ਪਿੰਡਾਂ ਦੇ ਲੋਕਾਂ ਦੀਆਂ ਫ਼ਸਲਾਂ ਖਾਸ ਤੌਰ 'ਤੇ ਜੀਰੀਆਂ ਪਾਣੀ ਵਿਚ ਡੁੱਬ ਕੇ ਤਬਾਹ ਹੋ ਗਈਆਂ ਹਨ। ਪਿੰਡਾਂ ਦੇ ਲੋਕ ਆਪਣੇ ਹੋਏ ਨੁਕਸਾਨ ਦੀ ਪ੍ਰਵਾਹ ਨਾ ਕਰਦੇ ਹੋਏ ਆਪਣੀਆਂ ਜਾਨਾਂ ਤਲੀ 'ਤੇ ਧਰ ਕੇ ਸ਼ਹਿਰਾਂ ਵਾਲਿਆਂ ਦੀ ਮਦਦ ਲਈ ਆ ਗਏ ਹਨ। ਬਿਜਲੀ ਤੇ ਪਾਣੀ ਦੇ ਬੰਦ ਹੋਣ ਕਰਕੇ ਸ਼ਹਿਰਾਂ ਦੀਆਂ ਹੜ੍ਹਾਂ ਤੋਂ ਪ੍ਰਭਾਵਤ ਕਾਲੋਨੀਆਂ ਅਤੇ ਪਿੰਡਾਂ ਵਿਚ ਫਸੇ ਹੋਏ ਬੱਚੇ, ਬਜ਼ੁਰਗ, ਇਸਤਰੀਆਂ ਪਾਣੀ ਅਤੇ ਖਾਣ-ਪੀਣ ਦੇ ਸਮਾਨ ਲਈ ਤਰਸ ਰਹੇ ਸਨ। ਹਾਹਾਕਰ ਮੱਚੀ ਹੋਈ ਸੀ, ਬੱਚੇ ਦੁੱਧ ਅਤੇ ਪਾਣੀ ਕਰਕੇ ਕੁਰਲਾ ਰਹੇ ਸਨ। ਸ਼ਹਿਰਾਂ ਵਾਲੇ ਲੋਕ ਬਹੁਤੀ ਮੁਸੀਬਤ ਝੱਲ ਵੀ ਨਹੀਂ ਸਕਦੇ ਪ੍ਰੰਤੂ ਪਾਣੀ ਦਾ ਕਹਿਰ ਤਾਂ ਮੌਤ ਦੇ ਰੂਪ ਵਿਚ ਦਸਤਕ ਦੇ ਰਿਹਾ ਸੀ। ਪਟਿਆਲਾ ਦੀ ਪੋਸ਼ ਕਾਲੋਨੀ ਅਰਬਨ ਅਸਟੇਟ-1 ਅਤੇ 2 ਵਿਚ 10 ਜੁਲਾਈ ਦੀ ਸ਼ਾਮ ਨੂੰ ਪਾਣੀ ਆਇਆ ਸੀ ਪ੍ਰੰਤੂ ਪਿੰਡਾਂ ਦੇ ਲੋਕ ਸੂਰਜ ਦੀ ਟਿੱਕੀ ਨਿਕਲਦਿਆਂ ਹੀ ਦੁੱਧ, ਪਾਣੀ, ਡਬਲ ਰੋਟੀ, ਬਿਸਕੁਟ ਅਤੇ ਲੰਗਰ ਲੈ ਕੇ ਪਹੁੰਚ ਗਏ। ਇਸ ਤੋਂ ਪੰਜਾਬੀਆਂ ਦੀ ਦ੍ਰਿੜ੍ਹਤਾ, ਸੇਵਾ ਭਾਵਨਾ, ਸਰਬੱਤ ਦੇ ਭਲੇ ਅਤੇ ਇਨਸਾਨੀਅਤ ਦੀ ਕਦਰ ਦੀ ਬਿਹਤਰੀਨ ਪ੍ਰਵਿਰਤੀ ਸਪੱਸ਼ਟ ਹੁੰਦੀ ਹੈ। ਪੰਜਾਬੀਆਂ ਖਾਸ ਤੌਰ 'ਤੇ ਪਿੰਡਾਂ ਵਾਲੇ ਲੋਕਾਂ ਅਤੇ ਸਵੈ ਇੱਛਤ ਅਤੇ ਸਿੱਖ ਅਤੇ ਹੋਰ ਸੰਸਥਾਵਾਂ ਦੇ ਨੁਮਾਇੰਦਿਆਂ ਦੇ ਵਾਰੇ-ਵਾਰੇ ਜਾਈਏ, ਜਿਹੜੇ ਆਪ ਇਨ੍ਹਾਂ ਹੜ੍ਹਾਂ ਦਾ ਪ੍ਰਕੋਪ ਹੰਢਾਉਂਦੇ ਹੋਏ, ਆਪਣਾ ਸਾਰਾ ਕੁਝ ਗੁਆਉਣ ਦੇ ਬਾਵਜੂਦ ਸ਼ਹਿਰਾਂ ਦੇ ਲੋਕਾਂ ਦੀ ਮਦਦ ਲਈ ਆ ਬਹੁੜਦੇ ਹਨ। ਸੇਵਾ ਦੇ ਪੁੰਜ ਇਹ ਪਿੰਡਾਂ ਵਾਲੇ ਲੋਕ ਆਪਣੇ ਟ੍ਰੈਕਟਰਾਂ-ਟਰਾਲੀਆਂ 'ਤੇ ਲੰਗਰ, ਦੁੱਧ ਅਤੇ ਪਾਣੀ ਲੈ ਕੇ ਡੂੰਘੇ ਹੜ੍ਹ ਦੇ ਪਾਣੀਆਂ ਵਿਚ ਆਪਣੀਆਂ ਜਾਨਾਂ ਦੀ ਪ੍ਰਵਾਹ ਨਾ ਕਰਦਿਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪਵਿੱਤਰ ਵਿਚਾਰਧਾਰਾ ਸਰਬੱਤ ਦੇ ਭਲੇ ਦੀ ਪਾਲਣਾ ਕਰਦਿਆਂ ਲੋਕਾਂ ਨੂੰ ਉਨ੍ਹਾਂ ਦੇ ਘਰਾਂ ਵਿਚ ਵਰਤਾਉਂਦੇ ਵੇਖੇ ਗਏ। ਮੋਮਬੱਤੀਆਂ ਅਤੇ ਮੱਛਰ ਤੋਂ ਬਚਾਅ ਲਈ ਮੱਛਰਦਾਨੀਆਂ ਵੀ ਤਕਸੀਮ ਕੀਤੀਆਂ ਗਈਆਂ। ਗਲੀਆਂ ਵਿਚ ਆਵਾਜ਼ਾਂ ਮਾਰ ਕੇ ਲੋਕਾਂ ਨੂੰ ਘਰਾਂ ਵਿਚੋਂ ਬੁਲਾ ਕੇ ਖਾਣ-ਪੀਣ ਦਾ ਸਾਮਾਨ ਤਕਸੀਮ ਕਰਦੇ ਰਹੇ ਹਨ। ਸਿੱਖ ਧਰਮ ਅਤੇ ਸਿੱਖੀ ਇਕ ਸੋਚ ਦਾ ਨਾਮ ਹੈ। ਸਦਭਾਵਨਾ, ਸਰਬੱਤ ਦੇ ਭਲੇ ਅਤੇ 'ਸਭੇ ਸਾਂਝਵਾਲ ਸਦਾਇਨ' ਦੀ ਵਿਚਾਰਧਾਰਾ 'ਤੇ ਪਹਿਰਾ ਦਿੰਦੀ ਹੈ। ਜਿਵੇਂ ਭਾਈ ਘਨੱਈਆ ਚਮਕੌਰ ਦੀ ਲੜਾਈ ਦੇ ਮੈਦਾਨ ਵਿਚ ਦੁਸ਼ਮਣਾਂ ਨੂੰ ਪਾਣੀ ਪਿਲਾ ਰਿਹਾ ਸੀ, ਉਸੇ ਤਰ੍ਹਾਂ ਪਿੰਡਾਂ ਦੇ ਲੋਕ ਉਨ੍ਹਾਂ ਲੋਕਾਂ ਨੂੰ ਲੰਗਰ ਪਹੁੰਚਾ ਰਹੇ ਸਨ। ਇਹ ਲੋਕ ਘਨੱਈਆ ਦੇ ਵਾਰਸ ਹਨ। ਇਨ੍ਹਾਂ ਲੋਕਾਂ ਦੀ ਸਮਰਪਣ ਭਾਵਨਾ ਅੱਗੇ ਸਿਰ ਝੁਕ ਰਹੇ ਸਨ। ਉਹ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਵਾਰਸ ਬਣਕੇ ਵਿਚਰਦੇ ਰਹੇ। ਇਨ੍ਹਾਂ ਦੇ ਜਜ਼ਬੇ ਨੂੰ ਸਲਾਮ ਕਰਨੀ ਬਣਦੀ ਹੈ। ਇਨ੍ਹਾਂ ਨੇ ਸਮਾਜ ਦੇ ਸਾਰੇ ਵਰਗਾਂ ਦੇ ਹਿੱਤਾਂ ਦੀ ਪੂਰਤੀ ਕੀਤੀ ਹੈ, ਇਸ ਕਰਕੇ ਲੋਕ ਇਨ੍ਹਾਂ ਲੋਕਾਂ ਅਤੇ ਸੰਸਥਾਵਾਂ ਦੀ ਸਲਾਘਾ ਕਰਦੇ ਥੱਕਦੇ ਨਹੀਂ। ਹਰ ਪਾਸੇ ਇਨ੍ਹਾਂ ਦੀ ਪ੍ਰਸ਼ੰਸਾ ਹੋ ਰਹੀ ਹੈ। ਇਸ ਤੋਂ ਸਪੱਸ਼ਟ ਹੋ ਰਿਹਾ ਸੀ ਕਿ ਇਨਸਾਨ ਹੀ ਇਨਸਾਨ ਦੀ ਮੁਸੀਬਤ ਵਿਚ ਦਾਰੂ ਬਣਦਾ ਹੈ। ਜਿਥੇ ਪ੍ਰਸ਼ਾਸਨ ਦੀਆਂ ਕਿਸ਼ਤੀਆਂ ਵੀ ਪਹੁੰਚ ਨਹੀਂ ਸਕੀਆਂ, ਉਨ੍ਹਾਂ ਥਾਵਾਂ 'ਤੇ ਇਹ ਲੋਕ ਟ੍ਰੈਕਟਰਾਂ 'ਤੇ ਪਹੁੰਚੇ ਹਨ। ਲੋਕਾਂ ਦੀ ਸੰਕਟਮਈ ਸਥਿਤੀ ਵਿਚ ਇਹ ਲੋਕ ਸੰਕਟ ਮੋਚਨ ਸਾਬਤ ਹੋਏ ਹਨ। ਇਸੇ ਤਰ੍ਹਾਂ ਸਮਾਜ ਸੇਵੀ ਸੰਸਥਾਵਾਂ ਹੜ੍ਹਾਂ ਤੋਂ ਪ੍ਰਭਾਵਤ ਇਲਾਕਿਆਂ ਵਿਚ ਸਥਾਨਕ ਪ੍ਰਸ਼ਾਸਨ ਨਾਲ ਤਾਲਮੇਲ ਕਰਕੇ ਮੈਡੀਕਲ ਕੈਂਪ ਲਗਾ ਕੇ ਮੁਫ਼ਤ ਦਵਾਈਆਂ ਦੇ ਰਹੀਆਂ ਹਨ। ਇਥੇ ਹੀ ਬਸ ਨਹੀਂ, ਸਾਫ-ਸਫ਼ਾਈ ਦਾ ਪ੍ਰਬੰਧ ਕਰਨ ਵਿਚ ਵੀ ਜੁੱਟ ਗਏ ਹਨ। ਨਦੀਆਂ, ਨਾਲਿਆਂ ਅਤੇ ਰਜਵਾਹਿਆਂ ਵਿਚ ਪਏ ਪਾੜਾਂ ਨੂੰ ਵਰ੍ਹਦੇ ਮੀਂਹ ਅਤੇ ਤੇਜ਼ ਪਾਣੀ ਦੇ ਵਹਾਓ ਦਰਮਿਆਨ ਬੰਧ ਲਗਾ ਰਹੇ ਹਨ। ਕਦੀ ਸਮਾਂ ਸੀ ਇਨ੍ਹਾਂ ਲੋਕਾਂ ਨੂੰ ਅੱਤਵਾਦੀ ਅਤੇ ਵੱਖਵਾਦੀ ਕਹਿ ਕੇ ਗਰਦਾਨਿਆ ਜਾ ਰਿਹਾ ਸੀ। ਉਹ ਲੋਕ ਸੇਵਾ ਦਾ ਨਮੂਨਾ ਬਣਕੇ ਵਿਚਰ ਰਹੇ ਹਨ। ਜਿਹੜੇ ਪਿੰਡਾਂ ਵਾਲਿਆਂ ਨੂੰ ਗਵਾਰ ਕਹਿੰਦੇ ਸਨ, ਦਫ਼ਤਰਾਂ ਵਿਚ ਜਾਇਜ਼ ਕੰਮਾਂ ਅਤੇ ਦੁਕਾਨਾਂ 'ਤੇ ਸਾਜੋ-ਸਾਮਾਨ ਲੈਣ ਲਈ ਆਇਆਂ ਦੀ ਛਿੱਲ ਲਾਹੁੰਦੇ ਸਨ, ਉਹ ਪਿੰਡਾਂ ਵਾਲੇ ਉਨ੍ਹਾਂ ਦੀ ਦੁੱਖ ਦੀ ਘੜੀ ਵਿਚ ਸਹਾਇਤਾ ਕਰਕੇ ਖ਼ੁਸ਼ੀ ਤੇ ਸੰਤੁਸ਼ਟੀ ਮਹਿਸੂਸ ਕਰ ਰਹੇ ਸਨ। ਇਹੋ ਹੀ ਇਨਸਾਨੀਅਤ ਹੁੰਦੀ ਹੈ। ਇਥੇ ਹੀ ਬੱਸ ਨਹੀਂ, ਉਹ ਪ੍ਰਭਾਵਤ ਇਲਾਕਿਆਂ ਦੇ ਪਸ਼ੂਆਂ ਲਈ ਹਰਾ ਚਾਰਾ ਅਤੇ ਮੱਕੀ ਦਾ ਆਚਾਰ ਟਰੱਕਾਂ-ਟਰਾਲੀਆਂ ਵਿਚ ਲੈ ਕੇ ਪਹੁੰਚ ਗਏ। ਸਤਲੁਜ, ਬਿਆਸ, ਰਾਵੀ, ਘੱਗਰ, ਮਾਰਕੰਡਾ, ਟਾਂਗਰੀ ਵਿਚ ਜਿਹੜੇ ਪਾੜ ਪਏ ਸਨ, ਉਨ੍ਹਾਂ ਪਾੜਾਂ ਨੂੰ ਭਰਨ ਲਈ ਸਰਕਾਰੀ ਮਸ਼ੀਨਰੀ ਦੀ ਮਦਦ ਨਾਲ ਪਾੜ ਬੰਦ ਕੀਤੇ। ਬਿਜਲੀ ਦੇ ਜਿਨ੍ਹਾਂ ਗਰਿਡਾਂ ਵਿਚ ਪਾਣੀ ਵੜ ਗਿਆ, ਉਨ੍ਹਾਂ ਵਿਚੋਂ ਪਾਣੀ ਬਾਹਰ ਨਿਕਾਲਿਆ ਅਤੇ ਕਈ ਗਰਿਡਾਂ ਵਿਚ ਪਾਣੀ ਵੜਨ ਤੋਂ ਰੋਕਣ ਲਈ ਬੰਧ ਬਣਾਏ। ਪਟਿਆਲਾ ਵਿਖੇ ਕੁਝ ਮਕੈਨਕਾਂ ਨੇ ਹੜ੍ਹਾਂ ਤੋਂ ਪ੍ਰਭਾਵਤ ਇਲਾਕਿਆਂ ਵਿਚ ਨੁਕਸਾਨੀਆਂ ਗਈਆਂ ਕਾਰਾਂ, ਦੋਪਹੀਆ ਸਕੂਟਰਾਂ, ਮੋਟਰ ਸਾਈਕਲਾਂ ਅਤੇ ਕੱਪੜੇ ਧੋਣ ਵਾਲੀਆਂ ਮਸ਼ੀਨਾਂ ਦੀ ਉਨ੍ਹਾਂ ਦੇ ਘਰਾਂ ਵਿਚ ਜਾ ਕੇ ਮੁਫ਼ਤ ਮੁਰੰਮਤ ਕੀਤੀ। ਸਾਰੀਆਂ ਹੀ ਸਿਆਸੀ ਪਾਰਟੀਆਂ ਕੁਦਰਤ ਦੀ ਕਰੋਪੀ 'ਤੇ ਸਿਆਸਤ ਕਰਕੇ ਸਿਆਸੀ ਲਾਹਾ ਲੈਣ ਵਿਚ ਜੁਟੀਆਂ ਰਹੀਆਂ। ਕੁਝ ਕੁ ਵਿਅਕਤੀ ਸਵੈ-ਇੱਛਤ ਸੰਸਥਾਵਾਂ ਦੇ ਨਾਮ 'ਤੇ ਫੋਟੋਆਂ ਖਿਚਵਾ ਕੇ ਸੋਸ਼ਲ ਮੀਡੀਆ ਰਾਹੀਂ ਆਪੋ-ਆਪਣਾ ਪ੍ਰਚਾਰ ਕਰਦੀਆਂ ਵੀ ਵੇਖੀਆਂ ਗਈਆਂ।

ਪੰਜਾਬੀਆਂ ਦੀ ਸੇਵਾ ਭਾਵਨਾ ਵੇਖਣ ਵਾਲੀ ਹੈ। ਸ਼ਾਲਾ! ਇਨ੍ਹਾਂ ਵਿਚ ਇਹ ਭਾਵਨਾ ਪ੍ਰਜਵਲਤ ਰਹੇ ਤੇ ਲੋਕਾਈ ਦੀ ਸੇਵਾ ਕਰਦੇ ਰਹਿਣ।

# ਕੀ ਹੜ੍ਹ ਤੇ ਪਲਾਸਟਿਕ ਪ੍ਰਦੂਸ਼ਣ ਲਈ ਸਰਕਾਰਾਂ ਤੇ ਲੋਕ ਖੁਦ ਜ਼ਿੰਮੇਵਾਰ ਹਨ?



-ਸੁਰਜੀਤ ਸਿੰਘ ਫਲੋਰਾ
ਬਰੈਂਪਟਨ, ਕੈਨੇਡਾ
647-829-9397
(Punjab Mail USA)



ਪਲਾਸਟਿਕ ਪ੍ਰਦੂਸ਼ਣ ਮਨੁੱਖੀ ਸਿਹਤ 'ਤੇ ਕਈ ਤਰੀਕਿਆਂ ਨਾਲ ਮਾੜਾ ਪ੍ਰਭਾਵ ਪਾ ਰਿਹਾ ਹੈ। ਜਦੋਂ ਪਲਾਸਟਿਕ ਦਾ ਕੂੜਾ ਵਾਤਾਵਰਨ ਵਿਚ ਦਾਖਲ ਹੁੰਦਾ ਹੈ, ਤਾਂ ਇਹ ਮਾਈਕ੍ਰੋਪਲਾਸਟਿਕਸ ਨਾਮਕ ਛੋਟੇ ਕਣਾਂ 'ਚ ਚੂਰ-ਚੂਰ ਹੋ ਜਾਂਦਾ ਹੈ, ਜੋ ਖਾਣ ਵਾਲੀਆਂ ਚੀਜ਼ਾਂ ਵਿਚ ਦਾਖਲ ਹੋ ਜਾਂਦਾ ਹੈ ਅਤੇ ਸੰਭਾਵੀ ਤੌਰ 'ਤੇ ਸਾਡੇ ਦੁਆਰਾ ਖਾਧੇ ਭੋਜਨ ਨੂੰ ਦੂਸ਼ਿਤ ਕਰ ਦਿੰਦਾ ਹੈ। ਮਾਈਕ੍ਰੋਪਲਾਸਟਿਕਸ ਕਈ ਤਰ੍ਹਾਂ ਦੇ ਭੋਜਨ ਸਰੋਤਾਂ ਵਿਚ ਪਾਇਆ ਗਿਆ ਹੈ, ਜਿਸ ਵਿਚ ਸਮੁੰਦਰੀ ਭੋਜਨ, ਨਮਕ ਅਤੇ ਇੱਥੋਂ ਤੱਕ ਕਿ ਪੀਣ ਵਾਲੇ ਪਾਣੀ ਵਿਚ ਵੀ ਸ਼ਾਮਲ ਹੁੰਦਾ ਹੈ। ਕੁਝ ਅਧਿਐਨਾਂ ਦਾ ਸੁਝਾਅ ਹੈ ਕਿ ਮਾਈਕ੍ਰੋਪਲਾਸਟਿਕਸ ਦੇ ਸੰਪਰਕ ਵਿਚ ਸੋਜ਼ਿਸ਼, ਆਕਸੀਡੇਟਿਵ ਤਣਾਅ ਅਤੇ ਹੋਰ ਸਿਹਤ ਸਮੱਸਿਆਵਾਂ ਹੋ ਸਕਦੀਆਂ ਹਨ।

ਪਲਾਸਟਿਕ ਪ੍ਰਦੂਸ਼ਣ ਅਸਿੱਧੇ ਤੌਰ 'ਤੇ ਸਿਹਤ 'ਤੇ ਵੀ ਪ੍ਰਭਾਵ ਪਾ ਸਕਦਾ ਹੈ। ਉਦਾਹਰਨ ਲਈ, ਜਦੋਂ ਪਲਾਸਟਿਕ ਦੀ ਰਹਿੰਦ-ਖੂੰਹਦ ਨੂੰ ਸਾੜਿਆ ਜਾਂਦਾ ਹੈ, ਤਾਂ ਇਹ ਹਵਾ ਵਿਚ ਜ਼ਹਿਰੀਲੇ ਰਸਾਇਣ ਛੱਡਦਾ ਹੈ, ਜਿਸ ਨਾਲ ਸਾਹ ਦੀਆਂ ਸਮੱਸਿਆਵਾਂ ਅਤੇ ਹੋਰ ਸਿਹਤ ਸਮੱਸਿਆਵਾਂ ਦਾ ਇਨਸਾਨ ਹੀ ਨਹੀਂ, ਬਲਕਿ ਹਰ ਜੰਗਲੀ ਜੀਵਾਂ ਨੂੰ ਵੀ ਨੁਕਸਾਨ ਪਹੁੰਚਦਾ ਹੈ। ਜਿਨ੍ਹਾਂ ਦਾ ਮਨੁੱਖੀ ਸਿਹਤ 'ਤੇ ਵਿਆਪਕ ਪ੍ਰਭਾਵ ਪਾ ਸਕਦਾ ਹੈ, ਜਿਵੇਂ ਕਿ ਵਾਤਾਵਰਣ ਪ੍ਰਣਾਲੀਆਂ ਨੂੰ ਵਿਗਾੜਨਾ, ਜੋ ਸਾਫ਼ ਹਵਾ ਅਤੇ ਪਾਣੀ ਵਰਗੀਆਂ ਮਹੱਤਵਪੂਰਨ ਸੇਵਾਵਾਂ ਪ੍ਰਦਾਨ ਕਰਦੇ ਹਨ।

ਪਲਾਸਟਿਕ ਪ੍ਰਦੂਸ਼ਣ ਤੋਂ ਆਪਣੇ ਆਪ ਨੂੰ ਬਚਾਉਣ ਲਈ, ਵਿਅਕਤੀ ਕਈ ਕਦਮ ਚੁੱਕ ਸਕਦੇ ਹਨ। ਇੱਕ ਤਾਂ ਇਹ ਹੈ ਕਿ ਉਨ੍ਹਾਂ ਦੀ ਸਿੰਗਲ-ਯੂਜ਼ ਪਲਾਸਟਿਕ ਜਿਵੇਂ ਕਿ ਪਲਾਸਟਿਕ ਦੀਆਂ ਥੈਲੀਆਂ, ਗਾਰਬੇਜ ਬੈਗ ਅਤੇ ਪਾਣੀ ਦੀਆਂ ਬੋਤਲਾਂ ਦੀ ਵਰਤੋਂ ਨੂੰ ਘਟਾਉਣਾ। ਇਸ ਦੀ ਬਜਾਏ, ਵਿਅਕਤੀ ਮੁੜ ਵਰਤੋਂ ਯੋਗ ਵਿਕਲਪਾਂ ਦੀ ਵਰਤੋਂ ਕਰ ਸਕਦੇ ਹਨ, ਜਿਵੇਂ ਕਿ ਕੱਪੜੇ ਦੇ ਥੈਲੇ, ਧਾਤ ਦੀਆਂ ਤੂੜੀਆਂ ਅਤੇ ਮੁੜ ਭਰਨ ਯੋਗ ਪਾਣੀ ਦੀਆਂ ਬੋਤਲਾਂ।

ਪਲਾਸਟਿਕ ਪ੍ਰਦੂਸ਼ਣ ਤੋਂ ਬਚਾਉਣ ਦਾ ਇੱਕ ਹੋਰ ਤਰੀਕਾ ਹੈ ਪਲਾਸਟਿਕ ਦੇ ਕੂੜੇ ਦਾ ਸਹੀ ਢੰਗ ਨਾਲ ਨਿਪਟਾਰਾ ਕਰਨਾ। ਇਸਦਾ ਮਤਲਬ ਹੈ ਜਦੋਂ ਵੀ ਸੰਭਵ ਹੋਵੇ, ਪਲਾਸਟਿਕ ਉਤਪਾਦਾਂ ਨੂੰ ਰੀਸਾਈਕਲ ਕਰਨਾ ਅਤੇ ਕੂੜਾ ਸੁੱਟਣ ਦੀ ਬਜਾਏ ਕੂੜੇ ਵਿਚ ਪਲਾਸਟਿਕ ਦੇ ਕੂੜੇ ਦਾ ਨਿਪਟਾਰਾ ਕਰਨਾ। ਪਲਾਸਟਿਕ ਦੇ ਕੂੜੇ ਦਾ ਸਹੀ ਨਿਪਟਾਰਾ ਪਲਾਸਟਿਕ ਦੀ ਮਾਤਰਾ ਨੂੰ ਘਟਾਉਣ ਵਿਚ ਮਦਦ ਕਰਦਾ ਹੈ, ਜੋ ਵਾਤਾਵਰਣ ਵਿਚ ਦਾਖਲ ਹੁੰਦਾ ਹੈ ਅਤੇ ਸੰਭਾਵੀ ਤੌਰ 'ਤੇ ਭੋਜਨ ਲੜੀ ਨੂੰ ਦੂਸ਼ਿਤ ਕਰਦਾ ਹੈ।

ਕੁੱਲ ਮਿਲਾ ਕੇ, ਪਲਾਸਟਿਕ ਪ੍ਰਦੂਸ਼ਣ ਨੂੰ ਘਟਾਉਣਾ ਨਾ ਸਿਰਫ਼ ਵਾਤਾਵਰਣ ਦੀ ਸਥਿਰਤਾ ਲਈ, ਸਗੋਂ ਮਨੁੱਖੀ ਸਿਹਤ ਦੀ ਰੱਖਿਆ ਲਈ ਵੀ ਮਹੱਤਵਪੂਰਨ ਹੈ। ਪਲਾਸਟਿਕ ਦੀ ਵਰਤੋਂ ਨੂੰ ਘਟਾਉਣ ਅਤੇ ਪਲਾਸਟਿਕ ਦੇ ਕੂੜੇ ਨੂੰ ਸਹੀ ਢੰਗ ਨਾਲ ਨਿਪਟਾਉਣ ਲਈ ਕਦਮ ਚੁੱਕ ਕੇ, ਵਿਅਕਤੀ ਵਾਤਾਵਰਣ ਅਤੇ ਮਨੁੱਖੀ ਸਿਹਤ ਦੋਵਾਂ 'ਤੇ ਪਲਾਸਟਿਕ ਪ੍ਰਦੂਸ਼ਣ ਦੇ ਮਾੜੇ ਪ੍ਰਭਾਵਾਂ ਨੂੰ ਘਟਾਉਣ ਵਿਚ ਮਦਦ ਕਰ ਸਕਦੇ ਹੋ।

ਇਸ ਦੇ ਨਾਲ ਹੀ ਕੱਚਾ ਤੇਲ, ਕੁਦਰਤੀ ਗੈਸ ਅਤੇ ਕੋਲਾ ਪਲਾਸਟਿਕ ਦੇ ਨਿਰਮਾਣ ਬਲਾਕ ਹਨ। ਇਹ ਧਰਤੀ ਤੋਂ ਕੱਢੇ ਜਾਂਦੇ ਹਨ ਅਤੇ ਪ੍ਰੋਸੈਸਿੰਗ ਪਲਾਂਟਾਂ ਵਿਚ ਲਿਜਾਏ ਜਾਂਦੇ ਹਨ। ਪ੍ਰਕਿਰਿਆ ਵਿਚ ਨਿਕਲਣ ਵਾਲੀਆਂ ਗਰਮ ਹਵਾਵਾਂ ਬਹੁਤ ਜ਼ਿਆਦਾ ਹਨ; ਸੰਸਾਰ ਵਿਚ ਅਰਬਾਂ ਟਨ ਸਾਲਾਨਾ ਗਰਮ ਧਾਤਾਂ ਦਾ ਨਿਕਾਸ ਦਾ ਕਾਰਨ ਸਿਰਫ਼ ਪਲਾਸਟਿਕ ਬਣਾਉਣ ਦੀਆਂ ਗਤੀਵਿਧੀਆਂ ਨੂੰ ਮੰਨਿਆ ਜਾਂਦਾ ਹੈ। ਜਦੋਂ ਇਹ ਪਲਾਸਟਿਕ ਤਿਆਰ ਕੀਤੇ ਜਾਂਦੇ ਹਨ ਅਤੇ ਵਰਤੇ ਜਾਂਦੇ ਹਨ, ਜਿਆਦਾਤਰ ਸਿੰਗਲ-ਯੂਜ਼ ਪਲਾਸਟਿਕ (ਲਗਭਗ 40 ਪ੍ਰਤੀਸ਼ਤ ਬਣਦੇ ਹਨ) ਦੇ ਰੂਪ ਵਿਚ ਇਹ ਇੱਕ ਹੋਰ ਵਿਨਾਸ਼ਕਾਰੀ ਪੜਾਅ ਵਿਚ ਦਾਖਲ ਹੁੰਦੇ ਹਨ। ਲੋਕ ਪਲਾਸਟਿਕ ਦੀ ਵਰਤੋਂ ਕਰਦੇ ਹਨ ਅਤੇ ਇਸਨੂੰ ਲੈਂਡਫਿਲ ਵਿਚ ਸੁੱਟ ਦਿੰਦੇ ਹਨ, ਉਨ੍ਹਾਂ ਨੂੰ ਸਾੜਦੇ ਹਨ ਅਤੇ ਕਦੇ-ਕਦਾਈਂ ਰੀਸਾਈਕਲ ਕਰਦੇ ਹਨ।

ਪਲਾਸਟਿਕ ਨੂੰ ਸਾੜਨ ਨਾਲ ਹਵਾ ਪ੍ਰਦੂਸ਼ਣ ਹੁੰਦਾ ਹੈ। ਜਲਣ ਵਾਲੇ ਖੇਤਰਾਂ ਦੇ ਨੇੜੇ ਰਹਿਣ ਵਾਲੇ ਲੋਕ ਸਾੜਨ ਵਿਚ ਪੈਦਾ ਹੋਣ ਵਾਲੇ ਸੈਂਕੜੇ ਨੁਕਸਾਨਦੇਹ ਪ੍ਰਦੂਸ਼ਕ ਸਾਹ ਲੈਂਦੇ ਹਨ। ਇਹ ਲੋਕ ਸਾਹ ਦੀਆਂ ਸਮੱਸਿਆਵਾਂ ਸਮੇਤ ਸਿਹਤ ਸਮੱਸਿਆਵਾਂ ਤੋਂ ਪੀੜਤ ਹੋ ਜਾਂਦੇ ਹਨ। ਇਸ ਤੱਥ ਦਾ ਵੀ ਜ਼ਿਕਰ ਕੀਤਾ ਜਾਣਾ ਚਾਹੀਦਾ ਹੈ ਕਿ ਸਾੜਨ ਵਾਲੀਆਂ ਥਾਵਾਂ ਆਮ ਤੌਰ 'ਤੇ ਉਨ੍ਹਾਂ ਖੇਤਰਾਂ ਦੇ ਨੇੜੇ ਹੁੰਦੀਆਂ ਹਨ, ਜਿੱਥੇ ਝੁੱਗੀਆਂ ਹੁੰਦੀਆਂ ਹਨ। ਜਿਹੜੇ ਲੋਕ ਪਹਿਲਾਂ ਹੀ ਗਰੀਬ ਹਨ ਅਤੇ ਵੱਡੇ-ਲੀਗ ਦੀਆਂ ਆਰਥਿਕ ਗਤੀਵਿਧੀਆਂ ਤੋਂ ਬਾਹਰ ਹਨ, ਉਹ ਬਹੁਤ ਸਾਰੀਆਂ ਬਿਮਾਰੀਆਂ ਦਾ ਸ਼ਿਕਾਰ ਹੋ ਜਾਂਦੇ ਹਨ ਅਤੇ ਬਹੁ-ਆਯਾਮੀ ਗਰੀਬੀ ਦੀ ਇੱਕ ਪਾਸ਼ ਵਿਚ ਡੂੰਘੇ ਡੁੱਬ ਜਾਂਦੇ ਹਨ।

ਪਲਾਸਟਿਕ, ਇੱਕ ਵਾਰ ਨਿਪਟਾਰੇ ਤੋਂ ਬਾਅਦ, ਛੋਟੇ ਟੁਕੜਿਆਂ ਵਿਚ ਟੁੱਟ ਜਾਂਦਾ ਹੈ, ਜਿਸਨੂੰ ਮਾਈਕ੍ਰੋਪਲਾਸਟਿਕ ਕਿਹਾ ਜਾਂਦਾ ਹੈ। ਇਹ ਦੁਨੀਆਂ ਭਰ ਵਿਚ ਹਵਾ ਅਤੇ ਪਾਣੀ ਦੁਆਰਾ ਲਿਜਾਏ ਜਾਂਦੇ ਹਨ, ਜਿਸ ਨਾਲ ਮਨੁੱਖੀ ਅਤੇ ਜਾਨਵਰਾਂ ਦੀ ਸਿਹਤ ਨੂੰ ਕਾਫ਼ੀ ਜ਼ੋਖ਼ਮ ਹੁੰਦਾ ਹੈ।

ਇਸ ਦੇ ਨਾਲ ਹੀ ਦਰੱਖ਼ਤਾਂ ਦੀ ਕਟਾਈ ਤੇ ਫੈਲ ਰਿਹਾ ਪਲਾਸਟਿਕ ਪ੍ਰਦੂਸਰਨ ਹੀ ਦੁਨੀਆਂ ਭਰ ਦੇ ਵਾਤਾਵਰਨ ਨੂੰ ਬਦਲ ਰਿਹਾ ਹੈ। ਜਿਸ ਕਾਰਨ ਗਰੀਨ ਹਾਊਸ ਗੈਸਾ ਵੱਧ ਚੁਕੀਆਂ ਹਨ, ਤੇ ਸਾਰੀ ਦੁਨੀਆਂ ਵਿਚ ਕਈ ਥਾਵਾਂ 'ਤੇ ਪਾਣੀ ਸੁਕਦਾ ਜਾ ਰਿਹਾ ਹੈ ਤੇ ਕਈ ਥਾਵਾਂ 'ਤੇ ਮੀਂਹ ਹਨੇਰੀ ਕਾਰਨ ਹੜ੍ਹਾਂ ਨੇ ਤਬਾਹੀ ਮਚਾਈ ਹੋਈ ਹੈ। ਬੀਤੇ ਦਿਨਾਂ ਤੋਂ ਭਾਰਤ ਵਿਚ ਪੈ ਰਹੇ ਮੀਂਹ ਤੇ ਜੋ ਨੁਕਸਾਨ ਹੋ ਰਿਹਾ ਹੈ, ਇਸ ਦਾ ਮਨੁੱਖ ਖੁਦ ਜ਼ਿੰਮੇਵਾਰ ਹੈ।

ਕੇਂਦਰੀ ਤੇ ਸੂਬਾਈ ਏਜੰਸੀਆਂ ਦਰਮਿਆਨ ਵਧਿਆ ਤਾਲਮੇਲ ਸਦਕਾ ਬੀਤੇ ਮਹੀਨੇ ਬਿਪਰਜੁਆਏ ਸਮੁੰਦਰੀ ਵਾਵਰੋਲਾ ਬਹੁਤਾ ਨੁਕਸਾਨ ਕੀਤੇ ਬਿਨਾਂ ਲੰਘ ਗਿਆ ਸੀ। ਪਰ ਹੜ੍ਹਾਂ ਤੋਂ ਬਚਨ ਲਈ ਹਾਲੇ ਕੁਝ ਉਪਾਅ ਨਹੀਂ ਲੱਭ ਪਾਈ ਸਾਇੰਸ, ਜਿਸ ਨਾਲ ਹੜ੍ਹਾਂ ਤੇ ਹੋਰ ਖ਼ਤਰਨਾਕ ਮੌਸਮੀ ਹਾਲਾਤ ਨਾਲ ਸਿੱਝਣ ਤੇ ਉਨ੍ਹਾਂ ਦੀ ਮਾਰ ਘਟਾਉਣ ਲਈ ਕੋਈ ਜੰਤਰ ਲਗਾਇਆਂ ਗਏ, ਕਿਉਂਕਿ ਅਜਿਹੀਆਂ ਆਫ਼ਤਾਂ ਦੀ ਸ਼ਿੱਦਤ ਤੇ ਇਨ੍ਹਾਂ ਦੇ ਆਉਣ ਦਾ ਸਿਲਸਿਲਾ ਸਾਰੀ ਦੁਨੀਆਂ ਵਿਚ ਲਗਾਤਾਰ ਵਧ ਰਿਹਾ ਹੈ। ਆਫ਼ਤ ਪ੍ਰਬੰਧਨ ਸਰਕਾਰਾਂ ਦੀ ਤਰਜੀਹ ਹੋਣੀ ਚਾਹੀਦੀ ਹੈ।

ਪਰ ਇਹ ਸਰਕਾਰਾਂ ਜਦੋਂ ਹੜ੍ਹ ਆਉਂਦੇ ਹਨ, ਫਿਰ ਸਰਕਾਰੀ ਗੱਡੀਆਂ ਨੂੰ ਭਜਾ-ਭਜਾ ਕਿਚੜ ਨਾਲ ਤੇ ਪਾੜੇ ਨਾਲ ਭਰਿਆ ਸੜਕਾ ਦੀ ਹੋਰ ਲੱਸੀ ਬਣਾ ਦਿੰਦੇ ਹਨ। ਜਦ ਤੱਕ ਪਾਣੀ ਆਪਣਾ ਕੰਮ ਕਰ ਚੁੱਕਾ ਹੁੰਦਾ ਹੈ। ਕਈ ਲੋਕਾਂ ਨੂੰ ਘਰੋਂ ਬੇਘਰ ਬੱਚਿਆਂ ਨੂੰ ਅਨਾਥ ਕਰ ਚੁੱਕਾ ਹੁੰਦਾ ਹੈ। ਘਰ-ਵਰ, ਵਿਦਿਆਂ ਵਿਚਾਰੀ ਵਾਲੇ ਸਕੂਲ-ਕਾਲਜ ਸਭ ਢਹਿ-ਢੇਰੀ ਹੋ ਚੁੱਕੇ ਹੁੰਦੇ ਹਨ। ਲੋਕ ਸੜਕਾਂ 'ਤੇ ਜਾਂ ਕਿਸੇ ਉਚੀ ਸੁਰੱਖਿਅਤ ਥਾਂ 'ਤੇ ਜਾਨ ਬਚਾਉਂਦੇ ਹੋਏ ਹੱਥ ਮਾਰ ਰਹੇ ਹੁੰਦੇ ਹਨ। ਖਾਣੇ ਲਈ ਤੇ ਆਪਣਾ ਤੇ ਆਪਣੇ ਬੱਚਿਆਂ ਦਾ ਤਨ ਢਕਣ ਲਈ ਚਿੰਤਤ ਹੋਏ ਇੱਧਰ-ਉੱਧਰ ਆਸਰਾ ਭਾਲਦੇ ਰੱਬ ਨੂੰ ਕੋਸਦੇ ਤੇ ਲਲਚਾਈਆਂ ਨਜ਼ਰਾਂ ਨਾਲ ਲੋਕਾਂ ਦੇ ਹੱਥਾਂ ਵੱਲ ਵੇਖਣ ਲਈ ਮਜਬੂਰ ਹੋ ਜਾਂਦੇ ਹਨ। ਪਰ ਇਹ ਲੀਡਰ ਜਗ੍ਹਾ-ਜਗ੍ਹਾ ਹੈਲੀਕੈਪਟਰਾਂ 'ਚ ਘੁੰਮਦੇ, ਫੋਟੋਆਂ ਨਾਲ ਸੁਰਖ਼ੀਆਂ ਬਟੋਰ ਰਹੇ ਹੁੰਦੇ ਹਨ।

ਪਰ ਕੌੜਾਂ ਸੱਚ ਇਹ ਵੀ ਹੈ ਕਿ ਇਨਸਾਨ ਖੁਦ ਵੀ ਇਸ ਦਾ ਜ਼ਿੰਮੇਵਾਰ ਹੈ, ਕਿਉਂਕਿ ਦਰਖ਼ਤਾਂ ਨੂੰ ਕੱਟ-ਕੱਟ ਕੇ ਜਿਥੇ ਦਿਲ ਕੀਤਾ ਖ਼ਾਦਾ ਪੀਤਾ, ਤੇ ਕਚਰਾ, ਗੰਦਗੀ ਫੈਲਾ ਦਿੱਤੀ। ਅਸੀਂ 'ਆ ਬੈਲ ਮੁਝੇ ਮਾਰ' ਵਾਲੀਆਂ ਹਰਕਤਾਂ ਨੂੰ ਸੱਦਾ ਤਾਂ ਖੁਦ ਦਿੰਦੇ ਹਾਂ।

ਇਹ ਪ੍ਰਬੰਧ ਕਿਸੇ ਆਫ਼ਤ ਦੇ ਆਉਣ 'ਤੇ ਹੀ ਨਜਿੱਠੇ ਜਾਣ ਵਾਲੀ ਪਹੁੰਚ 'ਤੇ ਆਧਾਰਿਤ ਨਹੀਂ ਰਹਿਣੇ ਚਾਹੀਦੇ, ਬਲਕਿ ਇਹ ਸਭ ਤਿਆਰ ਹੋਣੇ ਚਾਹੀਦੇ ਹਨ। ਇਸ ਦੇ ਨਾਲ ਹੀ ਸੂਬਿਆਂ ਨੂੰ ਆਪਣੇ ਕਰਮਚਾਰੀਆਂ ਨੂੰ ਉਚਿਤ ਸਿਖਲਾਈ ਦੇਣ ਅਤੇ ਜ਼ਰੂਰੀ ਮਸ਼ੀਨਰੀ ਮੁਹੱਈਆ ਕਰਵਾਉਣ ਦੇ ਪ੍ਰਬੰਧ ਵੀ ਕਰਨੇ ਚਾਹੀਦੇ ਹਨ। ਸਿਰਫ਼ ਆਫ਼ਤ ਆਉਣ 'ਤੇ ਹੀ ਨਜਿੱਠਣ ਵਾਲੀ ਪਹੁੰਚ ਅਜਿਹੀਆਂ ਆਫ਼ਤਾਂ ਤੋਂ ਕੋਈ ਸੁਰੱਖਿਆ ਮੁਹੱਈਆ ਨਹੀਂ ਕਰਵਾ ਸਕਦੀ।

ਪਲਾਸਟਿਕ ਪ੍ਰਦੂਸ਼ਣ ਇੱਕ ਗੰਭੀਰ ਚਿੰਤਾ ਹੈ। ਇਹ ਹਰ ਪਾਸੇ ਜੀਵਨ ਨੂੰ ਪ੍ਰਭਾਵਿਤ ਕਰਦਾ ਹੈ। ਬਹੁਤ ਜਲਦ ਕੁਝ ਕਰਨ ਦੀ ਲੋੜ ਹੈ, ਸਰਕਾਰਾਂ ਅਤੇ ਜਨਤਾ ਨੂੰ ਮਿਲਕੇ ਕੰਮ ਕਰਨਾ ਚਾਹਿੰਦਾ ਹੈ ਅਤੇ ਕੁਝ ਠੋਸ ਕਦਮ ਚੁੱਕਣੇ ਚਾਹੀਦੇ ਹਨ। ਨਹੀਂ ਤਾਂ ਜੋ ਭਾਰਤ ਅਤੇ ਹੋਰ ਕਈ ਦੇਸ਼ਾਂ ਵਿਚ ਮੀਂਹ ਕਾਰਨ ਤਬਾਹੀ ਹੋਈ ਹੈ, ਇਕ ਵਾਰ ਨਹੀਂ ਬਲਕਿ ਵਾਰ-ਵਾਰ ਘਾਤਕ ਹੋ ਸਕਦੀ ਹੈ ਤੇ ਅਰਬਾਂ ਰੁਪਿਆਂ ਦਾ ਨੁਕਸਾਨ ਕਰ ਸਕਦੀ ਹੈ।




Editorial Board

Chief Editor
Gurjatinder Singh Randhawa

Sub Editors
Sandeep Kumar
Amit Saini

Distributor
Jai Singh

Website
Nikhil

Punjab Mail USA
9883 Novara Way,
Elk Grove, CA 95757
Ph: 916-320-9444
Fax : 916-209-8726
Email : punjabmailusa@yahoo.com
web : www.punjabmailusa.com

Punjab Mail USA News Paper and Staff Associated with. it are not responsible for any claims made by the advertisers and do not endorse any product or advertised in the Punjab Mail. All concerns are advised to Consult the Attorney at Law. All Disputes to Sacramento Jurisdiction.
ਲੇਖਕ ਦੇ ਵਿਚਾਰਾਂ ਨਾਲ ਪੰਜਾਬ ਮੇਲ ਦੇ ਸੰਪਾਦਕ ਅਤੇ ਇਸ ਦੇ ਸਟਾਫ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# ਪੰਜਾਬ ਵਸਦਾ ਗੁਰਾਂ ਦੇ ਨਾਮ ਤੇ

ਗੁਰਪ੍ਰੀਤ ਸਿੰਘ ਵਿੱਕੀ
ਫਤਿਹਗੜ੍ਹ ਸਾਹਿਬ
ਮੋਬ: 82848-88700
(Punjab Mail USA)






ਸਿੱਖ ਕੌਮ ਸਰਬੱਤ ਦਾ ਭਲਾ ਮੰਗਣ ਵਾਲਿਆਂ ਦੀ ਕੌਮ ਹੈ। ਪੰਜਾਬੀ ਸ਼ੁਰੂ ਤੋਂ ਹੀ ਹਰ ਮੁਸੀਬਤਾਂ ਦਾ ਮੁਕਾਬਲਾ ਕਰਦੇ ਰਹੇ ਹਨ। ਕਦੇ ਇਨ੍ਹਾਂ ਦੇ ਸਿਰਾਂ ਦੇ ਮੁੱਲ ਪਏ ਰਹੇ ਹਨ, ਕਦੇ ਝੂਠੇ ਪੁਲਿਸ ਮਕਾਬਲੇ ਬਣਾ ਕੇ, ਕਦੇ ਇਨ੍ਹਾਂ ਦੇ ਗਲ਼ਾਂ ਵਿਚ ਬਲਦੇ ਟਾਇਰ ਪਾ ਕੇ ਸਮੇਂ ਦੀਆਂ ਸਰਕਾਰਾਂ ਨੇ ਇਨ੍ਹਾਂ ਨੂੰ ਖਤਮ ਕਰਨ ਬਾਰੇ ਸੋਚਿਆ ਹੈ। ਇਸ ਕੌਮ ਨੇ ਹਰ ਮੁਸ਼ਕਿਲ ਦਾ ਡੱਟ ਕੇ ਸਾਹਮਣਾ ਕੀਤਾ ਹੈ। ਇਹ ਕੌਮ ਦੁਨੀਆਂ ਵਿਚ ਹਰ ਕੋਨੇ ਵਿਚ ਮਾਨਵਤਾ ਦੀ ਮਦਦ ਕਰਨ ਲਈ ਪਹੁੰਚਦੀ ਰਹੀ ਹੈ। ਇਹ ਅਲੱਗ ਗੱਲ ਹੈ ਕਿ ਹੁਣ ਜਦ ਇਸ ਕੌਮ 'ਤੇ ਮੁਸ਼ਕਿਲ ਆਈ ਹੈ, ਤਾਂ ਦੇਸ਼ ਦੇ ਬਾਕੀ ਸੂਬਿਆਂ ਵਿਚੋਂ ਬਹੁਤ ਘੱਟ ਮਦਦ ਵਾਲੇ ਹੱਥ ਇਨ੍ਹਾਂ ਕੋਲ ਪਹੁੰਚੇ ਹਨ।

ਪੰਜਾਬ ਦੇ ਨੌਜਵਾਨਾਂ ਨੂੰ ਨਸ਼ਈ ਹੋਣ ਦਾ ਮਹਿਣਾ ਦੇ ਕੇ ਮੀਡੀਆ ਵਿਚ ਭੰਡਿਆ ਜਾ ਰਿਹਾ ਹੈ। ਮੰਨਿਆ ਕਿ ਕੁਝ ਨੌਜਵਾਨ ਗਲਤ ਰਸਤੇ 'ਤੇ ਜਾ ਪਏ ਹਨ, ਜ਼ਿਆਦਾਤਰ ਸਿੱਖੀ ਤੋਂ ਭਟਕ ਵੀ ਚੁੱਕੇ ਹਨ। ਫਿਰ ਵੀ ਇਹ ਨੌਜਵਾਨ ਹੀ ਹਨ, ਜੋ ਅੱਜ ਪੰਜਾਬ ਦੇ ਹੜ੍ਹਾਂ ਨਾਲ ਪੀੜਤ ਪਿੰਡਾਂ ਵਿਚ ਜਾ ਕੇ ਆਪਣੀ ਜਾਨ ਨੂੰ ਜ਼ੋਖਮ ਵਿਚ ਪਾ ਕੇ ਹਰ ਧਰਮ, ਜਾਤ ਦੇ ਲੋਕਾਂ ਨੂੰ ਲੰਗਰ ਅਤੇ ਹੋਰ ਜ਼ਰੂਰੀ ਵਸਤਾਂ ਵੰਡ ਰਹੇ ਹਨ। ਸੋਸ਼ਲ ਮੀਡਿਆ 'ਤੇ ਇੱਕ ਵੀਡੀਓ ਵੇਖੀ, ਜਿਸ ਵਿਚ ਨੌਜਵਾਨ ਜੋ ਗਲ਼ ਤੱਕ ਪਾਣੀ ਵਿਚ ਡੁੱਬੇ ਹੋਏ ਹਨ, ਪਰ ਉਨ੍ਹਾਂ ਨੇ ਫਿਰ ਵੀ ਆਪਣੇ ਮੋਢਿਆਂ 'ਤੇ ਸਬਜ਼ੀ ਦੀਆਂ ਬਾਲਟੀਆਂ, ਸਿਰ 'ਤੇ ਰੋਟੀ ਵਾਲੇ ਟੋਕਰੇ ਅਤੇ ਹੋਰ ਜ਼ਰੂਰਤ ਦਾ ਸਮਾਨ ਰੱਖਿਆ ਹੋਇਆ ਹੈ, ਉਹ ਪਾਣੀ ਵਿਚ ਘਿਰੇ ਲੋਕਾਂ ਦੇ ਘਰ-ਘਰ ਜਾ ਕੇ ਲੰਗਰ ਵਰਤਾ ਰਹੇ ਹਨ। ਇੱਕ ਹੋਰ ਵੀਡਿਓ ਵਿਚ ਨੌਜਵਾਨ ਰਾਤ ਨੂੰ ਟਰੈਕਟਰਾਂ ਦੀਆਂ ਲਾਇਟਾਂ ਬਾਲ ਕੇ ਲੋਕਾਂ ਦੇ ਭੁੱਖੇ, ਪਿਆਸੇ ਬੇਜ਼ੁਬਾਨ ਡੰਗਰਾਂ ਲਈ ਚਾਰਾ ਤਿਆਰ ਕਰ ਰਹੇ ਹਨ ਅਤੇ ਹੜ੍ਹ ਪੀੜਤਾਂ ਤੱਕ ਪੁੱਜਦਾ ਵੀ ਕਰ ਰਹੇ ਸਨ। ਕਈ ਨੌਜਵਾਨ ਇਨ੍ਹਾਂ ਪਿੰਡਾਂ ਵਿਚ ਮੁਫਤ ਵਿਚ ਡਾਕਟਰੀ ਮਦਦ ਵੀ ਪੁੱਜਦੀ ਕਰ ਰਹੇ ਹਨ। ਇਸ ਮੁਸ਼ਕਿਲ ਘੜੀ ਵਿਚ ਪੰਜਾਬ ਵਿਚ ਮਾਨਵਤਾ ਦੇ ਸੇਵਾਦਾਰਾਂ ਨੇ ਇਨਸਾਨ ਤਾਂ ਕੀ ਕੋਈ ਜਾਨਵਰ ਵੀ ਭੁੱਖੇ ਢਿੱਡ ਸੌਣ ਨਹੀਂ ਦਿੱਤਾ ਗਿਆ ਹੈ। ਇਸ ਤੋਂ ਵੱਡੀ ਕੋਈ ਮਾਨਵਤਾ ਦੀ ਸੇਵਾ ਹੋ ਨਹੀਂ ਸਕਦੀ। ਅਕਸਰ ਪਿੰਡਾਂ ਵਾਲਿਆਂ ਨੂੰ ਸ਼ਹਿਰੀ ਲੋਕ ਨੀਵਾਂ ਸਮਝਦੇ ਹਨ, ਉਨ੍ਹਾਂ ਨੂੰ ਅਨਪੜ੍ਹ, ਪੇਂਡੂ ਕਹਿ ਕੇ ਸੰਬੋਧਨ ਕਰਦੇ ਹਨ, ਪਰ ਜਦੋਂ ਹੁਣ ਸ਼ਹਿਰਾਂ ਵਿਚ ਹੜ੍ਹ ਦੇ ਪਾਣੀ ਨੇ ਕਹਿਰ ਢਾਹਿਆ ਹੈ, ਇਨ੍ਹਾਂ ਪਿੰਡਾਂ ਵਾਲਿਆਂ ਨੇ ਆਪਣੇ ਸਾਰੇ ਕੰਮ-ਧੰਦੇ ਛੱਡ ਕੇ ਸ਼ਹਿਰੀਆਂ ਦੀ ਜਾਨ ਬਚਾਈ ਹੈ। ਇਨ੍ਹਾਂ ਦੇ ਟਰੈਕਟਰ ਹਰ ਸ਼ਹਿਰ ਵਿਚ ਲੰਗਰ ਪਾਣੀ ਪਹੁੰਚਾ ਰਹੇ ਹਨ। ਜੋ ਹੋਰਾਂ ਲਈ ਆਪਣਾ ਸਭ ਕੁੱਝ ਦਾਅ 'ਤੇ ਲਾ ਕੇ ਭਾਈ ਘਨ੍ਹੱਈਆ ਜੀ ਵਾਂਗੂੰ ਨਿਰਸੁਆਰਥ ਸੇਵਾ ਕਰ ਰਹੇ ਹਨ। ਮੈਨੂੰ ਇਹ ਸਾਰੇ ਨੌਜਵਾਨ ਕਿਸੇ ਰੱਬੀ ਰੂਪ ਨਾਲੋਂ ਘੱਟ ਨਹੀਂ ਜਾਪ ਰਹੇ ਸਨ। ਇਨ੍ਹਾਂ ਨੌਜਵਾਨਾਂ ਦੀ ਸੇਵਾ ਅੱਜ ਪੰਜਾਬ 'ਤੇ ਲੱਗੇ ਨੱਸ਼ੇ ਵਾਲੇ ਦਾਗ ਨੂੰ ਧੋ ਰਹੀ ਹੈ।

ਕੁੱਝ ਟਾਇਮ ਪਹਿਲਾਂ ਅਖ਼ਬਾਰਾਂ ਵਿਚ ਕਿਸਾਨ ਖੁਦਕੁਸ਼ੀਆਂ ਦੀ ਖਬਰ ਛਪ ਰਹੀਆਂ ਸਨ, ਭਾਵੇਂ ਸਾਡੇ ਕਿਸਾਨਾਂ ਨੂੰ ਬਹੁਤ ਮੁਸ਼ਕਿਲ ਜ਼ਿੰਦਗੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਪਰ ਇੱਥੇ ਇਹ ਵੀ ਦੱਸਣਾ ਬਣਦਾ ਹੈ ਕਿ ਇਨ੍ਹਾਂ ਹੀ ਕਿਸਾਨਾਂ ਨੇ ਅੱਜ ਕਿਸੇ ਵੀ ਹੜ੍ਹਾਂ ਦੀ ਮਾਰ ਝੱਲ ਰਹੇ ਪਰਿਵਾਰ ਨੂੰ ਭੁੱਖਾ ਨਹੀਂ ਸੌਣ ਦਿੱਤਾ ਹੈ, ਗਰੀਬ ਤੋਂ ਗਰੀਬ ਇਨਸਾਨ ਵੀ ਆਪਣੀ ਹੈਸੀਅਤ ਅਨੁਸਾਰ ਹੜ੍ਹ ਪੀੜਤਾਂ ਦੇ ਨਾਲ ਖੜ੍ਹਾ ਹੈ, ਇੱਕ ਵੀਡੀਓ ਸੋਸ਼ਲ ਮੀਡੀਆ 'ਤੇ ਵੇਖ ਕੇ ਅੱਖਾਂ ਵਿਚੋਂ ਪਾਣੀ ਭਰ ਆਇਆ ਕਿ ਕਿਸੇ ਪਿੰਡ ਵਿਚ ਹੜ੍ਹ ਪੀੜਤਾਂ ਲਈ ਰਸਦ ਇਕੱਠੀ ਕੀਤੀ ਜਾ ਰਹੀ ਸੀ, ਤਾਂ ਉਸ ਪਿੰਡ ਦੇ ਗਰੀਬ ਤੋਂ ਗਰੀਬ ਲੋਕ ਵੀ ਆਪਣੀ ਹੈਸੀਅਤ ਅਨੁਸਾਰ ਦਾਨ ਕਰ ਰਹੇ ਸਨ, ਇੱਕ ਔਰਤ ਜੋ ਬਹੁਤ ਜ਼ਿਆਦਾ ਗਰੀਬ ਲੱਗ ਰਹੀ ਸੀ, ਉਹ ਵੀ ਵਿਚਾਰੀ ਕੁਝ ਦਾਣੇ ਦਾਨ ਕਰਕੇ ਜਾ ਰਹੀ ਸੀ ਅਤੇ ਕਹਿ ਰਹੀ ਸੀ "ਬਾਬੇ ਨਾਨਕ ਦੇ ਲੰਗਰ ਵਿਚ ਉਸਦਾ ਵੀ ਹਿੱਸਾ ਪਾ ਦਿਉ"। ਇਸ ਤਰ੍ਹਾਂ ਦੀਆਂ ਮਹਾਨ ਰੂਹਾਂ ਸਿਰਫ ਪੰਜਾਬ ਵਿਚ ਹੀ ਮਿਲ ਸਕਦੀਆਂ ਹਨ। ਅਖ਼ਬਾਰਾਂ ਵਿਚ ਖ਼ਬਰਾਂ ਲੱਗ ਰਹੀਆਂ ਹਨ ਕਿ ਲੋਕਾਂ ਦੀ ਹੈਲਪ ਕਰਨ ਲਈ ਇੰਨੀ ਵੱਡੀ ਗਿਣਤੀ ਵਿਚ ਲੋਕ ਪਹੁੰਚ ਰਹੇ ਹਨ ਕਿ ਉਨ੍ਹਾਂ ਪਿੰਡਾਂ ਨੂੰ ਜਾਣ ਵਾਲੇ ਰਸਤਿਆਂ 'ਤੇ ਵੀ ਕਾਰ ਜਾਂ ਟਰੈਕਟਰ ਖੜ੍ਹਾਉਣ ਲਈ ਥਾਂ ਨਹੀਂ ਮਿਲ ਰਹੀ ਹੈ। ਦੂਜੇ ਪਾਸੇ ਪੰਜਾਬ ਤੋਂ ਬਾਹਰ ਇਸ ਆਫਤ ਵਿਚ ਫਸੇ ਸੈਲਾਨੀਆਂ ਨੂੰ ਹਿਮਾਚਲੀਆਂ ਵੱਲੋਂ ਲੁੱਟਿਆ ਜਾ ਰਿਹਾ ਹੈ, ਪਾਣੀ ਦੀ ਬੋਤਲ ਹਜ਼ਾਰ ਰੁਪਏ ਤੱਕ ਵੇਚੀ ਜਾ ਰਹੀ ਹੈ, ਪਰ ਪੰਜਾਬ ਦੀ ਧਰਤੀ 'ਤੇ ਬਿਨਾਂ ਜਾਤ-ਪਾਤ ਜਾਂ ਧਰਮ ਪੁੱਛੇ, ਹਰ ਕਿਸੇ ਦੀ ਨਿਸ਼ਕਾਮ ਸੇਵਾ ਕੀਤੀ ਜਾ ਰਹੀ ਹੈ।

ਕੁਝ ਸਾਲ ਪਹਿਲਾ ਜਦੋਂ ਨੋਟਬੰਦੀ ਦੇ ਕਾਰਨ ਪੈਸੇ ਦੀ ਕਮੀ ਹੋਣ ਕਾਰਨ ਸਾਰੇ ਦੇਸ਼ ਦਾ ਬੁਰਾ ਹਾਲ ਹੋਇਆ ਪਿਆ ਸੀ, ਤਾਂ ਵੀ ਦਸੰਬਰ ਵਿਚ ਗੁਰੂ ਗੋਬਿੰਦ ਸਿੰਘ ਦੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਦੀ ਯਾਦ ਵਿਚ ਲੱਗੇ ਹੋਏ ਇਨ੍ਹਾਂ ਸੈਂਕੜੇ ਲੰਗਰਾਂ ਤੇ ਪੈਸੇ ਦੀ ਪ੍ਰਵਾਹ ਕੀਤੇ ਬਿਨਾਂ ਹਰ ਰੋਜ਼ ਲੱਖਾਂ ਸੰਗਤਾਂ ਨੂੰ ਰੋਜ਼ ਲੰਗਰ ਛਕਾਇਆ ਜਾ ਰਿਹਾ ਸੀ। ਇੱਥੇ ਮਹਿਸੂਸ ਹੀ ਨਹੀਂ ਹੋ ਰਿਹਾ ਸੀ ਕਿ ਪੰਜਾਬ ਵਿਚ ਕੋਈ ਨੋਟਬੰਦੀ ਦੀ ਸਮੱਸਿਆ ਹੈ। ਦਿੱਲੀ ਕਿਸਾਨ ਅੰਦੋਲਨ ਵੇਲੇ ਵੀ ਪੰਜਾਬੀਆਂ ਨੇ ਉੱਥੇ ਬੈਠੇ ਕਿਸਾਨਾਂ ਜਾਂ ਦਿੱਲੀ ਦੀਆਂ ਗਰੀਬ ਬਸਤੀਆਂ 'ਚ ਰਹਿਣ ਵਾਲਿਆਂ ਨੂੰ ਕਦੇ ਕਿਸੇ ਚੀਜ਼ ਦੀ ਤੋਟ ਨਹੀਂ ਆਉਣ ਦਿੱਤੀ ਸੀ।

ਅੰਤ ਵਿਚ ਇਹ ਕਹਿਣਾ ਠੀਕ ਰਹੇਗਾ ਕਿ ਸਿੱਖ ਕੌਮ ਵਿਚ ਚਾਹੇ ਸਮੇਂ ਦੇ ਨਾਲ ਕੁਝ ਗਿਰਾਵਟ ਆਈ ਹੈ, ਪਰ ਪੰਜਾਬੀ ਆਪਣੇ ਗੁਰੂਆਂ ਦੇ ਸਿਧਾਂਤਾਂ ਨੂੰ ਨਹੀਂ ਭੁੱਲੇ ਹਨ, ਅੱਜ ਵੀ ਇਸ ਕੌਮ ਵਿਚ ਅਣਖ ਬਾਕੀ ਹੈ। ਇਨ੍ਹਾਂ ਦੇ ਗੁਰੂ ਨੇ ਇਨ੍ਹਾਂ ਨੂੰ ਹਰ ਮੁਸ਼ਕਿਲ ਸਮੇਂ ਵਿਚ ਰਹਿਣਾ ਅਤੇ ਇੱਕ ਦੂਜੇ ਦੀ ਮਦਦ ਕਰਨ ਦਾ ਸਬਕ ਸਿਖਾਇਆ ਹੋਇਆ ਹੈ। ਇਸ ਲਈ ਇਨ੍ਹਾਂ ਨੂੰ ਕਿਸੇ ਦੇ ਸਹਾਰੇ ਦੀ ਲੋੜ ਨਹੀਂ ਹੈ। ਇਸ ਦੇ ਕੁੱਝ ਨੌਜਵਾਨ ਭਟਕ ਗਏ ਹਨ, ਜਿਨ੍ਹਾਂ ਦੇ ਜਲਦ ਹੀ ਮੁੜਨ ਦੀ ਆਸ ਹੈ। ਕੁਦਰਤ ਅਤੇ ਸਰਕਾਰਾਂ ਜਿੰਨੀਆਂ ਮਰਜ਼ੀ ਕੋਸ਼ਿਸ਼ਾਂ ਕਰ ਲੈਣ, ਇਹ ਪੰਜਾਬ ਕਦੇ ਵੀ ਖਤਮ ਨਹੀਂ ਹੋ ਸਕਦਾ।

# ਜ਼ਿੰਦਗੀ ਦਾ ਹਰ ਪਲ ਹੀ ਖੂਬਸੂਰਤ ਹੁੰਦਾ ਹੈ

ਅਮਰਜੀਤ ਟਾਂਡਾ
ਸਿਡਨੀ (ਆਸਟ੍ਰੇਲੀਆ)
(Punjab Mail USA)





ਸੁੰਦਰਤਾ ਮਨ ਦੀ ਹੀ ਅਵਸਥਾ ਹੁੰਦੀ ਹੈ। ਰੂਹ ਦਾ ਤਜ਼ਰਬਾ, ਮਨ ਦੀ ਟਰੇਨਿੰਗ ਹੁੰਦੀ ਹੈ ਖੂਬਸੂਰਤੀ।

ਜ਼ਿੰਦਗੀ ਵਿਚ ਖੂਬਸੂਰਤੀ ਬਿਨ ਦੂਰੀਆਂ ਬਣੀਆਂ ਰਹਿਣਗੀਆਂ। ਭੇਦਭਾਵ ਨਹੀਂ ਮਿਟਣਗੇ। ਕਸ਼ਿਸ਼ ਨਹੀਂ ਪੈਦਾ ਹੋਵੇਗੀ।

ਕਿਉਂਕਿ ਸੁੰਦਰਤਾ ਦੀ ਜਗ੍ਹਾ ਨਫ਼ਰਤ ਆ ਵਸੀ ਹੈ ਸੋਚ ਵਿਚ।

ਅਮੀਰੀਅਤ ਵਿਚ ਇਹ ਆਮ ਦੇਖਿਆ ਗਿਆ ਹੈ। ਇਕ ਵੱਕਰ ਵਿਚਾਰੇ ਨੇ ਕਿਸੇ ਨਾਲ ਕੀ ਘਿਰਣਾ ਕਰਨੀ ਹੈ। ਜ਼ਰੂਰਤ ਦੌਲਤ ਦੀ ਨਹੀਂ ਹੁੰਦੀ, ਆਪਣੀ ਸੋਚ ਪੱਧਰ ਉਚੀ ਲਿਜਾਣ ਦੀ ਹੁੰਦੀ ਹੈ। ਪਸੰਦ ਉੱਚੀ ਕਰ ਲਵੋ, ਤੁਹਾਨੂੰ ਆਪਣੀ ਪਸੰਦ ਤੇ ਪੱਧਰ ਅਨੁਸਾਰ ਚੀਜ਼ਾਂ ਮਿਲਦੀਆਂ ਰਹਿਣਗੀਆਂ।

ਕਿਸੇ ਸ਼ੌਕ ਨੂੰ ਪਾਲਣਾ ਹੁੰਦਾ ਹੈ। ਆਪਣੀ ਸੋਚ ਸਮਝ ਪੱਧਰ ਨੂੰ ਉੱਚੀ ਕਰਨ ਲਈ।

ਹਰ ਸ਼ੌਕ ਸਾਡੀ ਚਾਹਤ ਮਨ ਨੂੰ ਸਿਖਾਉਂਦਾ ਹੈ। ਇਸੇ ਹੀ ਮਾਰਗ 'ਚੋਂ ਉਸ ਪੱਧਰ ਉਸਦੀ ਅਨੁਪਾਤ, ਇਕਸੁਰਤਾ ਤੇ ਇਕਸਾਰਤਾ ਦਾ ਪਤਾ ਲੱਗਦਾ ਹੈ। ਉਸ ਬਾਰੇ ਗਿਆਨ ਹੁੰਦਾ ਹੈ।

ਹਰ ਸ਼ੌਕ ਹਰੇਕ ਦੀ ਜ਼ਹਿਨੀਅਤ ਸ਼ਖਸੀਅਤ ਵਿਚ ਠਹਿਰਾਓ, ਟਿਕਾਅ ਉਤਪੰਨ ਕਰਦਾ ਹੈ। ਰੂਹ ਵਿਚ ਅਮਨ, ਸ਼ਾਂਤੀ, ਸਕੂਨ ਉਗਮੇਗਾ, ਮਨ ਦੀ ਭਟਕਣ ਮਰੇਗੀ। ਹੋਰ ਸਖ਼ਤ ਮਿਹਨਤ ਕਰਨ ਦੇ ਉਪਰਾਲੇ ਕਰੋਗੇ ਕਿਉਂਕਿ ਉਤਸ਼ਾਹ ਪੈਦਾ ਹੋ ਗਿਆ ਹੈ।

ਸਦਾ ਸ਼ੌਕ ਪਾਲਦੇ ਹੀ ਸੁੰਦਰ ਵਿਅਕਤੀ ਹਨ। ਉਹ ਬੰਦੇ ਸੋਹਣੇ ਨਹੀਂ ਹੁੰਦੇ, ਜੋ ਸ਼ੌਕ ਪਾਲਣ ਜਾਂ ਸ਼ੌਕ ਰੱਖਣ ਮਨ ਵਿਚ।

ਸੁੰਦਰ ਬੰਦਿਆਂ ਦਾ ਹੀ ਲੋਕ ਰਾਗ ਅਲਾਪਦੇ ਹਨ, ਉਨ੍ਹਾਂ ਦੀ ਹੀ ਹਰ ਸ਼ਾਮ ਸ਼ਹਿਨਾਈ ਵੱਜਦੀ ਹੈ। ਉਨ੍ਹਾਂ ਦੀ ਹੀ ਫਿਰ ਖੂਬਸੂਰਤੀ, ਸ਼ੌਕ ਬਹੁਤੇ ਲੋਕਾਂ ਵਿਚ ਘੜਕਦੇ ਹਨ।

ਦਿਨ ਦਿਹਾੜੇ ਵੀ ਤੁਹਾਨੂੰ ਹਨੇਰਾ ਜਾਪੇਗਾ। ਜਦ ਤੱਕ ਸਾਡੇ ਦਿਮਾਗ ਵਿਚ ਚਾਨਣ ਨਹੀਂ ਆਵੇਗਾ। ਸਦਾ ਅਮੀਰੀ, ਉੱਚੀ-ਸੁੱਚੀ ਸੂਹਜ, ਲੋਅ ਨਾਲ ਆਉਂਦਾ ਹੈ। ਜੀਵਨ ਦੇ ਸੂਹਜ ਨਾਲ ਅਮੀਰੀ ਕਦੇ ਨਹੀਂ ਬੂਹੇ ਖੜਕਾਉਂਦੀ।

ਹਰ ਪਿਆਰੀ ਸੁੰਦਰ ਰੂਹ, ਆਪਣੀ ਅਮੀਰੀ ਦੇ ਜ਼ੋਰ ਨਾਲ ਵਧੇਰੇ ਖੂਬਸੂਰਤ ਲੱਗਦੀ ਹੈ। ਉਹਦੀ ਖੂਬਸੂਰਤੀ ਹੀ ਉਸ ਦਾ ਪੱਕਾ ਪ੍ਰਮਾਣ ਹੁੰਦੀ ਹੈ।

ਸਦਾ ਪ੍ਰਸਿੱਧ ਲੋਕ ਹੀ ਮਹਾਨ ਤੇ ਖੂਬਸੂਰਤ ਹੋਣਗੇ। ਕਦੇ ਇਕੱਲੀ ਖੂਬਸੂਰਤੀ ਮਹਾਨਤਾ 'ਚ ਨਹੀਂ ਪਛਾਣੀ ਜਾਵੇਗੀ।

ਤੇ ਹਾਂ ਬਹੁਤ ਸਾਰੇ ਬੰਦੇ ਸੁੰਦਰਤਾ ਨੂੰ ਹੀ ਲੱਭਦੇ-ਲੱਭਦੇ ਟੁਰ ਜਾਂਦੇ ਹਨ। ਝੂਠੀਆਂ ਖੂਬਸੂਰਤਾਂ ਬਾਰੇ ਅਫਵਾਹਾਂ ਤਾਂ ਫੈਲਦੀਆਂ ਹਨ। ਪਰ ਉਨ੍ਹਾਂ ਵਿਚ ਕਦੇ ਕੋਈ ਸੱਚਾਈ ਨਹੀਂ ਹੁੰਦੀ।

ਸੁੰਦਰ ਰੂਹਾਂ ਨੂੰ ਇਹ ਪਤਾ ਹੀ ਨਹੀਂ ਹੁੰਦਾ ਕਿ ਉਹ ਖੂਬਸੂਰਤ ਹਨ। ਉਹ ਸੋਹਣੀਆਂ ਸੂਰਤਾਂ ਤਾਂ ਆਪਣੇ ਆਪ ਵਿਚ ਹੀ ਮਗਨ ਰਹਿੰਦੀਆਂ ਹਨ।

ਆਮ ਹੀ ਦੇਖਿਆ ਗਿਆ ਹੈ ਕਿ ਸੋਹਣੀਆਂ ਕੁੜੀਆਂ, ਔਰਤਾਂ ਨੂੰ ਆਪਣੀ ਸੁੰਦਰਤਾ ਨਾਲ ਹੀ ਮੋਹ ਪਿਆਰ ਹੁੰਦਾ ਹੈ। ਉਹ ਹੋਰ ਕਿਸੇ ਨੂੰ ਕਦੇ ਨਹੀਂ ਨਾ ਗਿਣਦੀਆਂ ਹਨ ਤੇ ਨਾ ਹੀ ਪਛਾਣਦੀਆਂ ਹਨ।

ਜ਼ਿੰਦਗੀ ਦਾ ਹਰ ਪਲ ਹੀ ਖੂਬਸੂਰਤ ਹੁੰਦਾ ਹੈ। ਰੁੱਤਾਂ ਤਾਂ ਮੌਸਮ ਮੁਤਾਬਿਕ ਬਦਲਦੀਆਂ ਵੀ ਹਨ। ਸੋ ਜ਼ਰਾ ਜਿੰਨੀ ਤਬਦੀਲੀ ਨਾਲ ਮਾਯੂਸ ਨਹੀਂ ਹੋ ਜਾਣਾ ਚਾਹੀਦਾ।

ਉਹੀ ਖੂਬਸੂਰਤ, ਸੋਹਣਾ, ਖੁਸ਼ੀਆਂ ਭਰਿਆ ਜੀਵਨ ਬਤੀਤ ਕਰਦੇ ਹਨ, ਜਿਹੜੇ ਬਦਲਦੀਆਂ ਰੁੱਤਾਂ, ਮੌਸਮਾਂ ਵਿਚ ਆਪਣੇ ਮਾਨਵੀ ਮੁੱਲਾਂ, ਆਦਰਸ਼ਾਂ ਅਤੇ ਸਿਧਾਂਤਾਂ, ਵੱਡਮੁੱਲੀਆਂ ਪਸੰਦਗੀਆਂ ਤੇ ਪੱਧਰਾਂ ਨੂੰ ਉੱਚਿਆਂ ਲੈ ਕੇ ਜਾਂਦੇ ਹਨ। ਹਾਰਦੇ ਨਹੀਂ ਕਿਸੇ ਵੀ ਪੜਾਅ ਉੱਤੇ।

ਉਹ ਮਨੁੱਖ ਆਪਣੇ ਆਪ ਲਈ ਪਛਤਾਵੇ ਦਾ ਬੀਜ ਬੀਜਦੇ ਹਨ, ਜੋ ਮਾੜੀ-ਮੋਟੀ ਗੱਲ 'ਤੇ ਬਹੁਤ ਬੇਚੈਨ ਹੋ ਜਾਂਦੇ ਹਨ। ਭਟਕਣ ਵਿਚ ਉਦਾਸ ਹੋ ਜਾਂਦੇ ਹਨ।

ਤੁਸੀਂ ਦੁਨੀਆਂ ਦੀ ਖੂਬਸੂਰਤੀ ਨੂੰ ਵਧਾਇਆ ਹੀ ਹੋਵੇਗਾ, ਜੇਕਰ ਸਕਾਰਾਤਮਕ ਸੋਚ ਨਾਲ ਜ਼ਿੰਦਗੀ ਗੁਜ਼ਾਰੀ ਹੋਵੇਗੀ। ਠੱਗੀਆਂ-ਠੋਰੀਆਂ ਤੋਂ ਦੂਰ ਰਹਿ ਕੇ, ਲੋੜਵੰਦ ਲੋਕਾਂ ਦੀ ਮਦਦ ਕਰਕੇ। ਇਹ ਅਸੀਂ ਆਪਣੇ ਆਪ ਲਿਖ ਦਸ ਸਕਦੇ ਹਾਂ,

ਇਹੋ ਜੇਹੇ ਲੋਕ ਹੀ ਮਹਾਨ ਹੋਏ ਹਨ।

ਉਨ੍ਹਾਂ ਹੀ ਜੀਵਨ ਦੀਆਂ ਖੁਸ਼ੀਆਂ ਮਾਣੀਆਂ ਹੁੰਦੀਆਂ ਹਨ, ਉਨ੍ਹਾਂ ਦਾ ਨਾਂ ਹੀ ਮਨੁੱਖਤਾ ਦੀਆਂ ਲੀਹਾਂ, ਪੈੜਾਂ 'ਤੇ ਉਕਰਿਆ, ਲਿਖਿਆ, ਖੁਣਿਆ ਜਾਂਦਾ ਹੈ, ਅਜਿਹੇ ਲੋਕ ਬਹੁਤੇ ਨਹੀਂ ਹੁੰਦੇ।

# ਮਾਤਾ-ਪਿਤਾ ਦੀ ਸੇਵਾ ਹੁੰਦੀ ਹੈ ਉੱਤਮ ਸੇਵਾ






-ਹਰਦੀਪ ਕੌਰ ਨਾਜ਼
ਫ਼ਗਵਾੜਾ, ਪੰਜਾਬ
(Punjab Mail USA)


ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੰਦਰ ਰਾਗ ਸਾਰੰਗ ਵਿਚ ਚੌਥੇ ਪਾਤਸ਼ਾਹ ਗੁਰੂ ਰਾਮਦਾਸ ਜੀ ਦਾ ਬੜਾ ਪਿਆਰਾ ਸ਼ਬਦ ਹੈ, ਜਿਸਦੀ ਰਹਾਉ ਵਾਲੀ ਪੰਗਤੀ ਇਸ ਤਰ੍ਹਾਂ ਹੈ: 'ਕਾਹੇ ਪੂਤ ਝਗਰਤ ਹਉ ਸੰਗਿ ਬਾਪ॥ ਜਿਨ ਕੇ ਜਣੇ ਬਡੀਰੇ ਤੁਮ ਹਉ ਤਿਨ ਸਿਉ ਝਗਰਤ ਪਾਪ'॥ ਭਾਵ: ਹੇ ਪੁੱਤਰ! (ਦੁਨੀਆਂ ਦੇ ਧਨ ਦੀ ਖ਼ਾਤਰ) ਪਿਤਾ ਨਾਲ ਕਿਉਂ ਝਗੜਾ ਕਰਦੇ ਹੋ? ਜਿਨ੍ਹਾਂ ਮਾਪਿਆਂ ਨੇ ਜੰਮਿਆ ਅਤੇ ਪਾਲਿਆ ਹੁੰਦਾ ਹੈ, ਉਨ੍ਹਾਂ ਨਾਲ (ਧਨ ਦੀ ਖ਼ਾਤਰ) ਝਗੜਾ ਕਰਨਾ ਮਾੜਾ ਕੰਮ ਹੈ।

ਸਿੱਖ ਕੌਮ ਦੇ ਮਹਾਨ ਵਿਦਵਾਨ ਭਾਈ ਕਾਨ੍ਹ ਸਿੰਘ ਜੀ ਨਾਭਾ 'ਗੁਰਮਤਿ ਮਾਰਤੰਡ ਗ੍ਰੰਥ' ਵਿਚ ਇੱਕ ਥਾਈਂ ਲਿਖਦੇ ਹਨ ਕਿ ਔਲਾਦ ਦਾ ਧਰਮ ਹੈ ਕਿ ਆਪਣੇ ਮਾਤਾ-ਪਿਤਾ ਨੂੰ ਦੇਵਤਾ ਸਰੂਪ ਜਾਣ ਕੇ ਸੇਵਾ ਕਰੇ ਅਤੇ ਆਗਿਆ ਪਾਲਣ ਕਰਕੇ ਉਨ੍ਹਾਂ ਦੀ ਆਤਮਾ ਨੂੰ ਪ੍ਰਸੰਨ ਕਰੇ। ਭਗਤ ਕਬੀਰ ਜੀ ਤਾਂ ਇਥੋਂ ਤੱਕ ਕਥਨ ਕਰਦੇ ਹਨ ਕਿ ਵਿਦਵਾਨ ਤੇ ਬਿਬੇਕੀ ਸੰਤਾਨ ਤੋਂ ਬਿਨਾਂ ਨਾਲਾਇਕ ਔਲਾਦ ਦਾ ਨਾ ਹੋਣਾ ਹੀ ਚੰਗਾ ਹੈ, 'ਜਿਹ ਕੁਲਿ ਪੂਤੁ ਨ ਗਿਆਨ ਬੀਚਾਰੀ॥ ਬਿਧਵਾ ਕਸ ਨ ਭਈ ਮਹਤਾਰੀ॥'

ਪੰਜਾਬੀ ਦਾ ਬੜਾ ਮਕਬੂਲ ਵਾਕ ਹੈ ਕਿ 'ਤਿੰਨ ਰੰਗ ਨਹੀਂ ਲੱਭਣੇ, ਹੁਸਨ, ਜਵਾਨੀ ਅਤੇ ਮਾਪੇ'। ਤਾਹੀਂ ਤਾਂ ਕਿਹਾ ਜਾਂਦਾ ਹੈ ਕਿ ਮਾਪੇ ਸਾਡੇ ਲਈ ਰੱਬ ਦਾ ਹੀ ਦੂਜਾ ਰੂਪ ਹੁੰਦੇ ਹਨ। ਮਾਪਿਆਂ ਤੋਂ ਨੇੜਲਾ, ਉੱਚਾ-ਸੁੱਚਾ ਅਤੇ ਪਵਿੱਤਰ ਰਿਸ਼ਤਾ ਕੁਦਰਤ ਦੀ ਬਖਸ਼ੀ ਨਿਆਮਤ ਵਾਂਗ ਹੁੰਦਾ ਹੈ, ਜੋ ਹਰ ਕਿਸੇ ਨੂੰ ਆਪੋ-ਆਪਣੀ ਮਿਲਦੀ ਹੈ। ਇਹ ਰਿਸ਼ਤਾ ਉਧਾਰਾ ਨਹੀਂ ਲਿਆ ਜਾ ਸਕਦਾ ਅਤੇ ਨਾ ਹੀ ਮੰਗਿਆਂ ਮਿਲਦਾ ਹੈ। ਜਨਮ ਤੋਂ ਲੈ ਕੇ ਜਵਾਨੀ ਤੱਕ, ਬੱਚਿਆਂ ਦੀ ਪੜ੍ਹਾਈ-ਲਿਖਾਈ, ਬੱਚਿਆਂ ਦੀ ਜਾਇਜ਼-ਨਜਾਇਜ਼ ਜ਼ਿੱਦਾਂ, ਲੋੜਾਂ/ਜ਼ਰੂਰਤਾਂ, ਲਾਡ-ਪਿਆਰ-ਝਿੜਕਾਂ ਆਦਿ ਨਾਲ ਸਭ ਤਰ੍ਹਾਂ ਦੀਆਂ ਜ਼ਿੰਮੇਵਾਰੀਆਂ ਮਾਪੇ ਖਿੜ੍ਹੇ ਮੱਥੇ, ਔਖੇ-ਸੌਖੇ ਹੋ ਕੇ ਵੀ ਨਿਭਾਉਂਦੇ ਹਨ। ਕਿਹਾ ਜਾਂਦਾ ਹੈ ਨਾ ਕਿ ਮਾਂ ਆਪ ਗਿੱਲੇ 'ਤੇ ਸੌਂ ਜਾਂਦੀ ਹੈ ਅਤੇ ਆਪਣੀ ਔਲਾਦ ਨੂੰ ਸੁੱਕੇ 'ਤੇ ਪਾਉਂਦੀ ਹੈ। ਇਸੇ ਤਰ੍ਹਾਂ ਪਿਤਾ ਵੀ ਆਪਣੀ ਔਲਾਦ ਨੂੰ ਆਪਣੇ ਪੈਰਾਂ 'ਤੇ ਖੜ੍ਹਿਆਂ ਕਰਨ ਲਈ ਹਰ ਤਰ੍ਹਾਂ ਦੇ ਨਿੱਕੇ-ਵੱਡੇ ਸੰਘਰਸ਼ ਵਿਚ ਕੁੱਦਣ ਤੋਂ ਪਿੱਛੇ ਨਹੀਂ ਹੱਟਦਾ।

ਆਪਣੀਆਂ ਜ਼ਰੂਰਤਾਂ ਨੂੰ ਅੱਖੋਂ-ਪਰੋਖੇ ਕਰ ਕੇ, ਬੱਚਿਆਂ ਦੀ ਰੀਝਾਂ ਪੂਰੀਆਂ ਕਰਨ ਹਿੱਤ ਕੀਤੀਆਂ ਕੁਰਬਾਨੀਆਂ ਬਾਰੇ ਅਕਸਰ ਹੀ ਬੱਚਿਆਂ ਨੂੰ ਨਾ ਸਮਝ ਹੁੰਦੀ ਹੈ ਅਤੇ ਨਾ ਹੀ ਕਦਰ। ਫਿਰ ਵੀ ਮਾਪਿਆਂ ਦਾ ਪਿਆਰ, ਕੁਰਬਾਨੀ ਅਤੇ ਸਮਰਪਿਤ ਭਾਵਨਾ, ਬਦਲੇ ਵਿਚ ਸਿਰਫ਼ ਆਪਣੇ ਬੱਚਿਆਂ ਦੀ ਖ਼ੁਸ਼ੀ ਹੀ ਭਾਲਦੀ ਹੈ। ਵੱਡੇ ਧੀਆਂ-ਪੁੱਤ ਵਿਆਹੇ ਵੀ ਜਾਣ ਤਾਂ ਵੀ ਮਾਪਿਆਂ ਵਾਸਤੇ ਭੋਲੇ-ਭਾਲੇ ਅਤੇ ਬੱਚੇ ਹੀ ਰਹਿੰਦੇ ਹਨ। ਜਿਵੇਂ ਬਚਪਨ ਵਿਚ ਮਾਪੇ ਬੱਚਿਆਂ ਦਾ ਮਾਰਗ ਦਰਸ਼ਨ ਕਰਦੇ ਹਨ, ਸੁਝਾਅ ਦਿੰਦੇ ਹਨ, ਉਹ ਆਦਤ ਤਾ-ਉਮਰ ਬਣੀ ਰਹਿੰਦੀ ਹੈ, ਪਰ ਵੱਡੇ ਹੋ ਕੇ ਕਈ ਬੱਚੇ ਇਸ ਨੂੰ ਬੇਲੋੜੀ ਦਖ਼ਲ-ਅੰਦਾਜ਼ੀ ਜਾਂ ਬੋਝ ਸਮਝਣ ਲੱਗ ਪੈਂਦੇ ਹਨ।

ਸਮਾਂ ਬਦਲਦਾ ਹੈ, ਮਨੁੱਖੀ ਸੋਚ ਬਦਲਦੀ ਹੈ, ਲੋੜਾਂ ਬਦਲੀਆਂ ਹਨ ਅਤੇ ਕੰਮ ਕਰਨ ਦੇ ਰੰਗ-ਢੰਗ ਬਦਲਦੇ ਹਨ, ਇਸ ਲਈ ਬੱਚਿਆਂ ਨੂੰ ਚਾਹੀਦਾ ਹੈ ਕਿ ਉਹ ਮਾਂ-ਬਾਪ ਨੂੰ ਭਰੋਸੇ ਵਿਚ ਲੈ ਕੇ, ਮਾਪਿਆਂ ਨੂੰ ਬਦਲ ਰਹੇ ਸਮੇਂ ਦੇ ਹਾਣੀ ਬਣਾਉਣ ਦਾ ਜਤਨ ਕਰਨ, ਠੀਕ ਉਸੇ ਤਰ੍ਹਾਂ ਜਿਵੇਂ ਮਾਪਿਆਂ ਨੇ ਆਪਣੇ ਬੱਚਿਆਂ ਨੂੰ ਸਮੇਂ ਦੇ ਹਾਣੀ ਬਣਾਉਣ ਲਈ ਆਪਣਾ ਸੁੱਖ-ਚੈਨ ਭੁੱਲ ਕੇ ਦਿਨ-ਰਾਤ ਇੱਕ ਕਰ ਦਿੱਤਾ ਸੀ, ਪਰ ਕਦੇ ਵੀ ਗੁੱਸਾ, ਘਿਰਣਾ ਜਾਂ ਛੋਟੇਪਣ ਦਾ ਮੁਜ਼ਾਹਰਾ ਨਹੀਂ ਸੀ ਕੀਤਾ। ਜਦ ਔਲਾਦ ਜਵਾਨ ਹੋ ਕੇ ਇਹ ਸਾਬਤ ਕਰਨ ਦਾ ਜਤਨ ਕਰਦੀ ਹੈ ਕਿ ਉਸਦੇ ਮਾਂ-ਬਾਪ ਨੂੰ ਕੱਖ ਨਹੀਂ ਪਤਾ ਅਤੇ ਉਹ ਫ਼ਜ਼ੂਲ ਬਹਿਸਾਂ ਕਰਦਾਂ ਹਨ, ਤਾਂ ਮਾਪਿਆਂ ਦੀ ਹਾਲਤ ਇੰਜ ਹੋ ਜਾਂਦੀ ਹੈ, ਜਿਵੇਂ ਉਨ੍ਹਾਂ ਦੀ ਜ਼ਿੰਦਗੀ ਦੀ ਸਾਰੀ ਪੂੰਜੀ ਹੀ ਲੁੱਟੀ ਗਈ ਹੋਵੇ।

ਅੱਜ-ਕੱਲ੍ਹ ਬਿਰਧ ਘਰਾਂ ਵਿਚ ਵੱਧ ਰਹੀ ਬਜ਼ੁਰਗਾਂ ਦੀ ਆਮਦ ਇਸ ਗੱਲ ਦਾ ਪ੍ਰਤੱਖ ਸਬੂਤ ਹੈ ਕਿ ਢਿੱਡੋਂ ਜੰਮੇ ਅਤੇ ਦੁੱਧ/ਲਹੂ ਨਾਲ ਪਾਲੇ ਆਪਣੇ ਧੀਆਂ-ਪੁੱਤ ਅੱਜ ਕਿੰਨੇ ਬੇਕਦਰੇ ਅਤੇ ਨਾ-ਸ਼ੁਕਰੇ ਹੋ ਗਏ ਹਨ। ਭਾਵੇਂ ਇਹ ਬੜੀ ਸਪੱਸ਼ਟ ਵਿਚਾਰ ਹੈ ਕਿ ਨਵੀਂ ਅਤੇ ਪੁਰਾਣੀ ਪੀੜ੍ਹੀ ਦੀ ਸੋਚ, ਸਮਝ, ਵਿਚਾਰਾਂ ਆਦਿ ਵਿਚ ਫ਼ਰਕ ਹੁੰਦਾ ਹੈ। ਪਰ ਇਹ ਵਿਚਾਰਾਂ ਦੇ ਵਖਰੇਵੇਂ ਕਿੱਥੇ ਨਹੀਂ ਹੁੰਦੇ, ਕੀ ਇਸ ਅਗਾਂਹਵਧੂ, ਪੜ੍ਹੇ-ਲਿਖੇ ਸਮਾਜਿਕ ਤਾਣੇ-ਬਾਣੇ ਵਿਚ, ਜਿੱਥੇ ਬੱਚੇ ਵਿਚਰਦੇ ਹਨ, ਨੌਕਰੀ ਕਰਦੇ ਹਨ ਜਾਂ ਰਹਿੰਦੇ-ਸਹਿੰਦੇ ਹਨ, ਕੀ ਉੱਥੇ ਇਹ ਵਖਰੇਵੇਂ ਨਹੀਂ ਹੁੰਦੇ, ਪਰ ਫਿਰ ਵੀ ਅਸੀਂ ਆਪਣੀਆਂ ਲੋੜਾਂ ਖ਼ਾਤਰ ਸਮਝੌਤਾ ਕਰਦੇ ਹਾਂ। ਇਹ ਸਮਝੌਤਾ ਉਨ੍ਹਾਂ ਲੋਕਾਂ ਨਾਲ ਹੁੰਦਾ ਹੈ, ਜੋ ਪਿਛਲੇ ਕੁਝ ਸਮੇਂ ਤੋਂ ਹੀ ਸਾਡੀ ਜ਼ਿੰਦਗੀ ਵਿਚ ਆਪੋ-ਆਪਣੀਆ ਲੋੜਾਂ ਮੁਤਾਬਕ ਦਾਖ਼ਲ ਹੋਏ ਹੁੰਦੇ ਹਨ, ਪਰ ਮਾਪੇ ਤਾਂ ਕਿਸੇ ਲੋੜ ਨਾਲ ਨਹੀਂ ਜੁੜੇ ਹੁੰਦੇ, ਸਗੋਂ ਸਾਡਾ ਵਜੂਦ ਹੀ ਮਾਪਿਆਂ ਕਰਕੇ ਹੋਂਦ ਵਿਚ ਆ ਸਕਿਆ ਹੁੰਦਾ ਹੈ, ਤਾਂ ਮਾਪਿਆਂ ਨਾਲ ਛੋਟੇ-ਛੋਟੇ ਸਮਝੌਤੇ ਕਿਉਂ ਨਹੀਂ ਕੀਤੇ ਜਾ ਸਕਦੇ?

ਜਿਉਂਦੇ ਜੀਅ ਮਾਪਿਆਂ ਦੀ ਸੇਵਾ ਨੂੰ ਸਭ ਤੋਂ ਵੱਡਾ ਮੰਨਿਆ ਗਿਆ ਹੈ, ਪਰ ਸਮਾਜ ਵਿਚ ਮਾਪਿਆਂ ਦੇ ਮਰਨ ਪਿੱਛੋਂ ਉਨ੍ਹਾਂ ਪ੍ਰਤੀ ਸਤਿਕਾਰ, ਪਿਆਰ ਜਾਂ ਮੋਹ ਦਾ ਪ੍ਰਗਟਾਵਾ ਕੀਤਾ ਜਾਂਦਾ ਹੈ, ਪਰ ਗੁਰਬਾਣੀ ਅੰਦਰ ਬੜਾ ਸੁੰਦਰ ਫ਼ੁਰਮਾਣ ਹੈ ਕਿ 'ਜੀਵਤ ਪਿਤਰ ਨਾ ਮਾਨੈ ਕੋਊ ਮੂਏਂ ਸਿਰਾਧ ਕਰਾਹੀ॥ ਪਿਤਰ ਭੀ ਬਪੁਰੇ ਕਹੁ ਕਿਉ ਪਾਵਹਿ ਕਊਆ ਕੂਕਰ ਖਾਹੀ॥' ਭਾਵ ਕਿ ਲੋਕ ਜਿਊਂਦੇ ਮਾਪਿਆਂ ਦਾ ਤਾਂ ਆਦਰ ਨਹੀਂ ਕਰਦੇ, ਪਰ ਮਰ ਗਏ ਪਿੱਤਰਾਂ ਨਮਿਤ ਭੋਜਨ ਖੁਆਉਂਦੇ ਹਨ। ਵਿਚਾਰ ਪਿੱਤਰ ਭਲਾ ਉਹ ਸਰਾਧਾਂ ਦਾ ਭੋਜਨ ਕਿਵੇਂ ਹਾਸਲ ਕਰਨ? ਉਸ ਨੂੰ ਤਾਂ ਕਾਂ-ਕੁੱਤੇ ਖਾ ਜਾਂਦੇ ਹਨ।

ਸੋ, ਬੱਚਿਆਂ ਦਾ ਫ਼ਰਜ਼ ਹੋਣਾ ਚਾਹੀਦਾ ਹੈ ਕਿ ਜਿਉਂਦੇ ਜੀਅ ਆਪਣੇ ਜਨਮ ਦਾਤੇ ਮਾਤਾ-ਪਿਤਾ ਦਾ ਖ਼ਿਆਲ ਰੱਖਣ। ਪੈਸਾ ਹੀ ਸਭ ਕੁਝ ਨਹੀਂ ਹੁੰਦਾ, ਚੰਦ ਪੈਸਿਆਂ ਦੀ ਖ਼ਾਤਰ ਮਾਪਿਆਂ ਤੋਂ ਦੂਰ (ਮਨੋਂ ਦੂਰ) ਹੋ ਜਾਣਾ ਕੋਈ ਪ੍ਰਾਪਤੀ ਨਹੀਂ, ਸਗੋਂ ਮੂਰਖਤਾ ਹੈ। ਆਪਣੇ ਘਰ-ਪਰਿਵਾਰ, ਆਪਣੇ ਮਾਪੇ ਅਤੇ ਆਪਣੇ ਸੱਭਿਆਚਾਰ ਤੋਂ ਮੂੰਹ ਫੇਰ ਕੇ ਅੰਤਲੇ ਸਮੇਂ ਕੇਵਲ ਪਛਤਾਵਾ ਪੱਲੇ ਪਵੇਗਾ।

ਇਸ ਲਈ ਆਓ! ਮਾਤਾ-ਪਿਤਾ ਦੀ ਸੇਵਾ, ਮਾਤਾ-ਪਿਤਾ ਦਾ ਹੁਕਮ ਮੰਨਣ ਵਿਚ ਆਪਣਾ ਭਲਾ ਸਮਝੀਏ। ਜੇਕਰ ਕਿੱਧਰੇ ਵਿਚਾਰਾਂ ਵਿਚ ਵਖਰੇਵਾਂ ਹੈ, ਤਾਂ ਪਿਆਰ ਸਤਿਕਾਰ ਨਾਲ ਮਾਪਿਆਂ ਨੂੰ ਵੀ ਸਮਝਾਇਆ ਜਾ ਸਕਦਾ ਹੈ। ਜਦੋਂ ਮਾਪੇ ਉਸ ਵੇਲੇ ਸਾਡੀਆਂ ਭਾਵਨਾਵਾਂ ਸਮਝ ਜਾਂਦੇ ਸਨ, ਜਦ ਸਾਡੇ ਕੋਲ ਸ਼ਬਦ ਨਹੀਂ ਸਨ ਜਾਂ ਅਸੀਂ ਬਹੁਤ ਛੋਟੇ ਅਤੇ ਨਾ-ਸਮਝ ਸਾਂ, ਤਾਂ ਅੱਜ ਜਦੋਂ ਤੁਸੀਂ ਆਪਣੇ ਮਿੱਠੇ-ਪਿਆਰੇ ਸ਼ਬਦਾਂ ਵਿਚ ਹਲੀਮੀ, ਸਾਦਗੀ ਅਤੇ ਸਹਿਜ ਭਰ ਕੇ ਕਿਸੇ ਮੁੱਦੇ ਉੱਤੇ ਸੰਵਾਦ ਰਚਾਓਗੇ, ਤਾਂ ਉਹ ਕਿਉਂ ਨਹੀਂ ਸਮਝਣਗੇ?

ਯਾਦ ਰਹੇ ਕਿ ਧਾਰਮਿਕ ਸਥਾਨਾਂ 'ਤੇ ਜਾ ਕੇ ਕੀਤੀ ਸੇਵਾ ਵੀ ਤਾਂ ਹੀ ਸਫ਼ਲ ਹੁੰਦੀ ਹੈ, ਜੇਕਰ ਘਰ ਮਾਪਿਆਂ ਦੀ ਸੇਵਾ ਅਤੇ ਸਤਿਕਾਰ ਕਰਦੇ ਹੋਵਾਂਗੇ। ਇਸ ਸਭ ਲਈ ਇਹ ਵੀ ਜ਼ਰੂਰੀ ਹੈ ਕਿ ਮਾਪੇ ਵੀ ਆਪਣੇ ਮਾਪਿਆਂ, ਭਾਵ ਕਿ ਆਪਣੇ ਬੱਚਿਆਂ ਦੇ ਦਾਦਾ-ਦਾਦੀ ਅਤੇ ਨਾਨਾ-ਨਾਨੀ ਦੀ ਸੇਵਾ ਅਤੇ ਪਿਆਰ ਕਰਨ। ਜੋ ਕੁਝ ਮਾਪੇ ਕਰਨਗੇ ਉਹੀ ਕੁਝ ਔਲਾਦ ਸਿੱਖੇਗੀ। ਕਿਉਂਕਿ ਜੇ ਔਲਾਦ ਵਿਗੜ ਜਾਵੇ ਜਾਂ ਗ਼ਲਤ ਰਾਹਾਂ 'ਤੇ ਪੈ ਜਾਵੇ ਅਤੇ ਮਾਪਿਆਂ ਦੇ ਕਹਿਣੇ ਵਿਚ ਨਾ ਹੋਵੇ, ਤਾਂ ਉਸ ਤੋਂ ਵੱਡਾ ਕੋਈ ਦੁੱਖ ਨਹੀਂ ਹੁੰਦਾ। ਸੋ ਸਭ ਦੀ ਇਹ ਕੋਸ਼ਿਸ਼ ਹੋਣੀ ਚਾਹੀਦੀ ਹੈ ਕਿ ਆਪਣੀ ਔਲਾਦ ਨੂੰ ਬਚਪਨ ਤੋਂ ਹੀ ਚੰਗੇ ਸੰਸਕਾਰ ਦਿੱਤੇ ਜਾਣ, ਤਾਂ ਜੋ ਉਹ ਕੁਰਾਹੇ ਨਾ ਪੈ ਸਕੇ। ਇਹ ਵੀ ਜ਼ਰੂਰੀ ਹੈ ਕਿ ਮਾਂ-ਬਾਪ ਦੀ ਸੇਵਾ ਦੀ ਆਸ ਕੇਵਲ ਬੱਚਿਆਂ ਕੋਲੋਂ ਹੀ ਨਾ ਕੀਤੀ ਜਾਵੇ, ਬਲਕਿ ਆਪ ਵੀ ਆਪਣੇ ਮਾਪਿਆਂ ਦੀ ਸੇਵਾ ਕਰਕੇ, ਬੱਚਿਆਂ ਲਈ ਰੋਲ ਮਾਡਲ ਬਣਿਆ ਜਾਵੇ, ਤਾਂ ਹੀ ਇੱਕ ਨਰੋਆ ਅਤੇ ਸੁਹਣਾ ਸਮਾਜ ਸਿਰਜਿਆ ਜਾ ਸਕੇਗਾ।


ਵਕਤ ਬਦਲ ਚੁੱਕਾ ਹੈ, ਵਕਤ ਦੇ ਨਾਲ ਬਦਲ ਚੁੱਕੇ ਨੇ Entertainment ਦੇ ਸਾਧਨ ਵੀ

e-Baba Entertainment App ਨੂੰ Download ਕਰੋ।




ਹੁਣ ਕਿਸੇ ਵੀ Company ਦੇ ਬਣੇ Android TV 'ਚ eBaba App ਡਾਊਨਲੋਡ ਕਰੋ ਜਾਂ ਸਮਾਰਟ TV ਦੀ HDMI Port 'ਚ Google TV Dongle ਲਾਵੋ ਤੇ eBaba ਡਾਊਨਲੋਡ ਕਰਕੇ ਰਿਮੋਟ ਦੀ ਵਰਤੋਂ ਰਾਹੀਂ, ਵੱਡੀ TV Screen ਉਤੇ ਬਹੁਤ ਸਾਰੇ English, Punjabi, Hindi ਅਤੇ Urdu ਦੇ TV Channel ਫ੍ਰੀ 'ਚ ਵੇਖੋ ਅਤੇ ਰੇਡੀਓ 'ਚ ਸੁਣੋ, also eBaba Entertainment App available for your ਸਮਾਰਟ phone on app store and Play store.




Cast Dongle ਦੀ ਮਦਦ ਨਾਲ ਆਪਣੀ ਪਸੰਦੀਦਾ TV Channel ਜਾਂ Movies ਆਪਣੇ TV 'ਤੇ ਵੀ ਦੇਖ ਸਕਦੇ ਹੋ ਅਤੇ Drive ਕਰਦੇ ਵੇਲੇ Bluetooth ਨਾਲ ਰੇਡਿਓ ਵੀ ਸੁਣ ਸਕਦੇ ਹੋ।




ਇਸ ਲਈ ਜਲਦੀ ਤੋਂ ਜਲਦੀ ਇਹ App Download ਕਰੋ ਅਤੇ ਆਪਣੇ ਦੋਸਤਾਂ ਨਾਲ ਵੀ ਇਹ ਜਾਣਕਾਰੀ Share ਕਰੋ।

# ਆਖਰ ਦਰਿਆਵਾਂ ਖਲਨਾਇਕ ਕਿਉਂ ਬਣ ਜਾਂਦੀਆਂ ਹਨ?




-ਡਾ. ਸਤਿਆਵਾਨ 'ਸੌਰਭ'
ਹਰਿਆਣਾ
ਕਵੀ, ਸੁਤੰਤਰ ਪੱਤਰਕਾਰ ਅਤੇ ਕਾਲਮਨਵੀਸ, ਆਲ ਇੰਡੀਆ ਰੇਡੀਓ ਅਤੇ ਟੀਵੀ ਪੈਨਲਿਸਟ, ਹਰਿਆਣਾ
ਮੋਬਾਈਲ : 94665-26148, 01255281381
(Punjab Mail USA)


ਨਦੀਆਂ ਸਾਡੀ ਸੱਭਿਅਤਾ ਦੀਆਂ ਜੜ੍ਹਾਂ ਦਾ ਅਨਿੱਖੜਵਾਂ ਅੰਗ ਹਨ, ਇਸ ਲਈ ਇਨ੍ਹਾਂ ਕਾਰਨ ਆਉਣ ਵਾਲੇ ਹੜ੍ਹ ਵੀ ਸਾਡੇ ਦੇਸ਼ ਦਾ ਹਿੱਸਾ ਹਨ। ਜੇਕਰ ਅਸੀਂ ਪਣ-ਵਿਗਿਆਨ ਅਤੇ ਮੌਸਮ ਵਿਗਿਆਨ ਦੇ ਦ੍ਰਿਸ਼ਟੀਕੋਣ ਤੋਂ ਕਹੀਏ, ਤਾਂ ਭਾਰਤ ਵਿਚ ਹੜ੍ਹਾਂ ਦਾ ਸਿੱਧਾ ਸਬੰਧ ਦੇਸ਼ ਵਿਚ ਮਾਨਸੂਨ ਸੀਜ਼ਨ ਦੌਰਾਨ ਹੋਣ ਵਾਲੀ ਬਾਰਸ਼ ਨਾਲ ਹੈ। ਹੜ੍ਹਾਂ ਕਾਰਨ ਨੁਕਸਾਨ ਲਗਾਤਾਰ ਵਧਦਾ ਜਾ ਰਿਹਾ ਹੈ। ਇਸ ਦਾ ਮੁੱਖ ਕਾਰਨ ਇਹ ਹੈ ਕਿ ਪਿਛਲੇ ਕੁਝ ਸਾਲਾਂ ਦੌਰਾਨ ਡੁੱਬਣ ਵਾਲੇ ਖੇਤਰਾਂ ਵਿਚ ਆਰਥਿਕ ਗਤੀਵਿਧੀਆਂ ਬਹੁਤ ਵਧੀਆਂ ਹਨ ਅਤੇ ਮਨੁੱਖੀ ਬਸਤੀਆਂ ਵੀ ਵਸ ਰਹੀਆਂ ਹਨ। ਇਸ ਕਾਰਨ ਦਰਿਆਵਾਂ ਦੇ ਡੁੱਬਣ ਵਾਲੇ ਖੇਤਰ ਵਿਚ ਆਉਣ ਵਾਲੇ ਲੋਕਾਂ ਦੇ ਹੜ੍ਹਾਂ ਦਾ ਸ਼ਿਕਾਰ ਹੋਣ ਦੀ ਸੰਭਾਵਨਾ ਸਾਲ-ਦਰ-ਸਾਲ ਵਧਦੀ ਜਾ ਰਹੀ ਹੈ। ਨਤੀਜੇ ਵਜੋਂ ਦਰਿਆ ਦਾ ਕੁਦਰਤੀ ਵਹਾਅ ਵਾਲਾ ਖੇਤਰ ਹੜ੍ਹ ਪ੍ਰਭਾਵਿਤ ਖੇਤਰ ਵਜੋਂ ਦਿਖਾਈ ਦੇਣ ਲੱਗਦਾ ਹੈ। ਹਾਲ ਹੀ ਦੇ ਸਾਲਾਂ ਵਿਚ ਦਰਿਆਵਾਂ ਦੇ ਪਾਣੀ ਨਾਲ ਡੁੱਬੇ ਇਲਾਕਿਆਂ ਵਿਚ ਸ਼ਹਿਰੀ ਬਸਤੀਆਂ ਦੇ ਵਸਣ ਦੀ ਰਫ਼ਤਾਰ ਵਧੀ ਹੈ। ਇਸ ਕਾਰਨ ਵੀ ਹੜ੍ਹ ਨਾਲ ਹੋਣ ਵਾਲੇ ਨੁਕਸਾਨ ਦੀ ਗੁੰਜਾਇਸ਼ ਵਧ ਰਹੀ ਹੈ। ਕਿਉਂਕਿ ਕਿਸੇ ਵੀ ਸ਼ਹਿਰ ਦਾ ਭੂਗੋਲਿਕ ਖੇਤਰ ਅਤੇ ਆਬਾਦੀ ਵਧਣ ਨਾਲ ਹੜ੍ਹਾਂ ਦਾ ਸ਼ਿਕਾਰ ਹੋਣ ਦੀ ਸੰਭਾਵਨਾ ਵੱਧ ਜਾਂਦੀ ਹੈ। ਹੜ੍ਹ ਪ੍ਰਭਾਵਿਤ ਇਲਾਕਿਆਂ ਵਿਚ ਜਿਵੇਂ ਹੀ ਬਸਤੀਆਂ ਵਸਣੀਆਂ ਸ਼ੁਰੂ ਹੁੰਦੀਆਂ ਹਨ, ਤਾਂ ਹੜ੍ਹਾਂ ਦੇ ਪਾਣੀ ਦਾ ਰਸਤਾ ਬੰਦ ਹੋ ਜਾਂਦਾ ਹੈ। ਇਸ ਕਾਰਨ ਹੜ੍ਹ ਦਾ ਪਾਣੀ ਬਾਹਰ ਨਹੀਂ ਆ ਸਕਦਾ। ਫਿਰ ਹੜ੍ਹ ਦੇ ਪਾਣੀ ਤੋਂ ਬਚਾਉਣ ਲਈ ਬਸਤੀਆਂ ਦੇ ਆਲੇ-ਦੁਆਲੇ ਡੈਮ ਬਣਾਏ ਜਾਂਦੇ ਹਨ। ਹੜ੍ਹ ਪ੍ਰਭਾਵਿਤ ਖੇਤਰਾਂ ਵਿਚ ਬਸਤੀਆਂ ਅਤੇ ਇਨ੍ਹਾਂ ਡੈਮਾਂ ਦੇ ਬਣਨ ਨਾਲ ਨਦੀ ਘਾਟੀ ਅਤੇ ਦਰਿਆਵਾਂ ਦੇ ਵਾਤਾਵਰਣ ਪ੍ਰਣਾਲੀ ਉੱਤੇ ਵੀ ਮਾੜਾ ਪ੍ਰਭਾਵ ਪੈਂਦਾ ਹੈ।



ਪਹਿਲੇ ਦੌਰ ਵਿਚ ਮਨੁੱਖ ਸ਼ਿਕਾਰੀ ਸੀ, ਫਿਰ ਖੇਤੀ ਸ਼ੁਰੂ ਕੀਤੀ। ਇਸ ਤੋਂ ਬਾਅਦ ਉਸ ਨੇ ਦੂਰ-ਦੁਰਾਡੇ ਦਾ ਕਾਰੋਬਾਰ ਕਰਨਾ ਸ਼ੁਰੂ ਕਰ ਦਿੱਤਾ ਅਤੇ ਕਾਰੋਬਾਰ ਦੇ ਨਾਂ 'ਤੇ ਸੱਤਾ ਹਥਿਆਉਣੀ ਸ਼ੁਰੂ ਕਰ ਦਿੱਤੀ। ਇਸ ਤੋਂ ਬਾਅਦ ਉਦਯੋਗਿਕ ਯੁੱਗ ਆਇਆ ਅਤੇ ਸਭ ਤੋਂ ਅਖੀਰ ਵਿਚ, ਦੂਜੇ ਵਿਸ਼ਵ ਯੁੱਧ ਤੋਂ ਬਾਅਦ ਪੂੰਜੀਵਾਦੀ ਪ੍ਰਣਾਲੀ ਉਭਰ ਕੇ ਸਾਹਮਣੇ ਆਈ। ਹਰ ਦੌਰ ਵਿਚ, ਮਨੁੱਖ ਪਹਿਲਾਂ ਨਾਲੋਂ ਵਧੇਰੇ ਵਿਕਸਤ ਹੁੰਦਾ ਗਿਆ ਅਤੇ ਉਸੇ ਸਮੇਂ ਊਰਜਾ ਅਤੇ ਕੁਦਰਤੀ ਸਰੋਤਾਂ ਦੀ ਖਪਤ ਵਧਦੀ ਗਈ। ਹਰੇਕ ਯੁੱਗ ਵਿਚ, ਜਾਣਕਾਰੀ ਵੀ ਪਿਛਲੇ ਯੁੱਗ ਦੇ ਮੁਕਾਬਲੇ ਵਧੇਰੇ ਉਪਲਬਧ ਹੁੰਦੀ ਗਈ। ਹਰ ਨਵੇਂ ਦੌਰ ਵਿਚ ਆਬਾਦੀ ਵੀ ਪਹਿਲਾਂ ਨਾਲੋਂ ਵੱਧ ਗਈ। ਹੁਣ ਤੱਕ ਕੁਦਰਤ ਸਾਡੇ ਨਾਲੋਂ ਜ਼ਿਆਦਾ ਤਾਕਤਵਰ ਸੀ ਪਰ ਅਜੋਕਾ ਯੁੱਗ ਵਿਕਾਸ ਦਾ ਅਗਲਾ ਪੜਾਅ ਹੈ, ਇਸ ਨੂੰ ਮਨੁੱਖੀ ਯੁੱਗ ਕਿਹਾ ਜਾ ਸਕਦਾ ਹੈ ਕਿਉਂਕਿ ਹੁਣ ਕੁਦਰਤ 'ਤੇ ਮਨੁੱਖ ਦਾ ਪੂਰਾ ਕੰਟਰੋਲ ਹੈ ਅਤੇ ਮਨੁੱਖੀ ਗਤੀਵਿਧੀਆਂ ਕੁਦਰਤ ਨਾਲੋਂ ਜ਼ਿਆਦਾ ਸ਼ਕਤੀਸ਼ਾਲੀ ਹੋ ਗਈਆਂ ਹਨ। ਹਰ ਡੁੱਬਣ ਵਾਲੇ ਖੇਤਰ ਤੋਂ ਲੋਕਾਂ ਨੂੰ ਕੱਢਣ ਅਤੇ ਦਿਸ਼ਾ-ਨਿਰਦੇਸ਼ਾਂ ਦੇ ਅਨੁਸਾਰ ਉਨ੍ਹਾਂ ਨੂੰ ਕਿਤੇ ਹੋਰ ਵਸਾਉਣ ਦੀ ਚੁਣੌਤੀ ਬਹੁਤ ਵੱਡੀ ਹੈ। ਅਤੇ ਇਸਦੇ ਸ਼ੁਰੂ ਤੋਂ ਹੀ ਰੁਕਾਵਟਾਂ ਆਉਣੀਆਂ ਸ਼ੁਰੂ ਹੋ ਜਾਂਦੀਆਂ ਹਨ। ਅੱਜ ਵੀ ਜ਼ਮੀਨ ਗ੍ਰਹਿਣ ਕਰਨਾ ਵੱਡੀ ਚੁਣੌਤੀ ਹੈ ਅਤੇ ਸਰਕਾਰਾਂ 'ਤੇ ਅਕਸਰ ਦੋਸ਼ ਲਗਾਇਆ ਜਾਂਦਾ ਹੈ ਕਿ ਉਹ ਮੁਆਵਜ਼ਾ ਦੇਣ ਵਿਚ ਨਿਰਪੱਖ ਨਹੀਂ ਹਨ ਅਤੇ ਲੋਕਾਂ ਦੇ ਮੁੜ ਵਸੇਬੇ ਲਈ ਸਰਕਾਰੀ ਸਕੀਮਾਂ ਨਾਕਾਫੀ ਹਨ। ਇਸ ਲਈ ਸਥਿਤੀ ਜਿਉਂ ਦੀ ਤਿਉਂ ਬਣਾਈ ਰੱਖਣ ਦਾ ਸਿਆਸੀ ਲਾਭ ਵਧੇਰੇ ਹੁੰਦਾ ਹੈ। ਕਿਉਂਕਿ ਇਸ ਵਿਚ ਹਰ ਸੀਜ਼ਨ ਵਿਚ ਹੜ੍ਹ ਪੀੜਤਾਂ ਨੂੰ ਰਾਹਤ ਅਤੇ ਮੁਆਵਜ਼ਾ ਦੇ ਕੇ ਕੰਮ ਕੀਤਾ ਜਾਂਦਾ ਹੈ। ਇਸੇ ਲਈ ਰਾਜਾਂ ਵੱਲੋਂ ਹੋਰ ਵਿਕਲਪਾਂ 'ਤੇ ਵਿਚਾਰ ਨਹੀਂ ਕੀਤਾ ਜਾਂਦਾ।

ਕਿਉਂਕਿ, ਇਸ ਨਾਲ ਉਨ੍ਹਾਂ ਦੇ ਸਿਆਸੀ ਹਿੱਤਾਂ 'ਤੇ ਮਾੜਾ ਪ੍ਰਭਾਵ ਪੈਂਦਾ ਹੈ। ਇਸ ਤੋਂ ਇਲਾਵਾ ਇੱਥੇ ਇਹ ਵੀ ਧਿਆਨ ਦੇਣ ਯੋਗ ਹੈ ਕਿ ਸ਼ਹਿਰੀ ਸੰਘਣੀ ਬਸਤੀਆਂ ਨੂੰ ਪੂਰੀ ਤਰ੍ਹਾਂ ਉਜਾੜਿਆ ਨਹੀਂ ਜਾ ਸਕਦਾ ਅਤੇ ਇਸ ਦੇ ਲਈ ਇਨ੍ਹਾਂ ਬਸਤੀਆਂ ਦੇ ਆਲੇ-ਦੁਆਲੇ ਬੰਨ੍ਹ ਬਣਾ ਕੇ ਉਨ੍ਹਾਂ ਦੀ ਸੁਰੱਖਿਆ ਦੇ ਪ੍ਰਬੰਧ ਕੀਤੇ ਜਾਣ ਦੀ ਵੀ ਲੋੜ ਹੈ। ਪਰ, ਇਸ ਦੇ ਨਾਲ ਹੀ, ਇਹ ਯਕੀਨੀ ਹੋ ਸਕਦਾ ਹੈ ਕਿ ਸ਼ਹਿਰਾਂ ਦੇ ਬੁਨਿਆਦੀ ਢਾਂਚੇ ਦੇ ਹੋਰ ਵਿਕਾਸ ਨੂੰ ਰੋਕ ਦਿੱਤਾ ਜਾਵੇਗਾ, ਤਾਂ ਜੋ ਹੜ੍ਹ ਪ੍ਰਭਾਵਿਤ ਇਲਾਕਿਆਂ ਵਿਚ ਹੋਰ ਬਸਤੀਆਂ ਨਾ ਵਸਣ। ਇੱਥੇ ਧਿਆਨ ਦੇਣ ਵਾਲੀ ਇੱਕ ਹੋਰ ਮਹੱਤਵਪੂਰਨ ਗੱਲ ਇਹ ਹੈ ਕਿ ਡੁੱਬਣ ਵਾਲੇ ਖੇਤਰ ਦੇ ਜ਼ੋਨਿੰਗ ਨਾਲ ਆਬਾਦੀ ਅਤੇ ਖੇਤਰ ਦੇ ਇੱਕ ਵੱਡੇ ਹਿੱਸੇ ਨੂੰ ਲਾਭ ਹੋਵੇਗਾ। ਉਦਾਹਰਨ ਲਈ, ਜੇਕਰ ਅਸਾਮ ਰਾਜ ਵਿਚ ਡੁੱਬਣ ਵਾਲੇ ਖੇਤਰ ਨੂੰ ਬਹਾਲ ਕੀਤਾ ਜਾਂਦਾ ਹੈ ਅਤੇ ਬ੍ਰਹਮਪੁੱਤਰ ਨਦੀ ਦੇ ਕੁਦਰਤੀ ਰਸਤੇ ਨੂੰ ਮੁੜ ਸੁਰਜੀਤ ਕੀਤਾ ਜਾਂਦਾ ਹੈ, ਤਾਂ ਇਸਦੇ ਲਾਭ ਬੰਗਲਾਦੇਸ਼ ਤੱਕ ਫੈਲਣਗੇ। ਕਿਉਂਕਿ ਉਦੋਂ ਮੀਂਹ ਅਤੇ ਹੜ੍ਹ ਦਾ ਪਾਣੀ ਬੰਗਲਾਦੇਸ਼ ਦੇ ਨੀਵੇਂ ਇਲਾਕਿਆਂ ਤੱਕ ਪਹੁੰਚਣ ਵਿਚਕਾਰ ਕਾਫੀ ਸਮਾਂ ਹੋਵੇਗਾ। ਇਸ ਕਾਰਨ ਦਰਿਆਵਾਂ ਵਿਚ ਪਾਣੀ ਦਾ ਪੱਧਰ ਵੀ ਲੰਮੇ ਸਮੇਂ ਤੱਕ ਬਰਕਰਾਰ ਰਹੇਗਾ। ਇੱਥੇ ਸਾਨੂੰ ਇਹ ਮੰਨਣਾ ਪਵੇਗਾ ਕਿ ਨਦੀਆਂ ਇਸ ਜ਼ਮੀਨੀ ਖੇਤਰ ਦਾ ਅਨਿੱਖੜਵਾਂ ਅੰਗ ਹਨ। ਅਜਿਹੀ ਸਥਿਤੀ ਵਿਚ, ਮਨੁੱਖ ਨੂੰ ਆਪਣੀਆਂ ਗਤੀਵਿਧੀਆਂ ਕੁਦਰਤੀ ਸਥਿਤੀਆਂ ਦੁਆਰਾ ਨਿਰਧਾਰਤ ਸੀਮਾਵਾਂ ਵਿਚ ਕਰਨੀਆਂ ਪੈਂਦੀਆਂ ਹਨ। ਪ੍ਰਾਚੀਨ ਸਮਿਆਂ ਵਿਚ, ਮਨੁੱਖੀ ਗਤੀਵਿਧੀਆਂ ਨੂੰ ਕੁਦਰਤੀ ਪ੍ਰਣਾਲੀ ਦੇ ਅਨੁਸਾਰ ਚਲਾਇਆ ਜਾਂਦਾ ਸੀ। ਸਾਨੂੰ ਉਸੇ ਵਿਚਾਰ ਨੂੰ ਨਵੇਂ ਸਿਰੇ ਤੋਂ ਅਪਣਾਉਣ ਬਾਰੇ ਸੋਚਣਾ ਪਵੇਗਾ। ਤਦ ਹੀ ਅਸੀਂ ਜ਼ਮੀਨੀ ਪੱਧਰ 'ਤੇ ਇਸ ਮਹੱਤਵਪੂਰਨ ਨੀਤੀ ਨੂੰ ਲਾਗੂ ਕਰਨ ਦੇ ਯੋਗ ਹੋਵਾਂਗੇ, ਜੋ ਸਾਲਾਂ ਤੋਂ ਮਿੱਟੀ ਇਕੱਠੀ ਕਰ ਰਹੀ ਹੈ।

ਕੁੱਲ ਮਿਲਾ ਕੇ ਅਸੀਂ ਬਹੁਤ ਖ਼ਤਰਨਾਕ ਪੜਾਅ 'ਤੇ ਪਹੁੰਚ ਗਏ ਹਾਂ ਅਤੇ ਸੰਭਵ ਹੈ ਕਿ ਮਨੁੱਖੀ ਗਤੀਵਿਧੀਆਂ ਇਸ ਦੀ ਤਬਾਹੀ ਦਾ ਕਾਰਨ ਬਣ ਸਕਦੀਆਂ ਹਨ। ਅੱਜ ਦੇ ਯੁੱਗ ਵਿਚ ਸਮੱਸਿਆ ਸਿਰਫ਼ ਕੁਦਰਤੀ ਸੋਮਿਆਂ ਨੂੰ ਨਸ਼ਟ ਕਰਨ ਦੀ ਨਹੀਂ ਹੈ, ਸਗੋਂ ਅਸੀਂ ਸਭ ਕੁਝ ਬਦਲ ਰਹੇ ਹਾਂ। ਵਾਯੂਮੰਡਲ ਬਦਲਿਆ, ਜ਼ਮੀਨ ਦੀ ਬਣਤਰ ਬਦਲੀ, ਸਧਾਰਨ ਫਸਲਾਂ ਤੋਂ ਜੈਨੇਟਿਕ ਤੌਰ 'ਤੇ ਸੋਧੀਆਂ ਫਸਲਾਂ ਵੱਲ ਚਲੇ ਗਏ, ਨਵੇਂ ਜਾਨਵਰ ਪੈਦਾ ਕਰਨੇ ਸ਼ੁਰੂ ਕਰ ਦਿੱਤੇ, ਜੀਨਾਂ ਦੇ ਪੱਧਰ 'ਤੇ ਜੀਵਨ ਨਾਲ ਛੇੜਛਾੜ ਕੀਤੀ। ਹੁਣ ਆਰਟੀਫੀਸ਼ੀਅਲ ਇੰਟੈਲੀਜੈਂਸ ਦਾ ਦੌਰ ਆ ਗਿਆ ਹੈ। ਸੰਭਵ ਹੈ ਕਿ ਆਉਣ ਵਾਲੇ ਸਮੇਂ ਵਿਚ ਧਰਤੀ 'ਤੇ ਸਭ ਕੁਝ ਬਦਲ ਜਾਵੇਗਾ, ਪਰ ਕੁਦਰਤ 'ਤੇ ਇਸ ਦਾ ਕੀ ਪ੍ਰਭਾਵ ਪਵੇਗਾ, ਇਹ ਕੋਈ ਨਹੀਂ ਜਾਣਦਾ।

ਇਨ੍ਹਾਂ ਚੁਣੌਤੀਆਂ ਦੇ ਉਲਟ ਜੇਕਰ ਅਸੀਂ ਦਰਿਆਵਾਂ ਦੇ ਕੁਦਰਤੀ ਮਾਰਗ ਨੂੰ ਤਿਆਰ ਕਰਨ ਦੀ ਕੋਸ਼ਿਸ਼ ਕਰੀਏ, ਤਾਂ ਇਸ ਵਿਚ ਵੀ ਹੜ੍ਹਾਂ ਨੂੰ ਕੰਟਰੋਲ ਕਰਨ ਦੀਆਂ ਬਹੁਤ ਸੰਭਾਵਨਾਵਾਂ ਹਨ। ਇਸ ਨਾਲ ਹੜ੍ਹਾਂ ਕਾਰਨ ਹੋਣ ਵਾਲੇ ਨੁਕਸਾਨ ਨੂੰ ਵੀ ਘੱਟ ਕੀਤਾ ਜਾਵੇਗਾ। ਜਿਨ੍ਹਾਂ ਇਲਾਕਿਆਂ ਵਿਚ ਅਕਸਰ ਹੜ੍ਹ ਆਉਂਦੇ ਹਨ, ਉੱਥੇ ਜ਼ਮੀਨਾਂ ਦੀਆਂ ਕੀਮਤਾਂ ਜ਼ਿਆਦਾ ਨਹੀਂ ਹਨ। ਇਸੇ ਲਈ, ਸਮਾਜ ਦੇ ਸਭ ਤੋਂ ਕਮਜ਼ੋਰ ਵਰਗ ਦੇ ਲੋਕ ਹੀ ਅਜਿਹੇ ਜ਼ੋਖਮ ਭਰੇ ਖੇਤਰਾਂ ਵਿਚ ਵਸਦੇ ਹਨ। ਜੋ ਆਪਣੀ ਜ਼ਿੰਦਗੀ ਬਹੁਤ ਖਤਰਨਾਕ ਥਾਂ 'ਤੇ ਬਿਤਾਉਂਦੇ ਹਨ। ਉਨ੍ਹਾਂ ਨੂੰ ਸਰਕਾਰੀ ਸਕੀਮਾਂ ਅਤੇ ਸੇਵਾਵਾਂ ਦਾ ਲਾਭ ਵੀ ਨਹੀਂ ਮਿਲਦਾ। ਅਜਿਹੇ ਲੋਕਾਂ ਨੂੰ ਜੇਕਰ ਹੋਰ ਥਾਵਾਂ 'ਤੇ ਵਸਾਇਆ ਜਾਂਦਾ ਹੈ, ਤਾਂ ਉਨ੍ਹਾਂ ਨੂੰ ਗਰੀਬੀ ਦੇ ਦੁਸ਼ਟ ਚੱਕਰ ਤੋਂ ਮੁਕਤ ਹੋਣ ਦਾ ਮੌਕਾ ਮਿਲੇਗਾ। ਉਹ ਹਰ ਸਾਲ ਆਉਣ ਵਾਲੇ ਹੜ੍ਹਾਂ ਦੀ ਤਬਾਹੀ ਤੋਂ ਬਚ ਸਕਣਗੇ। ਇਸ ਨਾਲ ਉਨ੍ਹਾਂ ਦੇ ਸੀਮਤ ਪੂੰਜੀ ਸਰੋਤਾਂ ਨੂੰ ਬਚਾਉਣ ਵਿਚ ਵੀ ਮਦਦ ਮਿਲੇਗੀ।

# ਗੁਰਦੁਆਰਾ ਭਾਈ ਲਾਲੋ ਜੀ ਪਿੰਡ ਸ਼ਰੀਹ (ਲੁਧਿਆਣਾ)


ਰਮੇਸ਼ ਬੱਗਾ ਚੋਹਲਾ
ਲੁਧਿਆਣਾ, ਮੋਬ : 94631-32719
(Punjab Mail USA)


ਗੁਰਦੁਆਰੇ ਤੋਂ ਭਾਵ ਉਹ ਧਾਰਮਿਕ ਅਤੇ ਸਮਾਜਿਕ ਕੇਂਦਰ ਹਨ, ਜਿਥੇ ਗੁਰੂ ਨਾਨਕ ਨਾਮ-ਲੇਵਾ ਸੰਗਤ ਨੂੰ ਧਰਮ ਕਮਾਉਣ ਅਤੇ ਹੰਡਾਉਣ ਲਈ ਸਿਧਾਂਤਕ ਅਤੇ ਵਿਹਾਰਕ ਉਪਦੇਸ਼ ਦਿੱਤਾ ਜਾਂਦਾ ਹੈ। ਇਹ ਉਪਦੇਸ਼ ਜਿਥੇ ਜੀਵ ਨੂੰ ਉਸ ਦੇ ਪਰਮ ਉਦੇਸ਼ "ਵਿਚਿ ਦੁਨੀਆ ਸੇਵ ਕਮਾਈਐ॥ ਤਾ ਦਰਗਹ ਬੈਸਣੁ ਪਾਈਐ॥" ਬਾਰੇ ਗਿਆਤ ਕਰਵਾਉਂਦਾ ਹੈ, ਉੱਥੇ ਇਸ ਉਦੇਸ਼ ਦੀ ਪੂਰਤੀ ਹਿੱਤ ਸੱਚੇ ਮਾਰਗ 'ਤੇ ਚੱਲਣ ਲਈ ਵੀ ਪ੍ਰੇਰਦਾ ਰਹਿੰਦਾ ਹੈ। ਇਸ ਬੈਸਣੁ ਲਈ ਜੀਵ ਨੇ ਜਿਥੇ ਆਪਣੇ ਮੂਲ ਨੂੰ ਪਹਿਚਾਣਨਾ ਭਾਵ ਆਪਾ ਸੰਵਾਰਨਾ ਹੈ, ਉਥੇ ਪਰਮ-ਪਿਤਾ ਨੂੰ ਜਾਣਨਾ (ਗੁਣਾਂ ਦੀ ਸਾਂਝ ਕਰਕੇ) ਵੀ ਹੈ। ਇਸ ਇਲਾਹੀ ਜਾਣ-ਪਹਿਚਾਣ ਦੀ ਸੋਝੀ (ਗੁਰੂ ਦੁਆਰੈ ਹੋਇ ਸੋਝੀ ਪਾਇਸੀ) ਪ੍ਰਦਾਨ ਕਰਨ ਵਿਚ ਗੁਰਦੁਆਰਿਆਂ ਦੀ ਇੱਕ ਅਹਿਮ ਭੂਮਿਕਾ ਰਹੀ ਹੈ। ਇਸ ਤਰ੍ਹਾਂ ਦੀ ਹੀ ਭੂਮਿਕਾ ਨਿਭਾਅ ਰਿਹਾ ਹੈ ਗੁਰੂ ਨਾਨਕ ਦੇਵ ਜੀ ਦੇ ਪਿਆਰੇ (ਕਿਰਤੀ) ਸਿੱਖ ਭਾਈ ਲਾਲੋ ਦੀ ਦੀ ਯਾਦ ਵਿਚ ਲੁਧਿਆਣਾ-ਮਲੇਰਕੋਟਲਾ ਰੋਡ 'ਤੇ ਵੱਸੇ ਪਿੰਡ ਸ਼ਰੀਹ 'ਚ ਬਣਿਆ ਗੁਰਦੁਆਰਾ ਭਾਈ ਲਾਲੋ ਜੀ।





ਫੋਟੋ : ਚਰਨਦਾਸ

ਅਣਵੰਡੇ ਪੰਜਾਬ ਦੇ ਪਿੰਡ ਸੈਦਪੁਰ/ਐਮਨਬਾਦ ਦਾ ਵਸਨੀਕ ਭਾਈ ਲਾਲੋ ਹੱਥਾਂ ਦਾ ਸਚਿਆਰਾ ਹੋਣ ਦੇ ਨਾਲ-ਨਾਲ ਪਰਉਪਕਾਰੀ ਜਿਉੜਾ ਵੀ ਸੀ। ਆਪਣੀ ਪਹਿਲੀ ਉਦਾਸੀ (1500ਈ.) ਸਮੇਂ ਜਦੋਂ ਜਗਤ ਗੁਰੂ ਨਾਨਕ ਦੇਵ ਜੀ ਆਪਣੇ ਸਾਥੀ ਭਾਈ ਮਰਦਾਨੇ ਨੂੰ ਨਾਲ ਲੈ ਕੇ ਭਾਈ ਲਾਲੋ ਦੇ ਗ੍ਰਹਿ ਵਿਖੇ ਪਹੁੰਚੇ, ਤਾਂ ਉਸ ਨੇ ਬੜੇ ਅਦਬ ਤੇ ਪਿਆਰ ਨਾਲ ਦੋਵਾਂ ਨੂੰ ਭੋਜਨ ਛਕਾਇਆ। ਭੋਜਨ ਵਿਚ ਭਾਵੇਂ ਕੋਧਰੇ ਦੀ ਰੋਟੀ ਹੀ ਸੀ ਪਰ ਜਿਸ ਭਾਵਨਾ ਨਾਲ ਬਾਬੇ ਨੂੰ ਛਕਾਈ ਗਈ, ਉਹ ਬੜੀ ਉੱਚੀ ਅਤੇ ਸੁੱਚੀ ਸੀ। ਬਾਬੇ ਨੇ ਇਸ ਭਾਵਨਾ ਨੂੰ ਸਮਝਦਿਆਂ ਹੋਇਆਂ ਮਲਕ ਦੇ ਬਹੁਮੁੱਲੇ ਭੋਜਨ ਨੂੰ ਮੂੰਹ ਲਾਉਣ ਤੋਂ ਇਨਕਾਰ ਕਰ ਦਿੱਤਾ। ਇਸ ਤਰ੍ਹਾਂ ਕਰਕੇ ਗੁਰੂ ਨਾਨਕ ਦੇਵ ਨੇ ਜਿਥੇ ਕਿਰਤ ਦੇ ਮਾਣ ਨੂੰ ਵਧਾਇਆ, ਉੱਥੇ ਨਾਲ ਹੀ ਸਿੱਖ ਧਰਮ ਵਿਚ ਕਿਰਤੀ ਦਾ ਸਤਿਕਾਰ ਵੀ ਕਾਇਮ ਕਰ ਦਿੱਤਾ। ਇਹ ਸਤਿਕਾਰ ਹੋਰ ਵੀ ਵੱਧ ਗਿਆ, ਜਦੋਂ ਭਾਈ ਲਾਲੋ ਨੂੰ ਸੰਬੋਧਿਤ ਹੁੰਦੇ ਹੋਏ ਬਾਬੇ ਨੇ 'ਖ਼ਸਮ ਦੀ ਬਾਣੀ' ਦੇ ਅਨੁਸਾਰ ਜੀਵਨ ਜਿਉਣ ਲਈ ਉਪਦੇਸ਼ ਦਿੱਤਾ। ਇਸ ਉਪਦੇਸ਼ ਸਦਕਾ ਭਾਈ ਲਾਲੋ ਸਾਰੀ ਹਯਾਤੀ ਹੱਥ ਦੀ ਕਾਰ ਨਾਲ ਜੁੜਿਆ ਰਿਹਾ ਅਤੇ ਭਟਕਣ ਭਰੀਆਂ ਰਾਹਾਂ ਵੱਲੋਂ ਮੁੜਿਆ ਰਿਹਾ।

ਕਿਰਤ-ਬਿਰਤ ਨੂੰ ਉਭਾਰਨ ਲਈ ਅਤੇ ਭਾਈ ਲਾਲੋ ਦੀ ਸਿੱਖਿਆ ਨੂੰ ਪ੍ਰਚਾਰਨ ਲਈ ਰਾਮਗੜ੍ਹੀਏ ਭਾਈਚਾਰੇ ਵੱਲੋਂ ਲੁਧਿਆਣੇ ਜ਼ਿਲ੍ਹੇ ਦੇ ਪਿੰਡ ਸ਼ਰੀਹ ਤੋਂ ਲੱਗਭਗ ਇੱਕ ਕਿਲੋਮੀਟਰ ਦੀ ਦੂਰੀ 'ਤੇ ਗੁਰਦੁਆਰਾ ਭਾਈ ਲਾਲੋ ਜੀ ਉਸਾਰਿਆ ਗਿਆ ਹੈ।


ਇਸ ਸਥਾਨ 'ਤੇ ਹਰ ਸਾਲ 24 ਸਤੰਬਰ ਨੂੰ ਭਾਈ ਲਾਲੋ ਦਾ ਜਨਮ ਦਿਹਾੜਾ ਬੜੀ ਸ਼ਰਧਾ ਅਤੇ ਧੂਮ-ਧਾਮ ਨਾਲ ਮਨਾਇਆ ਜਾਂਦਾ ਹੈ। ਇਸ ਤੋਂ ਇਲਾਵਾ ਹਰੇਕ ਮਹੀਨੇ ਆਖ਼ਰੀ ਐਤਵਾਰ ਵਾਲੇ ਦਿਨ ਵੀ ਵਿਸ਼ੇਸ਼ ਗੁਰਮਿਤ ਸਮਾਗਮ ਕੀਤੇ ਜਾਂਦੇ ਹਨ, ਜਿਸ ਵਿਚ ਕਈ ਰਾਗੀ, ਢਾਡੀ ਅਤੇ ਕਥਾਵਾਚਕ ਆਪਣੀਆਂ ਹਾਜ਼ਰੀਆਂ ਭਰਦੇ ਹਨ।

# ਗੁਰਦੁਆਰਾ ਮੱਲ ਅਖਾੜਾ ਪਾਤਸ਼ਾਹੀ ਛੇਵੀਂ

## ਸਿੱਖ ਇਤਿਹਾਸ ਦੇ ਝਰੋਖੇ 'ਚੋਂ

-ਦਿਲਜੀਤ ਸਿੰਘ ਬੇਦੀ
(Punjab Mail USA)





ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਪ੍ਰਕਾਸ਼ 9 ਜੂਨ, 1595 ਈਸਵੀ ਨੂੰ ਗੁਰੂ ਦੀ ਵਡਾਲੀ, ਜ਼ਿਲ੍ਹਾ ਅੰਮ੍ਰਿਤਸਰ ਵਿਖੇ ਹੋਇਆ। ਆਪ ਗੁਰੂ ਅਰਜਨ ਦੇਵ ਅਤੇ ਮਾਤਾ ਗੰਗਾ ਜੀ ਦੇ 'ਵਡ ਜੋਧੇ ਤੇ ਬਹੁ ਪਰਉਪਕਾਰੀ' ਸਪੁੱਤਰ ਸਨ। ਆਪ ਦੇ ਸਰੀਰਕ ਬਲ ਅਤੇ ਯੁੱਧ ਨੀਤੀ ਬਾਰੇ ਅਨੇਕਾਂ ਬਿਰਤਾਂਤ ਸੁਣਨ ਨੂੰ ਮਿਲਦੇ ਹਨ। ਇਨ੍ਹਾਂ ਦੇ ਤਿੰਨ ਮਹਿਲ ਸੁਪਤਨੀਆਂ 'ਮਾਤਾ ਦਮੋਦਰੀ ਜੀ, ਮਾਤਾ ਨਾਨਕੀ ਜੀ ਅਤੇ ਮਾਤਾ ਮਹਾਂਦੇਵੀ' ਜੀ ਸਨ। ਆਪ ਜੀ ਦੇ ਪੰਜ ਸਾਹਿਬਜ਼ਾਦੇ - ਬਾਬਾ ਗੁਰਦਿੱਤਾ ਜੀ, ਬਾਬਾ ਸੂਰਜ ਮੱਲ ਜੀ, ਬਾਬਾ ਅਣੀ ਰਾਇ ਜੀ, ਬਾਬਾ ਅਟਲ ਰਾਇ ਜੀ ਅਤੇ (ਗੁਰੂ) ਤੇਗ਼ ਬਹਾਦਰ ਜੀ ਅਤੇ ਇੱਕ ਧੀ ਬੀਬੀ ਵੀਰੋ ਜੀ ਸਨ। ਸ੍ਰੀ ਅਕਾਲ ਤਖ਼ਤ ਦੀ ਸਥਾਪਨਾ ਤੇ ਲੋਹਗੜ੍ਹ ਵਰਗੇ ਕਿਲ੍ਹੇ ਬਣਾਉਣਾ ਉਨ੍ਹਾਂ ਦੀ ਸੁਚੱਜੀ ਵਿਉਂਤ ਸੀ। ਉਨ੍ਹਾਂ ਨੇ ਕੀਰਤਪੁਰ, ਮਹਿਰਾਜ, ਸ੍ਰੀ ਹਰਿਗੋਬਿੰਦ ਪੁਰ ਵਰਗੇ ਨਗਰ ਵਸਾਏ। ਸ੍ਰੀ ਅਕਾਲ ਤਖ਼ਤ ਦੀ ਸਿਰਜਨਾ ਸਮੇਂ ਭਵਿੱਖ ਨੂੰ ਤੱਕਦਿਆਂ ਉਨ੍ਹਾਂ ਫੌਜ ਤਿਆਰ ਕੀਤੀ ਅਤੇ ਮੱਲ ਅਖਾੜੇ ਸਥਾਪਤ ਕੀਤੇ।

ਸਿੱਖ ਇਤਿਹਾਸ ਵਿਚ ਗਤਕੇ ਜਾਂ ਯੁੱਧ-ਕਲਾ ਦੀ ਝਲਕ ਬਾਬਾ ਬੁੱਢਾ ਜੀ ਦੇ ਜੀਵਨ ਕਾਲ ਤੋਂ ਮਿਲਦੀ ਹੈ, ਜਿਨ੍ਹਾਂ ਨੇ 'ਅਕਾਲੀ ਸੈਨਾ' ਜਾਂ 'ਬੁੱਢਾ ਦਲ' ਨਾਂ ਦੇ ਫੌਜੀ ਜੱਥੇ ਨੂੰ ਆਪਣੀ ਨਿਗਰਾਨੀ ਵਿਚ ਸਿਖਲਾਈ ਦਿਤੀ। ਛੇਵੇਂ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਸ਼ਸਤਰ ਕਲਾ ਬਾਰੇ ਅਨੇਕਾਂ ਕਹਾਣੀਆਂ ਅੱਜ ਵੀ ਸੁਣੀਂਦੀਆਂ ਹਨ। ਸ੍ਰੀ ਤਿਆਗ ਮੱਲ ਜੀ ਦੀ ਸ਼ਸਤਰ ਕਲਾ ਵੇਖ ਕੇ ਹੀ ਗੁਰੂ ਪਿਤਾ ਨੇ ਉਨ੍ਹਾਂ ਦਾ ਨਾਂ ਬਦਲ ਕੇ ਤੇਗ਼ ਬਹਾਦਰ ਤੇਗ ਦੇ ਧਨੀ ਰੱਖ ਦਿੱਤਾ ਸੀ। ਦਸਮ ਪਿਤਾ ਗੁਰੂ ਗੋਬਿੰਦ ਸਿੰਘ ਜੀ ਨੇ ਤਾਂ ਸਿੱਖ ਪੰਥ ਨੂੰ ਤਲਵਾਰ ਦਾ ਧਨੀ ਬਣਾ ਕੇ ਖਾਲਸਾ ਪੰਥ ਦਾ ਜਲਾਲੀ ਰੂਪ ਦੇ ਦਿੱਤਾ, ਜਿਨ੍ਹਾਂ ਨੇ ਸਮੇਂ ਦੀਆਂ ਵਿਰੋਧੀ ਤਾਕਤਾਂ ਨੂੰ ਹਰ ਵਾਰ ਹਰਾਇਆ।

ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਇੱਕ ਕਿਲੋਮੀਟਰ ਦੀ ਦੂਰੀ 'ਤੇ ਗੁ: ਮੱਲ ਅਖਾੜਾ ਸਾਹਿਬ ਸੁਸ਼ੋਭਿਤ ਹੈ। ਇਥੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਸੇਵਕ ਤੇ ਫੌਜ ਦੇ ਨੌਜੁਆਨ ਕਸਰਤ, ਕੁਸ਼ਤੀਆਂ ਕਰਦੇ ਤੇ ਹੋਰ ਜੰਗਜੂ ਖੇਡਾਂ ਖੇਡਿਆ ਕਰਦੇ ਸਨ। "ਆਪੇ ਛਿੰਝ ਪਵਾਇ ਮਲਾਖੜਾ ਰਚਿਆ॥" (ਰਾਗ ਮਲਾਰ ਅੰਗ 1280)। ਗੁ: ਮੱਲ ਅਖਾੜਾ ਸਾਹਿਬ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦਾ ਪਵਿੱਤਰ ਮੁਕੱਦਸ ਅਸਥਾਨ ਹੈ, ਜਿਥੇ ਗੁਰੂ ਜੀ ਸਿੱਖਾਂ ਨੂੰ ਸ਼ਸਤਰ ਵਿਦਿਆ, ਘੋੜ ਸਵਾਰੀ ਅਤੇ ਪਹਿਲਵਾਨਾਂ ਨੂੰ ਜ਼ੋਰ ਕਰਵਾਇਆ ਕਰਦੇ ਸਨ। ਇਸ ਥਾਂ ਉਪਰ ਸਰੀਰਕ ਕਸਰਤਾਂ ਕਰਵਾਉਣ ਲਈ ਗੁਰੂ ਸਾਹਿਬ ਆਪ ਪੈਂਦੇ ਖਾਂ ਨਾਲ ਜ਼ੋਰ ਕਰਦੇ ਸਨ, ਜਿਸ ਕਰਕੇ ਇਸ ਅਸਥਾਨ ਦਾ ਨਾਂ ਮੱਲ ਅਖਾੜਾ ਪਾਤਸ਼ਾਹੀ ਛੇਵੀਂ ਪ੍ਰਸਿੱਧ ਹੋਇਆ। ਇਥੇ ਬਹੁਤ ਸੁੰਦਰ ਬੁੱਢਾ ਦਲ ਵੱਲੋਂ ਗੁਰਦੁਆਰਾ ਸਾਹਿਬ ਪਾਤਸ਼ਾਹੀ ਛੇਵੀਂ ਬਣਾਇਆ ਗਿਆ ਹੈ। ਉਹ ਪਾਵਨ ਪਵਿੱਤਰ ਥੜ੍ਹਾ ਜਿਸ 'ਤੇ ਗੁਰੂ ਹਰਿਗੋਬਿੰਦ ਸਾਹਿਬ ਸੁਸ਼ੋਭਿਤ ਹੋ ਕੇ ਮੱਲ ਅਖਾੜੇ ਦੇ ਜੋਹਰ ਦੇਖਦੇ ਸਨ, ਪੂਰਨ ਤੌਰ 'ਤੇ ਸੁਰੱਖਿਅਤ ਹੈ। ਗੁਰਦੁਆਰਾ ਸਾਹਿਬ ਦੀ ਇਮਾਰਤ ਦੇ ਹੇਠਾਂ ਭੋਰਾ ਸਾਹਿਬ ਵਿਖੇ ਇਹ ਥੜ੍ਹਾ ਸਾਹਿਬ ਸੁਸ਼ੋਭਿਤ ਹੈ "ਹਉ ਗੋਸਾਈ ਦਾ ਪਹਿਲਵਾਨੜਾ॥ ਮੈ ਗੁਰ ਮਿਲਿ ਉਚ ਦੁਮਾਲੜਾ॥" (ਸਿਰੀਰਾਗੁ ਮ: 5, ਅੰਗ 74 ਗੁਰੂ ਨਾਨਕ ਦੇਵ ਜੀ)। ਰਣਜੀਤ ਅਖਾੜਾ ਇਸ ਥਾਂ ਤੋਂ ਹੀ ਸ਼ੁਰੂ ਹੋਇਆ ਹੈ।

ਗੁਰਦੁਆਰਾ ਸਾਹਿਬ ਦੇ ਨਾਲ ਹੀ ਇੱਕ ਪੁਰਾਤਨ ਖੂਹ ਹੈ। ਇਥੋਂ ਹੀ ਜਲ ਕੱਢ ਕੇ ਕਸਰਤ ਕਰਨ ਵਾਲੇ ਸਿੱਖ ਇਸ਼ਨਾਨ ਕਰਿਆ ਕਰਦੇ ਸਨ। ਇਹ ਪੁਰਾਤਨ ਖੂਹ ਲੰਮਾ ਅਰਸਾ ਬੰਦ ਰਹਿਣ ਕਾਰਨ ਖਸਤਾ ਹਾਲਤ ਵਿਚ ਇੱਕ ਤਰ੍ਹਾਂ ਨਾਲ ਬੰਦ ਹੀ ਹੋ ਗਿਆ ਹੈ। ਨਿਹੰਗ ਸਿੰਘਾਂ ਦੇ ਮੁਖੀ ਸਿੰਘ ਸਾਹਿਬ ਬਾਬਾ ਬਲਬੀਰ ਸਿੰਘ ਨਿੱਜੀ ਦਿਲਚਸਪੀ ਲੈ ਕੇ ਇਸ ਦੀ ਧੁਰੋਂ ਸਫਾਈ ਕਰਵਾ ਕੇ ਇਸ ਨੂੰ ਦੁਬਾਰਾ ਪੁਰਾਤਨ ਸਰੂਪ ਵਿਚ ਮੁੜ ਸੁਰਜੀਤ ਕਰਨ ਲਈ ਯਤਨਸ਼ੀਲ ਤੇ ਪੂਰਨ ਆਸਵੰਦ ਹਨ।

ਗੁਰਦੁਆਰਾ ਮੱਲ ਅਖਾੜਾ ਸਾਹਿਬ ਦੀ ਪੁਰਾਣੀ ਬਿਲਡਿੰਗ ਵਧਾ ਕੇ ਹੁਣ ਅਜੋਕੇ ਸਮੇਂ ਅਨੁਸਾਰ ਬਣਾਈ ਗਈ ਹੈ। ਹਰ ਸਾਲ ਬੁੱਢਾ ਦਲ (ਦਿਵਾਲੀ) ਬੰਦੀ ਛੋੜ ਦਿਵਸ 'ਤੇ ਇਸੇ ਅਸਥਾਨ 'ਤੇ ਪੜਾ ਕਰਕੇ ਮਨਾਉਂਦਾ ਹੈ। ਅਖੰਡ ਪਾਠਾਂ ਦੇ ਭੋਗ ਉਪਰੰਤ ਰਹਿਰਾਸ ਸਾਹਿਬ ਵੇਲੇ ਸ੍ਰੀ ਅਕਾਲ ਤਖ਼ਤ ਸਾਹਿਬ ਤੇ ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ ਜੀ 96 ਕਰੋੜੀ ਮੁਖੀ ਬੁੱਢਾ ਦਲ ਪੰਜਵਾਂ ਤਖ਼ਤ ਚੱਕਰਵਰਤੀ ਦੀ ਅਗਵਾਈ ਹੇਠ ਸਮੂਹ ਨਿਹੰਗ ਸਿੰਘ ਦਲ ਇਕੱਤਰ ਹੋ ਕੇ ਨਤਮਸਤਕ ਹੁੰਦੇ ਹਨ। ਨਿਹੰਗ ਸਿੰਘਾਂ ਦੀ ਪੁਰਾਤਨ ਰਵਾਇਤ ਮੁਤਾਬਕ ਸਵੱਈਏ ਦੀ ਬਾਣੀ ਪੜੀ ਜਾਂਦੀ ਹੈ। ਉਪਰੰਤ ਨਿਹੰਗ ਸਿੰਘਾਂ ਦੇ ਜਥੇ ਦਸਮ ਦੀ ਬਾਣੀ ਦਾ ਕੀਰਤਨ ਕਰਦੇ ਹਨ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਵੱਲੋਂ ਬੁੱਢਾ ਦਲ ਦੇ ਮੁਖੀ ਦਾ ਸਨਮਾਨ ਕੀਤਾ ਜਾਂਦਾ ਹੈ। ਉਪਰੰਤ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਜਥੇਦਾਰ ਅਤੇ ਬੁੱਢਾ ਦਲ ਦਾ ਮੁਖੀ ਸਾਰੇ ਨਿਹੰਗ ਸਿੰਘਾਂ ਦਲਾਂ ਦੇ ਮੁਖੀਆਂ ਦਾ ਸਨਮਾਨ ਸਾਂਝੇ ਰੂਪ ਵਿਚ ਕਰਦੇ ਹਨ। ਅਗਲੇ ਦਿਨ ਮਹੱਲਾ ਚੜਦਾ ਹੈ, ਨਿਹੰਗ ਸਿੰਘ ਫੌਜਾਂ ਗੱਤਕਾ ਦੇ ਜੰਗੀ ਕਰਤੱਵ ਤੇ ਘੋੜ ਦੌੜ ਕਰਦੇ ਹਨ। ਮਹੱਲੇ ਦੀਆਂ ਜੰਗਜੂ ਖੇਡਾਂ ਉਪਰੰਤ ਨਿਹੰਗ ਸਿੰਘਾਂ ਦੇ ਜਥੇਦਾਰ ਸਾਹਿਬਾਨਾਂ ਵਲੋਂ ਜੇਤੂਆਂ ਨੂੰ ਇਨਾਮ ਦਿੱਤੇ ਜਾਂਦੇ ਹਨ। ਇਸੇ ਅਸਥਾਨ 'ਤੇ ਹਰ ਸਾਲ ਬੁੱਢਾ ਦਲ ਦੇ ਤੀਜੇ ਜਥੇਦਾਰ ਸਿੰਘ ਸਾਹਿਬ ਨਵਾਬ ਕਪੂਰ ਸਿੰਘ ਜੀ, ਚੌਥੇ ਜਥੇਦਾਰ ਸਿੰਘ ਸਾਹਿਬ ਬਾਬਾ ਜੱਸਾ ਸਿੰਘ ਜੀ ਆਹਲੂਵਾਲੀਆ ਤੇ ਛੇਵੇਂ ਜਥੇਦਾਰ ਅਕਾਲੀ ਬਾਬਾ ਫੂਲਾ ਸਿੰਘ ਜੀ ਸ਼ਹੀਦ ਦੀ ਕ੍ਰਮਵਾਰ ਬਰਸੀ ਦੇ ਗੁਰਮਤਿ ਸਮਾਗਮ ਹੁੰਦੇ ਹਨ। ਗੁਰਦੁਆਰਾ ਸਾਹਿਬ ਦੇ ਨਾਲ ਹੀ ਚੜ੍ਹਦੇ ਪਾਸੇ ਬੁੱਢਾ ਦਲ ਦੇ 10ਵੇਂ ਮੁਖੀ ਬਾਬਾ ਤੇਜਾ ਸਿੰਘ ਅਤੇ ਲਹਿਦੇ ਪਾਸੇ 11ਵੇਂ ਮੁਖੀ ਬਾਬਾ ਸਾਹਿਬ ਸਿੰਘ ਕਲਾਧਾਰੀ ਦੇ ਅੰਗੀਠੇ ਸੁਸ਼ੋਭਿਤ ਹਨ।

# ਨੌਜਵਾਨ, ਪ੍ਰਵਾਸ ਤੇ ਧੋਖਾਧੜੀ

ਰਜਵਿੰਦਰ ਪਾਲ ਸ਼ਰਮਾ
ਬਠਿੰਡਾ
70873-67969
(Punjab Mail USA)





ਅੱਜ ਤੋਂ ਨਹੀਂ ਮਨੁੱਖ ਸਦੀਆਂ ਤੋਂ ਹੀ ਆਪਣੀ ਹੋਂਦ ਨੂੰ ਬਚਾਉਣ ਅਤੇ ਭੋਜ਼ਨ ਦੀ ਤਲਾਸ਼ ਵਿਚ ਪ੍ਰਵਾਸ ਦਾ ਸਹਾਰਾ ਲੈਂਦਾ ਰਿਹਾ ਹੈ। ਇੱਕ ਸਥਾਨ ਤੋਂ ਦੂਜੇ ਸਥਾਨ 'ਤੇ ਜਾਣਾ ਅਤੇ ਫਿਰ ਆਪਣੇ ਮੁੱਢਲੇ ਸਥਾਨ 'ਤੇ ਵਾਪਸ ਪਰਤਣਾ ਉਸ ਦੀ ਜ਼ਿੰਦਗੀ ਦਾ ਹਿੱਸਾ ਸੀ। ਜੰਗਲਾਂ ਵਿਚ ਰਹਿੰਦਾ ਹੋਇਆ ਮਨੁੱਖ ਆਪਣੀ ਬੌਧਿਕਤਾ ਅਨੁਸਾਰ ਕੰਪਾਸ ਅਤੇ ਤਾਰਿਆਂ ਦੀ ਸਥਿਤੀ ਦੀ ਓਟ ਲੈਂਦਾ ਹੋਇਆ ਯਾਤਰਾ ਕਰਦਾ, ਪਰ ਸਮੇਂ ਦੇ ਬਦਲਣ ਅਤੇ ਤਕਨਾਲੋਜੀ ਦੇ ਵਿਕਾਸ ਨੇ ਅਜੋਕੇ ਮਨੁੱਖ ਲਈ ਪ੍ਰਵਾਸ ਦੀ ਪ੍ਰੀਭਾਸ਼ਾ ਹੀ ਬਦਲ ਦਿੱਤੀ ਹੈ। ਅਜੋਕੇ ਸਮੇਂ ਵਿਚ ਪ੍ਰਵਾਸ ਇਸ ਕਦਰ ਵਧ ਗਿਆ ਹੈ ਕਿ ਉਹ ਇਸ ਨੂੰ ਸੰਭਵ ਬਣਾਉਣ ਲਈ ਜਾਇਜ਼ ਅਤੇ ਨਾਜਾਇਜ਼ ਕੋਈ ਵੀ ਢੰਗ ਅਪਣਾਉਣ ਲਈ ਤਿਆਰ ਰਹਿੰਦਾ ਹੈ।

ਵਿਦਿਆਰਥੀ ਜੀਵਨ ਵਿਚ ਹਰੇਕ ਵਿਦਿਆਰਥੀ ਦਾ ਕੁਝ ਬਣਨ ਦਾ ਸੁਪਨਾ ਜ਼ਰੂਰ ਹੁੰਦਾ ਹੈ, ਕੋਈ ਡਾਕਟਰ ਬਣਨਾ ਚਾਹੁੰਦਾ ਹੈ, ਕੋਈ ਐਕਟਰ ਅਤੇ ਕੋਈ ਖਿਡਾਰੀ। ਪ੍ਰੰਤੂ ਅਜੋਕੇ ਸਮੇਂ ਵਿਚ ਜਦੋਂ ਵੀ ਕਿਸੇ ਵਿਦਿਆਰਥੀ ਤੋਂ ਉਸਦੇ ਸੁਪਨੇ ਬਾਰੇ ਪੁੱਛਿਆ ਜਾਂਦਾ ਹੈ, ਤਾਂ ਉਸ ਦਾ ਇੱਕ ਹੀ ਜਵਾਬ ਹੁੰਦਾ ਹੈ ਕਿ ਬਾਰ੍ਹਵੀਂ ਕਰ ਰਿਹਾ ਹਾਂ, ਇਸ ਤੋਂ ਬਾਅਦ ਆਈਲੈਟਸ ਕਰਕੇ ਬਾਹਰ ਜਾਣਾ ਹੈ।

ਆਈਲੈਟਸ ਕਰਨ ਦਾ ਰੁਝਾਨ ਵਿਦਿਆਰਥੀਆਂ ਵਿਚ ਇਸ ਕਦਰ ਵਧ ਗਿਆ ਹੈ ਕਿ ਹੁਣ ਹਰੇਕ ਛੋਟੇ-ਵੱਡੇ ਸ਼ਹਿਰ ਦੇ ਗਲੀਂ, ਮੁਹੱਲੇ ਅਤੇ ਚੌਂਕ ਵਿਚ ਹਜ਼ਾਰਾਂ ਆਈਲੈਟਸ ਸੈਂਟਰ ਚੱਲ ਰਹੇ ਹਨ, ਜਿਨ੍ਹਾਂ ਵਿਚ ਹਰ ਰੋਜ਼ ਹਜ਼ਾਰਾਂ ਵਿਦਿਆਰਥੀ ਵਿਦੇਸ਼ ਜਾਣ ਦਾ ਸੁਪਨਾ ਲੈ ਕੇ ਪਹੁੰਚ ਰਹੇ ਹਨ। ਧੜਾਧੜ ਖੁੱਲ੍ਹ ਰਹੇ ਆਈਲੈਟਸ ਸੈਂਟਰਾਂ ਕਰਕੇ ਪੰਜਾਬ ਵਿਚ ਉਚੇਰੀ ਸਿੱਖਿਆ ਦਿਨੋਂ-ਦਿਨ ਨਿਘਾਰ ਵੱਲ ਜਾ ਰਹੀ ਹੈ। ਆਏ ਸਾਲ ਹਜ਼ਾਰਾਂ ਕਾਲਜ ਬੰਦ ਹੋ ਰਹੇ ਹਨ। ਜਿਹੜੇ ਕਾਲਜ ਬਚੇ ਹਨ ਉਹ ਵਿਦਿਆਰਥੀਆਂ ਨੂੰ ਕੋਰਸ ਕਰਵਾਉਣ ਦੇ ਨਾਲ-ਨਾਲ ਆਈਲੈਟਸ ਦੀ ਕੋਚਿੰਗ ਮੁਫ਼ਤ ਵਿਚ ਕਰਵਾਉਣ ਦਾ ਲਾਲਚ ਦੇ ਰਹੇ ਹਨ।

ਨੌਜਵਾਨਾਂ ਨੂੰ ਵਿਦੇਸ਼ ਭੇਜਣ ਲਈ ਗਲੀਆਂ, ਮੁਹੱਲਿਆਂ ਵਿਚ ਬੈਠੇ ਟਰੈਵਲ ਏਜੰਟ ਵਿਦਿਆਰਥੀਆਂ ਦੇ ਭਵਿੱਖ ਨਾਲ ਖਿਲਵਾੜ ਕਰਕੇ ਉਨ੍ਹਾਂ ਦਾ ਭਵਿੱਖ ਬਰਬਾਦ ਕਰਦੇ ਹੋਏ ਪੈਸੇ ਨੂੰ ਪਾਣੀ ਦੀ ਤਰ੍ਹਾਂ ਵਹਾ ਰਹੇ ਹਨ। ਤਾਜ਼ਾ ਖਬਰਾਂ ਅਨੁਸਾਰ ਜਲੰਧਰ ਦੇ ਟ੍ਰੇਵਲ ਏਜੰਟ ਬ੍ਰਿਜੇਸ਼ ਮਿਸ਼ਰਾ ਚਰਚਾ ਵਿਚ ਹੈ, ਜਿਸ ਉੱਪਰ ਹਜ਼ਾਰਾਂ ਵਿਦਿਆਰਥੀਆਂ ਨਾਲ ਬਾਹਰ ਭੇਜਣ ਦੇ ਨਾਂ ਉੱਤੇ ਧੋਖਾਧੜੀ ਦੇ ਮਾਮਲੇ ਦਰਜ਼ ਹਨ। ਬ੍ਰਿਜੇਸ਼ ਵਰਗੇ ਟਰੈਵਲ ਏਜੰਟਾਂ ਗੁਪਤ ਚੋਰਮੋਰੀਆਂ ਰਾਹੀਂ ਪੰਜਾਬ ਦੇ ਹਜ਼ਾਰਾਂ ਵਿਦਿਆਰਥੀਆਂ ਨੂੰ ਮੌਤ ਦੇ ਮੂੰਹ ਵਿਚ ਭੇਜ ਰਹੇ ਹਨ। ਸਾਡੇ ਹਜ਼ਾਰਾਂ ਬੱਚੇ ਭੁੱਖ ਪਿਆਸ ਨਾ ਸਹਿੰਦੇ ਹੋਏ ਨਸ਼ਿਆਂ ਦਾ ਸਹਾਰਾ ਲੈ ਰਹੇ ਹਨ। ਲੜਕੀਆਂ ਵੀ ਟਰੈਵਲ ਏਜੰਟਾਂ ਦੇ ਹੱਥੇ ਚੜ੍ਹ ਕੇ ਨਸ਼ਿਆਂ ਦੇ ਨਾਲ-ਨਾਲ ਗੈਰ ਕਾਨੂੰਨੀ ਕੰਮਾਂ ਦੀ ਦਲਦਲ ਵਿਚ ਦਿਨੋਂ-ਦਿਨ ਧੱਸਦੀਆਂ ਜਾ ਰਹੀਆਂ ਹਨ। ਬ੍ਰਿਜੇਸ਼ ਵਰਗੇ ਪਤਾ ਨਹੀਂ ਕਿੰਨੇ ਟਰੈਵਲ ਏਜੰਟ ਅਜਿਹੇ ਹੋਰ ਹੋਣਗੇ, ਜਿਨ੍ਹਾਂ ਦੇ ਮੂੰਹੋਂ ਤੋਂ ਨਕਾਬ ਉਤਾਰ ਕੇ ਉਨ੍ਹਾਂ ਦਾ ਚਿਹਰਾ ਸਾਹਮਣੇ ਲਿਆਉਣਾ ਹਜੇ ਬਾਕੀ ਹੈ


ਟਰੈਵਲ ਏਜੰਟਾਂ ਨੂੰ ਨਕੇਲ ਪਾਉਣ ਅਤੇ ਵਿਦਿਆਰਥੀਆਂ ਨਾਲ ਹੋ ਰਹੀ ਧੋਖਾਧੜੀ ਰੋਕਣ ਲਈ ਸਰਕਾਰ ਨੂੰ ਮਜ਼ਬੂਤ ਕਾਨੂੰਨ ਵਿਵਸਥਾ ਦੇ ਨਾਲ-ਨਾਲ ਪ੍ਰਸ਼ਾਸਨ ਨੂੰ ਭ੍ਰਿਸ਼ਟਾਚਾਰ ਮੁਕਤ ਕਰਕੇ ਪਾਰਦਰਸ਼ਤਾ ਲਿਆਉਣੀ ਹੋਵੇਗੀ। ਵਿਦਿਆਰਥੀ ਦੇ ਖੱਜਲ-ਖੁਆਰ ਨੂੰ ਰੋਕਣ ਲਈ ਵਿਦੇਸ਼ਾਂ ਦੇ ਜਾਅਲੀ ਕਾਲਜਾਂ ਦੀ ਸੂਚੀ ਵੀ ਜਨਤਕ ਕਰਨੀ ਚਾਹੀਦੀ ਹੈ, ਤਾਂ ਜੋ ਵਿਦਿਆਰਥੀ ਕਾਲਜ ਦੀ ਚੋਣ ਵੇਲੇ ਸੁਚੇਤ ਰਹਿਣ। ਧੋਖਾਧੜੀ ਅਤੇ ਡੰਪੀ ਲਗਵਾਉਣ ਵਾਲੇ ਟਰੈਵਲ ਏਜੰਟਾਂ ਦੀ ਭਾਲ ਲਈ ਇੱਕ ਟਾਸਕ ਫੋਰਸ ਗਠਿਤ ਕਰ ਦੇਣੀ ਚਾਹੀਦੀ ਹੈ, ਤਾਂ ਜੋ ਝੂਠੇ ਅਤੇ ਠੱਗ ਟਰੈਵਲ ਏਜੰਟਾਂ ਨੂੰ ਜਨਤਕ ਕਰਕੇ ਕਾਨੂੰਨੀ ਕਟਹਿਰੇ ਵਿਚ ਲਿਆਕੇ ਸਜ਼ਾ ਦਿਵਾਈ ਜਾ ਸਕੇ।

ਵਿਦੇਸ਼ ਜਾ ਕੇ ਪੜ੍ਹਣਾ ਕੋਈ ਬੁਰੀ ਗੱਲ ਨਹੀਂ ਪਰ ਜਿਸ ਤਰ੍ਹਾਂ ਨੌਜਵਾਨ ਵਿਦੇਸ਼ਾਂ ਵੱਲ ਵਹੀਰਾਂ ਘੱਤ ਰਹੇ ਹਨ, ਉਸ ਪ੍ਰਕਾਰ ਨਾਲ ਤਾਂ ਪੰਜਾਬ ਆਉਣ ਵਾਲੇ ਦੋ ਤੋਂ ਤਿੰਨ ਸਾਲਾਂ ਵਿਚ ਖ਼ਾਲੀ ਹੋ ਜਾਵੇਗਾ, ਇਥੇ ਕੇਵਲ ਬਜ਼ੁਰਗ ਰਹਿ ਜਾਣਗੇ। ਨੌਜਵਾਨ ਕਿਸੇ ਵੀ ਦੇਸ਼ ਦੀ ਤਰੱਕੀ ਲਈ ਪਾਵਰ ਦਾ ਕੰਮ ਕਰਦੇ ਹਨ। ਸਾਡੇ ਨੌਜਵਾਨ ਵਿਦੇਸ਼ਾਂ ਵਿਚ ਜਾ ਕੇ ਉਥੇ ਦਿਨ ਰਾਤ ਇੱਕ ਕਰਕੇ ਵਿਦੇਸ਼ਾਂ ਦੀ ਆਰਥਿਕਤਾ ਵਿਚ ਵਾਧਾ ਕਰ ਰਹੇ ਹਨ। ਜੇਕਰ ਸਾਡੇ ਨੌਜਵਾਨਾਂ ਨੂੰ ਸਾਡੇ ਦੇਸ਼ ਵਿਚ ਹੀ ਉਨ੍ਹਾਂ ਦੀ ਯੋਗਤਾ ਅਨੁਸਾਰ ਰੋਜ਼ਗਾਰ ਦਿੱਤਾ ਜਾਵੇ, ਤਾਂ ਇਹ ਬ੍ਰੇਨ-ਡ੍ਰੇਨ ਰੋਕਿਆ ਜਾ ਸਕਦਾ ਹੈ। ਸਰਕਾਰਾਂ ਨੂੰ ਨੌਜਵਾਨ ਦੇ ਵਧ ਰਹੇ ਪ੍ਰਵਾਸ ਪ੍ਰਤੀ ਗੰਭੀਰਤਾ ਨਾਲ ਸੋਚਦੇ ਹੋਏ ਉਨ੍ਹਾਂ ਦੇ ਰੁਜ਼ਗਾਰ ਅਤੇ ਸਿੱਖਿਆ ਲਈ ਦੇਸ਼ ਵਿਚ ਹੀ ਮੌਕੇ ਪੈਦਾ ਕਰਨੇ ਚਾਹੀਦੇ ਹਨ, ਤਾਂ ਜੋ ਨੌਜਵਾਨਾਂ ਦੀ ਸ਼ਕਤੀ ਨੂੰ ਦੇਸ਼ ਵਿਚ ਹੀ ਵਰਤ ਕੇ ਤਰੱਕੀ ਵੱਲ ਵਧਿਆ ਜਾ ਸਕੇ।

### 23 ਜੁਲਾਈ ਜਨਮ ਦਿਨ ’ਤੇ ਵਿਸ਼ੇਸ਼ ਲੇਖ

# ਕਪਾਹਾਂ ਨੂੰ ਫੁੱਲ ਪੈਣ ਵਾਲੀ ਰੁੱਤ ਮੁੱਲ ਮੰਗਣ ਵਾਲਾ ਸ਼ਿਵ ਕੁਮਾਰ ਬਟਾਲਵੀ

ਸੁਖਵਿੰਦਰ ਸਿੰਘ ਮੁੱਲਾਂਪੁਰ
99141-84794
(Punjab Mail USA)



ਬਿਰਹੋਂ ਦੇ ਕਵੀ ਸ਼ਿਵ ਕੁਮਾਰ ਬਟਾਲਵੀ ਦਾ ਜਨਮ ਬੜਾ ਪਿੰਡ ਲੋਹਟੀਆਂ, ਤਹਿਸੀਲ ਸ਼ਕਰਗੜ੍ਹ, ਜ਼ਿਲ੍ਹਾ ਸਿਆਲਕੋਟ (ਪੱਛਮੀ ਪੰਜਾਬ) ਵਿਚ 23 ਜੁਲਾਈ 1936 ਨੂੰ ਪਿਤਾ ਪੰਡਤ ਕ੍ਰਿਸ਼ਨ ਗੋਪਾਲ ਦੇ ਘਰ ਮਾਤਾ ਸ਼ਾਂਤੀ ਦੇਵੀ ਦੀ ਕੁਖੋਂ ਹੋਇਆ। ਉਨ੍ਹਾਂ ਦੇ ਪਿਤਾ ਪੰਡਤ ਕ੍ਰਿਸ਼ਨ ਗੋਪਾਲ ਮਾਲ ਮਹਿਕਮੇ ’ਚ ਪਹਿਲਾਂ ਪਟਵਾਰੀ ਰਹੇ ਬਾਅਦ ’ਚ ਕੰਨਗੋ ਅਤੇ ਸੇਵਾਮੁਕਤੀ ਵੇਲੇ ਪਟਵਾਰ ਸਕੂਲ ਦੇ ਪ੍ਰਿੰਸੀਪਲ ਸਨ।

ਦੇਸ਼ ਦੀ ਵੰਡ ਤੋਂ ਬਾਅਦ 1947 ’ਚ ਇਹ ਪਰਿਵਾਰ ਬਟਾਲੇ ਜ਼ਿਲ੍ਹਾ ਗੁਰਦਾਸਪੁਰ ਆ ਵਸਿਆ। ਇੱਥੇ ਹੀ ਸ਼ਿਵ ਨੇ ਆਪਣੀ ਮੁੱਢਲੀ ਵਿਦਿਆ ਪ੍ਰਾਪਤ ਕੀਤੀ।

1953 ’ਚ ਇਸ ਨੇ ਸਾਲਵੇਸ਼ਨ ਆਰਮੀ ਹਾਈ ਸਕੂਲ ਤੋਂ ਦਸਵੀਂ ਪਾਸ ਕੀਤੀ। ਪਹਿਲਾਂ ਸ਼ਿਵ ਕੁਮਾਰ ਨੇ ਕ੍ਰਿਸ਼ਚੀਅਨ ਕਾਲਜ ਬਟਾਲੇ ਦਾਖ਼ਲਾ ਲਿਆ, ਫਿਰ ਕੁਝ ਸਮੇਂ ਲਈ ਨਾਭਾ ਵਿਖੇ ਸਰਕਾਰੀ ਰਿਪਦੂਮਨ ਕਾਲਜ ’ਚ ਦਾਖ਼ਲਾ ਲਿਆ, ਫਿਰ ਸਿੱਖ ਨੈਸ਼ਨਲ ਕਾਦੀਆਂ ਵਿਖੇ ਦਾਖ਼ਲਾ ਲਿਆ। ਬੈਜਨਾਥ ਜ਼ਿਲ੍ਹਾ ਕਾਂਗੜਾ ਦੇ ਇਕ ਸਕੂਲ ਵਿਚ ਉਵਰਸੀਰੀ ਦੇ ਕੋਰਸ ’ਚ ਦਾਖਲਾ ਲਿਆ ਪਰ ਡਿਪਲੋਮਾ ਕਿਸੇ ਥਾਂ ਤੋਂ ਵੀ ਪ੍ਰਾਪਤ ਨਾ ਕੀਤਾ। ਉਸ ਦੇ ਪਿਤਾ ਨੇ ਸ਼ਿਵ ਕੁਮਾਰ ਨੂੰ ਪਟਵਾਰੀ ਲਵਾ ਦਿੱਤਾ। 1961 ’ਚ ਸ਼ਿਵ ਨੇ ਇਸ ਨੌਕਰੀ ਤੋਂ ਵੀ ਅਸਤੀਫ਼ਾ ਦੇ ਦਿੱਤਾ। 1966 ਤੱਕ ਕੋਈ ਕੰਮ ਨਾ ਕੀਤਾ। ਇਸ ਸਾਲ ਹੀ ਇਸ ਨੇ ਸਟੇਟ ਬੈਂਕ ਆਫ਼ ਇੰਡੀਆ ਦੀ ਬਟਾਲਾ ਸਾਖਾ ਵਿਚ ਕਲਰਕ ਦੀ ਨੌਕਰੀ ਕਰ ਲਈ।

5 ਫ਼ਰਵਰੀ 1967 ਨੂੰ ਸ਼ਿਵ ਕੁਮਾਰ ਦਾ ਵਿਆਹ ਗੁਰਦਾਸਪੁਰ ਜ਼ਿਲ੍ਹੇ ਦੇ ਪਿੰਡ ਕੀੜੀ ਮੰਗਿਆਲ ਦੀ ਅਰੁਣਾ ਨਾਲ ਹੋਇਆ। ਉਨ੍ਹਾਂ ਦੇ ਘਰ ਦੋ ਬੱਚੇ ਪੁੱਤਰ ਮਿਹਰਬਾਨ ਬਟਾਲਵੀ ਅਤੇ ਧੀ ਪੂਜਾ ਨੇ ਜਨਮ ਲਿਆ। 1968 ’ਚ ਸਟੇਟ ਬੈਂਕ ਆਫ਼ ਇੰਡੀਆ ਦੇ ਮੁਲਾਜ਼ਮ ਵਜੋਂ ਬਦਲ ਕੇ ਉਹ ਚੰਡੀਗੜ੍ਹ ਆ ਗਿਆ। ਚੰਡੀਗੜ੍ਹ ਆ ਕੇ ਸ਼ਿਵ ਨੇ ਨੌਕਰੀ ’ਚ ਕੋਈ ਦਿਲਚਸਪੀ ਨਹੀਂ ਵਿਖਾਈ। ਉਹ 21 ਸੈਕਟਰ ’ਚ ਕਿਰਾਏ ਦੇ ਮਕਾਨ ਵਿਚ ਰਹਿੰਦਾ ਸੀ, ਹਫ਼ਤੇ ਵਿਚ ਇਕ ਜਾਂ ਦੋ ਦਿਨ ਹੀ ਕੰਮ ’ਤੇ ਜਾਂਦਾ।

ਸ਼ਿਵ ਕੁਮਾਰ ਨੇ ਇਕ ਕਾਵਿ ਰਚਨਾਂ ਲੂਣਾ 1965 ਵਿਚ ਲਿਖੀ। ਉਸ ਨੇ ਇਸ ਸਮਾਜ ’ਚ ਭੰਡੀ ਜਾਣ ਵਾਲੀ ਲੂਣਾ ਨੂੰ ਨਿਰਦੋਸ਼ ਸਾਬਤ ਕਰ ਦਿੱਤਾ। ਸ਼ਿਵ ਕੁਮਾਰ ਨੇ ਕਿਹਾ, ਰਾਜੇ ਸਲਵਾਨ ਤੋਂ ਲੂਣਾ ਉਮਰ ਵਿਚ ਬਹੁਤ ਛੋਟੀ ਸੀ, ਇਸ ਕਰਕੇ ਲੂਣਾ ਦਾ ਰਾਜੇ ਸਲਵਾਨ ਨਾਲ ਵਿਆਹ ਕਰਨ ਦੇ ਦੋਸ਼ੀ ਲੂਣਾ ਦੇ ਮਾਂ-ਪਿਓ ਅਤੇ ਸਮਾਜ ਦੇ ਲੋਕ ਹਨ। ਇਸ ਕਿਤਾਬ ਵਿਚ ਲੂਣਾ ਕਹਿੰਦੀ ਹੈ-

- ਹਰ ਬਾਬਲ ਵਰ ਢੂੰਡਣ ਜਾਵੇ
ਹਰ ਅਗਨੀ ਮੇਚ
ਜੋ ਬਾਬਲ ਵਰ ਢੂੰਡ ਲਿਆਇਆ
ਸੋ ਨਾ ਆਇਆ ਮੇਚ
ਨੀਂ ਮੈ ਅੰਗ ਟੁਰੀ ਪਰਦੇਸ
- ਖੋਹ ਲਓ ਮਹਿਲ ਚੁਬਾਰੇ
ਤੇ ਝਿੱਕਾ ਘਰ ਦੇਵੋ
ਜਿਸ ਕੰਧੀ ਦੀ ਇਟ ਮੈਂ
ਉਥੇ ਹੀ ਜੜ ਦੇਵੋ
ਮੈਨੂੰ ਭਿਟ- ਅੰਗੀ ਨੂੰ
ਭਿਟ ਅੰਗਾ ਵਰ ਦੇਵੋ

ਰਾਜੇ ਸਲਵਾਨ ਨੇ ਰਾਣੀ ਇੱਛਰਾਂ ਨੂੰ ਧੋਖਾ ਦੇ ਕੇ ਲੂਣਾ ਨਾਲ ਵਿਆਹ ਕਰਵਾ ਲਿਆ, ਜਦ ਰਾਣੀ ਇੱਛਰਾਂ ਨੂੰ ਪਤਾ ਲੱਗਿਆ, ਉਹ ਮਰਦ ਜਾਤ ਨੂੰ ਦੁਰਕਾਰਦੀ ਹੋਈ ਰਾਜੇ ਸਲਵਾਨ ਨੂੰ ਕਹਿੰਦੀ ਹੈ:-

- ਮੱਚੇ ਕਾਲਜਾ ਜੀਭੇ ਕੁੜੱਲ ਪੈਂਦੇ
ਕਰਨੋ ਗੱਲ ਕੁਚੱਜੀ ਪਈ ਸੰਗਦੀ ਹਾਂ
ਮੇਰੇ ਸੰਗ ’ਚੋਂ ਮੇਰਾ ਨਾ ਸਾਹ ਲੰਘੇ
ਕਾਲੇ ਪੰਧ ਨਮੋਸ਼ੀ ਦੇ ਅੰਗਦੀ ਹਾਂ
ਰਾਜੇ ਹੋਏ, ਚਮਾਰੀ ਪਰਨਾਏ ਆਂਦੀ
ਫੜ ਕਾਲਜਾ ਪੀੜ ਪਈ ਧੰਮਦੀ ਹਾਂ
-ਨੀ ਮੈਂ ਗਿਰਗਟਾਂ ਦੇ ਰੰਗ ਸਮਝਦੀ ਹਾਂ
ਪਰ ਇਹ ਮਰਦਾਂ ਦੇ ਰੰਗ ਨਾ ਸਮਝ ਸਕੀ
ਡੰਗ ਸਮਝਾਂ ਮੈਂ ਕਾਲੇ ਖੜੱਪਿਆਂ ਦੇ
ਪਰ ਇਹ ਮਰਦਾਂ ਦੇ ਡੰਗ ਨਾ ਸਮਝ ਸਕੀ


ਇਸ ਲੂਣਾ ਕਿਤਾਬ ਬਦਲੇ ਸ਼ਿਵ ਨੂੰ 1967 ਵਿਚ ਸਾਹਿਤ ਅਕਾਦਮੀ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ। ਸ਼ਿਵ ਕੁਮਾਰ ਆਪਣੀਆਂ ਜ਼ਿੰਦਗੀ ਦੀਆਂ ਦਰਦ ਭਰੀਆਂ ਯਾਂਦਾ ਨੂੰ ਗੀਤਾਂ ’ਚ ਦੇਸੀ ਮਹੀਨਿਆਂ ਅਤੇ ਖੇਤਾਂ ਵਿਚ ਉਗੀਆਂ ਫਸਲਾਂ ਦੇ ਹਿਸਾਬ ਨਾਲ ਯਾਦ ਕਰਦਾ ਲਿਖਦਾ ਹੈ:-

- ਜਦ ਪੈਣ ਕਪਾਹੀ ਫੁੱਲ ਵੇ ਧਰਮੀ ਬਾਬਲਾ
ਸਾਨੂੰ ਉਹ ਰੁੱਤ ਲੈ ਦਈ ਮੁੱਲ ਵੇ ਧਰਮੀ ਬਾਬਲਾ
ਇਸ ਰੁੱਤੇ ਮੇਰਾ ਗੀਤ ਗੁਆਚਾ
ਜਿਦ੍ਹੇ ਗੱਲ ਬਿਰਹੋਂ ਦੀ ਗਾਨੀ
ਮੁੱਖ ਤੇ ਕਿੱਲ ਗਮਾਂ ਦੇ
ਨੈਣੀ ਉੱਜੜੇ ਖੂਹ ਦਾ ਪਾਣੀ
- ਨੈਣੀ ਉਹਦੇ ਚੇਤ ਦੀ ਆਥਣ
ਅਤੇ ਜ਼ੁਲਫੀਂ ਸਾਵਣ ਛਾਇਆ
ਹੋਠਾਂ ਦੇ ਵਿਚ ਕੱਤੇਂ ਦਾ
ਕੋਈ ਦਿਹੁੰ ਚੜ੍ਹਨੇ ’ਤੇ ਆਇਆ
ਨੀ ਮੈਂ ਵਾਰੀ ਜਾਂ

ਉਸ ਦੀਆਂ ਰਚਨਾਵਾਂ ‘ਪੀੜਾਂ ਦਾ ਪਰਾਗਾ’ (1960), ਲਾਜਵੰਤੀ (1961), ਆਟੇ ਦੀਆਂ ਚਿੜੀਆਂ (1962), ਮੈਨੂੰ ਵਿਦਾ ਕਰੋ (1963), ਦਰਦਮੰਦਾਂ ਦੇ ਆਹੀ (1964), ਲੂਣਾ (1965), ਮੈਂ ਤੇ ਮੈਂ (1970), ਆਰਤੀ (1971) ਵਿਚ ਛਪੀਆਂ।

1960 ਦੇ ਛਪੇ ਪਲੇਠੇ ਕਾਵਿ ਸੰਗ੍ਰਹਿ ਨੇ ਸ਼ਿਵ ਨੂੰ ਪ੍ਰਸਿੱਧੀ ਵੱਲ ਲੈ ਆਂਦਾ। ਇਸ ਵਿਚ ਔਰਤ ਦੇ ਮਨ ਦੀਆਂ ਰੀਝਾਂ, ਸਧਰਾਂ, ਦੁੱਖ ਦਰਦ ਅਤੇ ਘੋਰ ਨਿਰਾਸ਼ਾ ਨੂੰ ਆਪਣੀ ਕਵਿਤਾ ’ਚ ਪੇਸ਼ ਕੀਤਾ ਹੈ:-

- ਲਾ ਲਾ ਲੂਣ ਖੁਆਏ ਦਿਲ ਦੇ
ਡੱਕਰੇ ਕਰ ਕਰ ਪੀੜਾਂ ਨੂੰ





ਪਰ ਇਕ ਪੀੜ ਵਸਲ ਦੀ ਤਾਂ ਵੀ
ਭੁੱਖੀ ਮਰਦੀ ਜਾਏ ਨੀ
ਹੰਝੂਆਂ ਦੀ ਅੱਗ ਸੇਕ ਸੇਕ ਕੇ
ਸੜ ਚੱਲੀਆਂ ਜੇ ਪਲਕਾਂ ਨੀ
ਪਰ ਪੀੜਾਂ ਦੇ ਪੋਹ ਦਾ ਅੜੀਓ
ਘਟਿਆ ਸੀਤ ਨਾ ਮਾਸਾ ਨੀ

--ਸ਼ਿਵ ਕੁਮਾਰ ਦੀਆਂ ਰਚਨਾਵਾਂ ਸੁਰਿੰਦਰ ਕੌਰ, ਨੁਸਰਤ ਫਤਿਹ ਅਲੀ ਖਾਨ, ਜਗਜੀਤ ਸਿੰਘ, ਦੀਦਾਰ ਸਿੰਘ ਪ੍ਰਦੇਸੀ, ਬੱਬੂ ਮਾਨ, ਆਸਾ ਸਿੰਘ ਮਸਤਾਨਾ, ਕੇ ਦੀਪ, ਮਹਿੰਦਰ ਕਪੂਰ ਆਦਿ ਕਈ ਗਾਇਕਾਂ ਨੇ ਗਾਈਆਂ। ਮਈ 1972 ਵਿਚ ਸ਼ਿਵ ਨੇ ਡਾ. ਗੋਪਾਲ ਪੁਰੀ ਅਤੇ ਸ਼੍ਰੀਮਤੀ ਕੈਲਾਸ਼ ਪੁਰੀ ਦੇ ਸੱਦੇ ’ਤੇ ਇੰਗਲੈਂਡ ਦਾ ਦੌਰਾ ਕੀਤਾ। ਇੰਗਲੈਂਡ ਦੇ ਪੰਜਾਬੀ ਭਾਈਚਾਰੇ ਵਿਚ ਸ਼ਿਵ ਕੁਮਾਰ ਦੀ ਪ੍ਰਸਿੱਧੀ ਪਹਿਲਾਂ ਹੀ ਬਹੁਤ ਸੀ। ਉਸ ਦਾ ਸਥਾਨਕ ਅਖ਼ਬਾਰਾਂ ਵਿਚ ਸੁਰਖੀਆਂ ਤਸਵੀਰਾਂ ਨਾਲ ਉਸ ਦੇ ਆਉਣ ਦਾ ਐਲਾਨ ਕੀਤਾ ਗਿਆ। ਉਸ ਦੇ ਸਨਮਾਨ ਲਈ ਕਈ ਜਨਤਕ ਸਮਾਗਮਾਂ ਅਤੇ ਨਿੱਜੀ ਪਾਰਟੀਆਂ ਦਾ ਪ੍ਰਬੰਧ ਕੀਤਾ ਗਿਆ। ਸ਼ਿਵ ਨੇ ਰਾਤ ਨੂੰ ਪਾਰਟੀਆਂ ਤੋਂ ਲੇਟ ਆਉਣਾ, ਸਵੇਰੇ ਸਵੱਖਤੇ ਉਠਣਾ, ਉਸ ਦੀ ਸਿਹਤ ਘੱਟਣੀ ਸ਼ੁਰੂ ਹੋ ਗਈ।

ਸਤੰਬਰ 1972 ਨੂੰ ਸ਼ਿਵ ਕੁਮਾਰ ਇੰਗਲੈਂਡ ਤੋਂ ਵਾਪਸ ਪਰਤਿਆ, ਤਾਂ ਉਸ ਦੀ ਸਿਹਤ ਵਿਚ ਕਾਫ਼ੀ ਗਿਰਾਵਟ ਆ ਚੁੱਕੀ ਸੀ। ਸ਼ਿਵ ਕੁਮਾਰ ਮਹਿਸੂਸ ਕਰ ਰਿਹਾ ਸੀ, ਲੋੜ ਵੇਲੇ ਉਸ ਦੇ ਬਹੁਤ ਸਾਰੇ ਦੋਸਤਾਂ ਨੇ ਉਸ ਦਾ ਸਾਥ ਛੱਡ ਦਿੱਤਾ ਸੀ। ਉਸ ਦੇ ਜਿਗਰ ਵਿਚ ਨੁਕਸ ਪੈ ਚੁੱਕਾ ਸੀ, ਉਸ ਨੂੰ ਉਸ ਦੀ ਪਤਨੀ ਨੇ ਚੰਡੀਗੜ੍ਹ 16 ਸੈਕਟਰ ਦੇ ਹਸਪਤਾਲ ਵਿਚ ਦਾਖ਼ਲ ਕਰਵਾਇਆ, ਜਿੱਥੇ ਕੁਝ ਦਿਨ ਇਲਾਜ ਚੱਲਿਆ।

ਕੁਝ ਮਹੀਨਿਆਂ ਬਾਅਦ ਅੰਮ੍ਰਿਤਸਰ ਦੇ ਇਕ ਹਸਪਤਾਲ ਵਿਚ ਦਾਖ਼ਲ ਕਰਵਾਇਆ ਗਿਆ। ਪਰ ਸ਼ਿਵ ਕੁਮਾਰ ਡਾਕਟਰਾਂ ਦੀ ਮਰਜ਼ੀ ਤੋਂ ਬਿਨਾਂ ਹੀ ਛੁੱਟੀ ਲੈ ਗਿਆ, ਉਹ ਹਸਪਤਾਲ ਵਿਚ ਮਰਨਾ ਨਹੀਂ ਚਾਹੁੰਦਾ ਸੀ। ਉਹ ਬਟਾਲੇ ਆਪਣੇ ਪਰਿਵਾਰ ਕੋਲ ਚਲਿਆ ਗਿਆ। ਬਾਅਦ ਵਿਚ ਉਸ ਨੂੰ ਉਸ ਦੇ ਸੁਹਰੇ ਪਿੰਡ ਕੀੜੀ ਮੰਗਿਆਲ ਪਾਕਿਸਤਾਨ ਦੀ ਸਰਹੰਦ ਦੇ ਨੇੜੇ ਇਕ ਛੋਟੇ ਜਿਹੇ ਪਿੰਡ ਵਿਚ ਲਿਜਾਇਆ ਗਿਆ। 6 ਮਈ, 1973 ਨੂੰ 37ਵੇਂ ਸਾਲ ਭਰ ਜਵਾਨੀ ਵਿਚ ਉੱਥੇ ਹੀ ਉਸ ਦੀ ਮੌਤ ਹੋ ਗਈ।

- ਅਸਾਂ ਤਾਂ ਜੋਬਨ ਰੁੱਤੇ ਮਰਨਾ
ਤੁਰ ਜਾਣਾ ਅਸਾਂ ਭਰੇ ਭਰਾਏ
ਹਿਜਰ ਤੇਰੇ ਦੀ ਕਰ ਪ੍ਰਕਰਮਾਂ
ਅਸਾਂ ਤਾਂ ਜੋਬਨ ਰੁੱਤੇ ਮਰਨਾ!

ਸ਼ਿਵ ਕੁਮਾਰ ਦੇ ਮਰਨ ਉਪਰੰਤ ਬਿਰਹੜਾ (1974), ਅਲਵਿਦਾ (1974), ਅਸਾਂ ਤਾਂ ਜੋਬਨ ਰੁੱਤੇ ਮਰਨਾਂ (1976), ਸਾਗਰ ਤੇ ਕਣੀਆਂ (1982), ਸ਼ਿਵ ਕੁਮਾਰ ਪੂਰਨ ਕਾਵਿ ਸੰਗ੍ਰਹਿ (1983) ਵਿਚ ਛਪਿਆ।

## ਅਸਰ

### ਵਿਅੰਗਮਈ ਵਿਚਾਰ

ਹਰਦੀਪ ਸਿੰਘ ਸੋਢੀ ਨਡਾਲਾ
ਫੀਨਿਕਸ
480-794-0325
sodhi1960@yahoo.com
(Punjab Mail USA



ਬਾਬਾ ਬਖਤੌਰਾ ਕਹਿੰਦਾ, 2014 ਵਿਚ ਸਰਕਾਰ ਨੇ ਸੱਤਾ ਵਿਚ ਆਉਣ ਵਾਸਤੇ ਅੰਨਾ ਹਜ਼ਾਰੇ ਦੀ ਪ੍ਰਧਾਨਗੀ ਹੇਠ ਇੱਕ ਗਰੁੱਪ ਬਣਿਆ, ਜਿਸ ਵਿਚ ਕਿਹਾ ਗਿਆ ਸੀ ਕਿ ਪੈਟਰੋਲ, ਰਸੋਈ ਗੈਸ, ਡਾਲਰ ਅਤੇ ਹੋਰ ਬਹੁਤ ਕੁਝ ਰਾਸ਼ਨ ਅਤੇ ਦਵਾਈਆਂ ਆਦਿ ਵੀ ਸਸਤੇ ਮਿਲਣਗੇ, ਇਸ ਵਾਅਦੇ ਕਾਰਨ ਪੂਰਨ ਬਹੁਮਤ ਨਾਲ ਸਰਕਾਰ ਆ ਗਈ, ਪਰ ਕਿਹੜੀ ਛੈਅ ਕਿਵੇਂ ਮਿਲੀ, ਸਭ ਦੇ ਸਾਹਮਣੇ ਹੈ। ਉਸ ਬ੍ਰਿਗੇਡ ਵੱਲੋਂ ਦਿਖਾਇਆ ਗਿਆ ਊਠ ਦਾ ਬੁੱਲ੍ਹ ਅਜੇ ਵੀ ਲਮਕ ਰਿਹੈ। ਮੌਜੂਦਾ ਹਾਲਾਤ ਤੁਹਾਡੇ ਸਾਹਮਣੇ ਹੀ ਨੇ। ਬਹੁਤੇ ਲੋਕ ਨੁਕਤਾਚੀਨੀ ਅਤੇ ਵਿਰੋਧ ਕਰ-ਕਰ ਹੰਭ ਗਏ ਪਰ ਕੋਈ ਅਸਰ ਨਹੀਂ ਹੋਇਆ। ਹੁਣ ਲੋਕਾਂ ਦੀ ਸੋਚ ਹੈ ਕਿ ਸਰਕਾਰਾਂ ਦਾ ਵਿਰੋਧ ਕਰਨ ਦੀ ਥਾਂ ਮਹਿੰਗਾਈ ਕਰਨ ਅਤੇ ਕਰਾਉਣ ਲਈ ਸਰਕਾਰ ਦਾ ਧੰਨਵਾਦ ਕਰਨਾ ਸ਼ੁਰੂ ਕਰੀਏ ਕਿ ਬਹੁਤ-ਬਹੁਤ ਧੰਨਵਾਦ ਹੈ ਏਨੇ ਵਧੀਆ ਹਾਲਾਤਾਂ ਵਾਸਤੇ ਮਹਿੰਗਾਈ ਕੰਟਰੋਲ ਵਿਚ ਹੈ, ਨੌਕਰੀਆਂ ਵਾਧੂ ਹਨ, ਲੋਕ ਵਿਦੇਸ਼ਾਂ ਵੱਲ ਜਾਣੋਂ ਹਟ ਗਏ ਹਨ। ਸ਼ਾਇਦ ਇਸ ਤਰ੍ਹਾਂ ਕਰਨ ਨਾਲ ਢੀਠਤਾਈ ਦਾ ਹੀ ‘ਅਸਰ’ ਹੋ ਜਾਵੇ।

## ‘ਯਾਦ ਰੱਖਣ ਯੋਗ ਗੱਲਾਂ’

ਹਰਦੀਪ ਸਿੰਘ ਸੋਢੀ ਨਡਾਲਾ
ਫੀਨਿਕਸ 480-794-0325



- ਜਿਸ ਨਾਲ ਵੀ ਮਿਲੋ ਵਰਤੋ, ਉਸ ਨਾਲ ਬੋਲ ਚਾਲ ਅਤੇ ਵਿਹਾਰ ਇਸ ਤਰ੍ਹਾਂ ਕਰੋ ਕਿ ਉਸ ਨੂੰ ਸਿਰਫ ਯਾਦ ਹੀ ਨਾ ਆਉ, ਉਸ ਦੀਆਂ ਯਾਦਾਂ ਵਿਚ ਹੀ ਵੱਸ ਜਾਉ।
- ਦੌੜੇ ਜਾਂਦੇ ਘੋੜੇ ਨੂੰ ਛਾਂਟਾ ਮਾਰਨ ਵਾਲਾ ਵਿਅਕਤੀ ਮਹਾਨ ਮੂਰਖ ਹੁੰਦਾ ਹੈ।
- ਕੱਪ ਵਿਚੋਂ ਪਲਟ ਕੇ ਗਰਮ ਕੀਤੀ ਚਾਹ ਅਤੇ ਟੁੱਟ ਕੇ ਜੁੜੇ ਸਬੰਧਾਂ ਵਿਚ ਉਹ ਸਵਾਦ ਨਹੀਂ ਰਹਿੰਦਾ, ਜੋ ਪਹਿਲਾਂ ਸੀ।
- ਰੂਮੀ ਨੇ ਲਿਖਿਆ ਸੀ ਕਿ ਜੇ ਤੁਸੀਂ ਕਿਸੇ ਅਜਿਹੇ ਦੋਸਤ ਦੀ ਭਾਲ ਵਿਚ ਹੋ, ਜਿਸ ਵਿਚ ਕੋਈ ਦੋਸ਼ ਨਾ ਹੋਵੇ ਤਾਂ ਯਕੀਨਨ ਸਾਰੀ ਉਮਰ ਇਕੱਲੇ ਹੀ ਰਹੋਗੇ।
- ਜੇ ਤੁਸੀਂ ਕਿਸੇ ਡਲੀ ਨੂੰ ਇੱਕ ਵਾਰ ਚੱਖ ਲਿਆ ਕਿ ਇਹ ਲੂਣ ਹੈ, ਤਾਂ ਦੁਬਾਰਾ ਕਿਸੇ ਦੇ ਕਹਿਣ ’ਤੇ ਨਾ ਚਖੋ ਕਿਉਂਕਿ ਲੂਣ ਨੇ ਕਦੇ ਮਿਸ਼ਰੀ ਨਹੀਂ ਬਣਨਾ ਅਤੇ ਲੋਕ ਤੁਹਾਡੇ ਮਖੌਲ ਉਡਾਉਣਗੇ।
- ਕਿਸੇ ਨੂੰ ਸਮਝਾਉਣ ਦਾ ਕਿੰਨਾ ਵਧੀਆ ਢੰਗ ਹੈ, ਕਹਿੰਦੇ ਕਿ ਭਾਈ ਜੇ ਮਾਨ-ਸਨਮਾਨ ਵਿਚ ਤੇਰੇ ’ਤੇ ਛਤਰ ਝੁੱਲ ਰਿਹਾ ਹੈ, ਤਾਂ ਸਾਵਧਾਨ ਹੋ ਕੇ ਇੱਜ਼ਤ ਕਰਵਾ ਲੈ, ਵਰਨਾਂ ਛੱਛੇ ਅੱਗੇ (ਛ) ਅੱਗੇ ਸਿਹਾਰੀ ਲਗਦਿਆਂ ਦੇਰ ਨਹੀਂ ਲੱਗਦੀ।
- ਇਨਸਾਨ ਉਹੋ ਹੀ ਹੁੰਦਾ ਹੈ ਜਦੋਂ ਅਮੀਰ ਹੁੰਦਾ ਹੋਇਆ ਕਿਸੇ ਨੂੰ ਮਿਲੇ, ਤਾਂ ਉਸ ਨੂੰ ਪੁੱਛਿਆ ਜਾਂਦਾ ਹੈ ਹਜ਼ੂਰ ਦਰਸ਼ਨ ਹੀ ਨਹੀਂ ਹੁੰਦੇ ਕਿਥੇ ਰਹਿੰਦੇ ਹੋ? ਉਹੀ ਇਨਸਾਨ ਜਦੋਂ ਗਰੀਬ ਹੁੰਦਾ ਸੀ, ਤਾਂ ਪੁੱਛਿਆ ਜਾਂਦਾ ਸੀ ਕਿੱਥੇ ਮਰ ਗਿਆ ਸੈਂ, ਉਹੇ ਕਦੇ ਨਜ਼ਰ ਹੀ ਨਹੀਂ ਆਇਆ? (Punjab Mail USA)

# ਔਰਤਾਂ: ਸਮਾਜ ਦੀਆਂ ਅਸਲ ਆਰਕੀਟੈਕਟਾਂ






ਪ੍ਰਿਅੰਕਾ ਸੌਰਭ
ਰਾਜਨੀਤੀ ਵਿਗਿਆਨ ਵਿਚ ਖੋਜ ਵਿਦਵਾਨ,
ਹਿਸਾਰ, (ਹਰਿਆਣਾ)
ਮੋ: 70153-75570
(Punjab Mail USA)


"ਔਰਤਾਂ" ਇੱਕ ਮਜ਼ਬੂਤ ਸ਼ਬਦ ਹੈ। ਇਹ ਆਕਰਸ਼ਕ ਹੈ ਕਿਉਂਕਿ ਇਹ ਪਿਆਰ, ਦੇਖਭਾਲ, ਪਾਲਣ-ਪੋਸ਼ਣ, ਜ਼ਿੰਮੇਵਾਰੀਆਂ, ਸ਼ਕਤੀ, ਸਦੀਵੀਤਾ, ਮਾਂਪਣ ਆਦਿ ਨੂੰ ਦਰਸਾਉਂਦਾ ਹੈ। ਔਰਤਾਂ ਸਮਾਜ ਦਾ ਸ਼ੀਸ਼ਾ ਹਨ। ਜਦੋਂ ਇਸ ਨੂੰ ਹਾਸ਼ੀਏ 'ਤੇ ਧੱਕਿਆ ਜਾਂਦਾ ਹੈ, ਇਹ ਜ਼ੁਲਮ ਹੁੰਦਾ ਹੈ; ਜੇ ਇਸ ਦਾ ਪਾਲਣ-ਪੋਸ਼ਣ ਕੀਤਾ ਜਾਂਦਾ ਹੈ, ਤਾਂ ਸਮਾਜ ਦਾ ਪਾਲਣ-ਪੋਸ਼ਣ ਹੁੰਦਾ ਹੈ; ਜੇਕਰ ਇਸ ਨੂੰ ਮਜ਼ਬੂਤ ਕੀਤਾ ਜਾਂਦਾ ਹੈ, ਤਾਂ ਇਹ ਸ਼ਕਤੀਮਾਨ ਹੁੰਦਾ ਹੈ। ਉਹ ਸੱਭਿਆਚਾਰ ਅਤੇ ਰੀਤੀ-ਰਿਵਾਜ਼ਾਂ ਨੂੰ ਕਾਇਮ ਰੱਖਦੀ ਹੈ ਅਤੇ ਅੱਗੇ ਲਿਆਉਂਦੀ ਹੈ। ਉਹ ਉਹ ਹੈ ਜੋ ਆਪਣੇ ਪਤੀ ਅਤੇ ਉਸਦੇ ਪਰਿਵਾਰ ਦੀ ਦੇਖਭਾਲ ਕਰਦੀ ਹੈ। ਦੂਜੇ ਸ਼ਬਦਾਂ ਵਿਚ, ਉਹ ਸਮਾਜ ਵਿਚ ਸਭ ਕੁਝ ਸਿਰਜਦੀ ਹੈ। ਇੱਕ ਔਰਤ (ਮਾਂ) ਉਸਦਾ ਬੱਚਾ ਹੈ, ਪਹਿਲੀ ਅਧਿਆਪਕ; ਉਹ ਆਪਣੇ ਬੱਚਿਆਂ ਦਾ ਪਿਆਰ ਨਾਲ ਇਲਾਜ ਕਰਨ ਵਾਲੀ ਪਹਿਲੀ ਡਾਕਟਰ ਹੈ। ਉਹ ਆਪਣੇ ਬੱਚਿਆਂ ਨੂੰ ਸਿਖਾਉਣ ਵਾਲੀ ਪਹਿਲੀ ਅਧਿਆਪਕ ਹੈ, ਆਪਣੇ ਬੱਚਿਆਂ ਨਾਲ ਖੇਡਾਂ ਖੇਡਣ ਵਾਲੀ ਪਹਿਲੀ ਸਾਥੀ ਹੈ। ਉਸਦੇ ਬੱਚੇ ਦੇ ਵਿਕਾਸ ਵਿੱਚ ਉਸਦਾ ਕੰਮ ਬਹੁਤ ਵੱਡਾ ਹੈ।

ਸਾਡੇ ਸਮਾਜ ਵਿਚ ਕਈ ਸਾਲਾਂ ਤੋਂ ਔਰਤਾਂ ਨੂੰ ਮਰਦਾਂ ਨਾਲੋਂ ਨੀਵਾਂ ਸਮਝਿਆ ਜਾਂਦਾ ਰਿਹਾ ਹੈ। ਇਸ ਤਰ੍ਹਾਂ ਦੀ ਹੀਣ ਭਾਵਨਾ ਕਾਰਨ ਉਨ੍ਹਾਂ ਨੂੰ ਆਪਣੇ ਜੀਵਨ ਵਿਚ ਕਈ ਤਰ੍ਹਾਂ ਦੀਆਂ ਸਮੱਸਿਆਵਾਂ ਅਤੇ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਆਪਣੇ ਆਪ ਨੂੰ ਮਰਦਾਂ ਦੇ ਬਰਾਬਰ ਸਾਬਤ ਕਰਨ ਲਈ ਉਨ੍ਹਾਂ ਨੂੰ ਮਰਦਾਂ ਨਾਲੋਂ ਵੱਧ ਮਿਹਨਤ ਕਰਨੀ ਪੈਂਦੀ ਹੈ। ਮੱਧ ਯੁੱਗ ਵਿਚ, ਲੋਕ ਔਰਤਾਂ ਨੂੰ ਵਿਨਾਸ਼ ਦੀ ਕੁੰਜੀ ਸਮਝਦੇ ਸਨ, ਇਸ ਲਈ ਉਨ੍ਹਾਂ ਨੇ ਔਰਤਾਂ ਨੂੰ ਮਰਦਾਂ ਵਾਂਗ ਬਾਹਰ ਜਾਣ ਅਤੇ ਸਮਾਜਿਕ ਗਤੀਵਿਧੀਆਂ ਵਿਚ ਹਿੱਸਾ ਲੈਣ ਦੀ ਇਜਾਜ਼ਤ ਨਹੀਂ ਦਿੱਤੀ। ਅਜੇ ਵੀ ਆਧੁਨਿਕ ਯੁੱਗ ਵਿਚ ਔਰਤਾਂ ਨੂੰ ਆਪਣੇ ਰੋਜ਼ਾਨਾ ਜੀਵਨ ਵਿਚ ਬਹੁਤ ਸਾਰੀਆਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ ਅਤੇ ਆਪਣਾ ਕੈਰੀਅਰ ਸਥਾਪਤ ਕਰਨ ਲਈ ਬਹੁਤ ਸੰਘਰਸ਼ ਕਰਨਾ ਪੈਂਦਾ ਹੈ। ਬਹੁਤ ਸਾਰੇ ਮਾਪੇ ਸਿਰਫ਼ ਲੜਕਿਆਂ ਨੂੰ ਹੀ ਤਰਜੀਹ ਦਿੰਦੇ ਹਨ ਅਤੇ ਸਿਰਫ਼ ਮੁੰਡਿਆਂ ਨੂੰ ਹੀ ਪੜ੍ਹਾਉਣ ਦੀ ਇਜਾਜ਼ਤ ਦਿੰਦੇ ਹਨ। ਉਨ੍ਹਾਂ ਲਈ, ਔਰਤਾਂ ਪਰਿਵਾਰ ਨੂੰ ਖੁਸ਼ਹਾਲ ਅਤੇ ਸਿਹਤਮੰਦ ਰੱਖਣ ਦਾ ਇੱਕ ਮਾਧਿਅਮ ਹੈ।

ਇੱਕ ਔਰਤ ਨੂੰ ਸਮਾਜ ਵਿਚ ਵਧੇਰੇ ਮਜ਼ਾਕ ਦੀ ਨਜ਼ਰ ਨਾਲ ਦੇਖਿਆ ਜਾਂਦਾ ਹੈ ਅਤੇ ਜੇਕਰ ਉਹ ਪ੍ਰੇਮ ਵਿਆਹ ਜਾਂ ਅੰਤਰ-ਜਾਤੀ ਪ੍ਰੇਮ ਵਿਆਹ ਵਿਚ ਸ਼ਾਮਲ ਹੁੰਦੀ ਹੈ, ਤਾਂ ਉਸ ਨੂੰ ਆਨਰ ਕਿਲਿੰਗ ਦਾ ਵਧੇਰੇ ਖ਼ਤਰਾ ਹੁੰਦਾ ਹੈ। ਮਰਦਾਂ ਦੇ ਮੁਕਾਬਲੇ ਔਰਤਾਂ ਨੂੰ ਖੁਦਮੁਖਤਿਆਰੀ, ਘਰ ਤੋਂ ਬਾਹਰ ਗਤੀਸ਼ੀਲਤਾ, ਸਮਾਜਿਕ ਆਜ਼ਾਦੀ ਆਦਿ ਦੀ ਬਰਾਬਰ ਪਹੁੰਚ ਨਹੀਂ ਹੈ। ਔਰਤਾਂ ਨੂੰ ਦਰਪੇਸ਼ ਕੁਝ ਸਮੱਸਿਆਵਾਂ ਉਨ੍ਹਾਂ ਦੀਆਂ ਘਰੇਲੂ ਜ਼ਿੰਮੇਵਾਰੀਆਂ ਅਤੇ ਸੱਭਿਆਚਾਰਕ ਅਤੇ ਸਮਾਜਿਕ ਤੌਰ 'ਤੇ ਸੌਂਪੀਆਂ ਗਈਆਂ ਭੂਮਿਕਾਵਾਂ ਕਾਰਨ ਹੁੰਦੀਆਂ ਹਨ। ਭਾਰਤ ਸਰਕਾਰ ਨੇ ਲਿੰਗ ਸਮਾਨਤਾ ਅਤੇ ਸਾਰੀਆਂ ਔਰਤਾਂ ਅਤੇ ਲੜਕੀਆਂ ਦੀ ਆਰਥਿਕ ਸੁਤੰਤਰਤਾ ਨੂੰ ਅੱਗੇ ਵਧਾਉਣ ਲਈ ਹਾਲ ਹੀ ਦੇ ਸਾਲਾਂ ਵਿਚ ਕਈ ਨਵੀਆਂ ਨੀਤੀਆਂ ਅਤੇ ਸੁਧਾਰ ਲਾਗੂ ਕੀਤੇ ਹਨ। ਔਰਤਾਂ ਨੂੰ ਵਿੱਤੀ ਤੌਰ 'ਤੇ ਸਸ਼ਕਤ ਕਰਨ ਲਈ, ਕੁਝ ਪ੍ਰਮੁੱਖ ਪਹਿਲਕਦਮੀਆਂ ਵਿਚ 22 ਕਰੋੜ ਔਰਤਾਂ ਲਈ ਜਨ ਧਨ ਖਾਤੇ ਬਣਾਉਣਾ ਅਤੇ ਉਨ੍ਹਾਂ ਨੂੰ ਮੁਦਰਾ ਯੋਜਨਾ ਦੇ ਤਹਿਤ ਘੱਟ ਵਿਆਜ 'ਤੇ ਕਰਜ਼ਾ ਪ੍ਰਦਾਨ ਕਰਨਾ ਸ਼ਾਮਲ ਹੈ। ਬੇਟੀ ਬਚਾਓ-ਬੇਟੀ ਪੜ੍ਹਾਓ ਪਹਿਲਕਦਮੀ ਵਿੱਦਿਆ ਰਾਹੀਂ ਔਰਤਾਂ ਦੇ ਸਸ਼ਕਤੀਕਰਨ ਦੇ ਉਦੇਸ਼ ਨਾਲ ਸ਼ੁਰੂ ਕੀਤੀ ਗਈ ਸੀ।

ਹਥਿਆਰਬੰਦ ਸੇਵਾਵਾਂ ਵਿਚ ਔਰਤਾਂ ਨੂੰ ਸਥਾਈ ਕਮਿਸ਼ਨ ਦੇਣਾ ਅਤੇ ਜਣੇਪਾ ਛੁੱਟੀ ਦੀ ਮਿਆਦ ਨੂੰ 12 ਤੋਂ ਵਧਾ ਕੇ 26 ਹਫ਼ਤਿਆਂ ਤੱਕ ਕਰਨਾ ਸਮਾਜਿਕ ਅਤੇ ਆਰਥਿਕ ਸਸ਼ਕਤੀਕਰਨ ਲਈ ਇੱਕ ਅਨੁਕੂਲ ਮਾਹੌਲ ਪੈਦਾ ਕਰਦਾ ਹੈ ਅਤੇ ਇੱਕ ਯੋਗ ਵਾਤਾਵਰਣ ਸਥਾਪਤ ਕਰਦਾ ਹੈ। ਬਲਾਤਕਾਰ ਨੂੰ ਰੋਕਣ ਲਈ ਬਣੇ ਕਾਨੂੰਨਾਂ ਨੂੰ ਵੀ ਹੋਰ ਸਖ਼ਤ ਬਣਾਇਆ ਜਾ ਰਿਹਾ ਹੈ। ਇਸ ਤੋਂ ਇਲਾਵਾ, ਉੱਜਵਲਾ ਪ੍ਰੋਗਰਾਮ, ਸਵਾਧਾਰ ਗ੍ਰਹਿ ਪ੍ਰੋਗਰਾਮ ਅਤੇ ਮਹਿਲਾ ਸ਼ਕਤੀ ਕੇਂਦਰ ਉਨ੍ਹਾਂ ਮੁੱਦਿਆਂ ਨਾਲ ਨਜਿੱਠਣ ਲਈ ਕੇਂਦਰ ਸਰਕਾਰ ਦੁਆਰਾ ਲਾਗੂ ਕੀਤੀਆਂ ਨੀਤੀਆਂ ਅਤੇ ਪ੍ਰੋਗਰਾਮਾਂ ਦੀਆਂ ਕੁਝ ਮਹੱਤਵਪੂਰਨ ਉਦਾਹਰਣਾਂ ਹਨ, ਜਿਨ੍ਹਾਂ ਦਾ ਆਮ ਤੌਰ 'ਤੇ ਔਰਤਾਂ ਨੂੰ ਸਾਹਮਣਾ ਕਰਨਾ ਪੈਂਦਾ ਹੈ। ਇਹ ਨੀਤੀਆਂ ਅਤੇ ਪ੍ਰੋਗਰਾਮਾਂ ਦੀਆਂ ਕੁਝ ਮਹੱਤਵਪੂਰਨ ਉਦਾਹਰਣਾਂ ਹਨ, ਜੋ ਲਾਗੂ ਕੀਤੀਆਂ ਗਈਆਂ ਹਨ। ਦੇਸ਼ ਵਿਚ ਔਰਤਾਂ ਦੇ ਵਿਆਪਕ ਸਸ਼ਕਤੀਕਰਨ ਦੀ ਗਾਰੰਟੀ ਦੇਣ ਲਈ ਸਰਕਾਰ, ਵਪਾਰਕ ਭਾਈਚਾਰਾ, ਗੈਰ-ਲਾਭਕਾਰੀ ਸੰਸਥਾਵਾਂ ਅਤੇ ਆਮ ਲੋਕਾਂ ਨੂੰ ਸਭ ਨੂੰ ਮਿਲ ਕੇ ਕੰਮ ਕਰਨਾ ਚਾਹੀਦਾ ਹੈ। ਜਨ-ਅੰਦੋਲਨ ਅਤੇ ਜਨਤਕ ਭਾਗੀਦਾਰੀ ਰਾਹੀਂ ਜਨ-ਵਿਹਾਰ ਵਿਚ ਤਬਦੀਲੀ ਵੀ ਜ਼ਰੂਰੀ ਹੈ। ਸਾਡਾ ਸਮਾਜ ਕਹਿੰਦਾ ਹੈ, 'ਔਰਤਾਂ' ਧਰਤੀ ਦੀ ਸਭ ਤੋਂ ਕੀਮਤੀ ਚੀਜ਼ ਹੈ। ਆਓ ਇਸ ਧਰਤੀ ਦੀ ਹਰ ਔਰਤ ਨੂੰ ਸਲਾਮ ਕਰੀਏ।

'ਔਰਤਾਂ ਹੀ ਸਮਾਜ ਦੀਆਂ ਅਸਲ ਆਰਕੀਟੈਕਟ ਹਨ, ਉਹ ਜੋ ਚਾਹੁਣ ਉਸ ਦਾ ਨਿਰਮਾਣ ਕਰ ਸਕਦੀਆਂ ਹਨ।' "ਔਰਤ ਕੀ ਚਾਹੁੰਦੀ ਹੈ"? - ਸਮਾਂ, ਦੇਖਭਾਲ ਅਤੇ ਬਿਨਾਂ ਸ਼ਰਤ ਪਿਆਰ ਆਦਿ। ਇਸ ਧਰਤੀ ਦੀ ਹਰ ਔਰਤ ਇੱਜ਼ਤ, ਸੰਸਕ੍ਰਿਤੀ ਅਤੇ ਸਤਿਕਾਰ ਦੀ ਪ੍ਰਤੀਕ ਹੈ। ਇਹ ਸੰਸਾਰ ਔਰਤਾਂ ਤੋਂ ਬਿਨਾਂ ਖਾਲੀ ਅਤੇ ਅੰਨ੍ਹਾ ਹੈ। ਸਮਾਜ ਵਿਚ ਔਰਤਾਂ ਦੀ ਅਹਿਮ ਭੂਮਿਕਾ ਹੁੰਦੀ ਹੈ। ਨਿੱਜੀ ਜੀਵਨ ਵਿਚ ਔਰਤਾਂ ਦੀ ਭਾਗੀਦਾਰੀ ਕਾਫ਼ੀ ਪ੍ਰਭਾਵਸ਼ਾਲੀ ਹੈ। ਬਹੁਤ ਸਾਰੇ ਸਮਾਜ ਘਰਾਂ ਅਤੇ ਭਾਈਚਾਰਿਆਂ ਵਿਚ ਔਰਤਾਂ ਦੀ ਮਹੱਤਵਪੂਰਨ ਭੂਮਿਕਾ ਨੂੰ ਨਜ਼ਰਅੰਦਾਜ਼ ਕਰਦੇ ਹਨ। ਔਰਤਾਂ ਦੀ ਅਦਾਇਗੀ-ਰਹਿਤ ਕਿਰਤ ਨੂੰ ਅਕਸਰ ਨਾ ਤਾਂ ਮੁੱਲ ਦਿੱਤਾ ਜਾਂਦਾ ਹੈ ਅਤੇ ਨਾ ਹੀ ਜੀ.ਡੀ.ਪੀ. ਵਿਚ ਸ਼ਾਮਲ ਕੀਤਾ ਜਾਂਦਾ ਹੈ, ਅਕਸਰ ਨਜ਼ਰਅੰਦਾਜ਼ ਕੀਤਾ ਜਾਂਦਾ ਹੈ ਅਤੇ ਅਣਗੌਲਿਆ ਜਾਂਦਾ ਹੈ। ਹੁਣ ਸਮਾਂ ਆ ਗਿਆ ਹੈ ਕਿ ਉਨ੍ਹਾਂ ਦੀ ਭੂਮਿਕਾ ਅਤੇ ਯੋਗਦਾਨ ਕਿੰਨਾ ਮਹੱਤਵਪੂਰਨ ਹੈ। ਆਉ ਇਹ ਯਕੀਨੀ ਬਣਾਈਏ ਕਿ ਦੋਵੇਂ ਲਿੰਗ ਇੱਕ ਦੂਜੇ ਨੂੰ ਸਹਿਭਾਗੀਆਂ ਵਜੋਂ ਦੇਖਦੇ ਹਨ।

# ਦਿਮਾਗੀ ਕੈਂਸਰ (ਗਲਾਈਓਬਲਾਸਟੋਮਾ) ਦਾ ਵੱਧ ਰਿਹਾ ਅੰਕੜਾ

**"ਗਲਾਈਓਬਲਾਸਟੋਮਾ ਜਾਗਰੂਕਤਾ ਦਿਵਸ 2023 ਦਾ ਥੀਮ ਹੈ-ਦਿਮਾਗ ਦੇ ਕੈਂਸਰ ਦੀ ਆਮ ਗੁੰਝਲਦਾਰ, ਇਲਾਜ਼-ਰੋਧਕ ਤੇ ਘਾਤਕ ਕਿਸਮ ਦੇ ਬਾਰੇ ਜਾਗਰੂਕਤਾ ਪੈਦਾ ਕਰਨਾ ਹੈ। ਗਲਾਈਓਬਲਾਸਟੋਮਾ ਯਾਨ ਦਿਮਾਗੀ ਕੈਂਸਰ ਬਾਲਗਾਂ ਵਿਚ ਖਤਰਨਾਕ ਕਿਸਮ ਦਾ ਬ੍ਰੇਨ-ਟਿਊਮਰ ਹੈ, ਜੋ ਅਟੈਕ ਤੋਂ ਬਾਅਦ ਤੇਜ਼ੀ ਨਾਲ ਵੱਧਣ ਨਾਲ ਫੈਲ ਵੀ ਸਕਦਾ ਹੈ। ਵਿਸ਼ਵ ਪੱਧਰ 'ਤੇ ਇਹ ਚਿੰਤਾ ਵੱਧ ਗਈ ਹੈ"- ਅਨਿਲ ਧੀਰ**





ਅਨਿਲ ਧੀਰ
ਬਰੈਂਟਪਨ, ਕੈਨੇਡਾ
647-853-5800
healthmedia1@hotmail.com
(Punjab Mail USA)


ਗਲਾਈਓਬਲਾਸਟੋਮਾਸ ਦਿਮਾਗ 'ਤੇ ਪ੍ਰੈਸ਼ਰ ਬਣਾਉਣ ਤੋਂ ਬਾਅਦ ਘਬਰਾਹਟ, ਮਤਲੀ-ਉਲਟੀਆਂ, ਸਵੇਰ ਦੇ ਸਮੇਂ ਤੇਜ਼ ਸਿਰ-ਦਰਦ ਦੇ ਐਪੀਸੋਡ, ਸਰੀਰ ਅੰਦਰ ਹਮੇਸ਼ਾ ਕਮਜ਼ੋਰੀ ਮਹਿਸੂਸ ਕਰਨਾ, ਧੁੰਦਲਾ ਦਿਸਣਾ, ਤੁਰਨ-ਫਿਰਨ ਸਮੇਂ ਸਰੀਰ ਦੇ ਸੰਤੁਲਨ ਵਿਚ ਗੜਬੜੀ ਅਤੇ ਯਾਦਾਸ਼ਤ ਵੀ ਘੱਟ ਸਕਦੀ ਹੈ। ਇਹ ਰੋਗ ਦਾ ਜ਼ਿਆਦਾ ਖਤਰਾ 45 ਤੋਂ 70 ਸਾਲ ਦੀ ਉਮਰ ਦੇ ਲੋਕਾਂ ਨੂੰ ਪ੍ਰਭਾਵਿਤ ਕਰ ਸਕਦਾ ਹੈ। ਨਿਦਾਨ ਵੇਲੇ ਔਸਤ ਉਮਰ 64 ਸਾਲ ਦੇਖੀ ਗਈ ਹੈ, ਪਰ ਇਹ ਬਿਮਾਰੀ ਹਰ ਉਮਰ ਤੇ ਲਿੰਗ ਨੂੰ ਪ੍ਰਭਾਵਿਤ ਕਰਦੀ ਹੈ।

ਗਲਾਈਓਬਲਾਸਟੋਮਾ ਐਟ੍ਰਸਾਈਟੋਮਾ ਦੀ ਇੱਕ ਕਿਸਮ ਹੈ, ਇੱਕ ਕੈਂਸਰ ਜੋ ਦਿਮਾਗ ਵਿਚ ਤਾਰੇ ਦੇ ਆਕਾਰ ਦੇ ਸੈੱਲਾਂ ਤੋਂ ਬਣਦਾ ਹੈ, ਜਿਸਨੂੰ ਐਸਟ੍ਰਸਾਈਟਸ ਕਿਹਾ ਜਾਂਦਾ ਹੈ। ਬਾਲਗਾਂ 'ਚ ਇਹ ਕੈਂਸਰ ਆਮ ਤੌਰ 'ਤੇ ਦਿਮਾਗ ਦੇ ਸਭ ਤੋਂ ਵੱਡੇ ਹਿੱਸੇ, ਸੇਰੇਬ੍ਰਮ ਵਿਚ ਸ਼ੁਰੂ ਹੁੰਦਾ ਹੈ। ਗਲਾਈਓਬਲਾਸਟੋਮਾ ਟਿਊਮਰ ਆਪਣੀ ਖ਼ੂਨ ਦੀ ਸਪਲਾਈ ਬਣਾਉਂਦੇ ਹਨ, ਜੋ ਉਨ੍ਹਾਂ ਨੂੰ ਵੱਧਣ ਵਿਚ ਮਦਦ ਕਰਦਾ ਹੈ। ਉਨ੍ਹਾਂ ਲਈ ਦਿਮਾਗ ਦੇ ਆਮ ਟਿਸ਼ੂ ਉੱਤੇ ਅਟੈਕ ਕਰਨਾ ਆਸਾਨ ਹੁੰਦਾ ਹੈ।

ਪ੍ਰਾਇਮਰੀ ਕਿਸਮ ਦੇ ਗਲਿਓਬਲਾਸਟੋਮਾ 'ਚ ਇਸ ਕਿਸਮ ਦਾ ਟਿਊਮਰ ਅਟੈਕ ਕਰਕੇ ਤੇਜ਼ੀ ਨਾਲ ਵੱਧਦਾ ਹੈ। ਬਜ਼ੁਰਗਾਂ ਨੂੰ ਪ੍ਰਭਾਵਿਤ ਕਰਨ ਦੀ ਜ਼ਿਆਦਾ ਸੰਭਾਵਨਾ ਹੁੰਦੀ ਹੈ। ਸੈਕੰਡਰੀ ਗਲਿਓਬਲਾਸਟੋਮਾ ਦੀ ਕਿਸਮ ਆਮ ਤੌਰ 'ਤੇ ਘੱਟ ਦਰਜੇ ਦੇ ਗਲੀਓਮਾ ਤੋਂ ਵਿਕਸਿਤ ਹੁੰਦੀ ਹੈ। ਇਹ ਕਿਸਮ ਰੀੜ੍ਹ ਦੀ ਹੱਡੀ ਜਾਂ ਦਿਮਾਗ 'ਚ ਦੇਖਣ ਨੂੰ ਮਿਲਦੀ ਹੈ। ਇਹ ਘੱਟ ਉਮਰ ਦੇ ਲੋਕਾਂ ਨੂੰ ਪ੍ਰਭਾਵਿਤ ਕਰਨ ਦੀ ਸੰਭਾਵਨਾ ਰਹਿੰਦੀ ਹੈ ਅਤੇ ਦਿਮਾਗ ਦੇ ਫਰੰਟਲ ਲੋਬ 'ਚ ਹੁੰਦਾ ਹੈ। ਇਸ ਕਿਸਮ ਲਈ ਬਚਣ ਦੀ ਦਰ ਪ੍ਰਾਇਮਰੀ ਗਲਿਓਬਲਾਸਟੋਮਾ ਨਾਲੋਂ ਬਿਹਤਰ ਹੁੰਦੀ ਹੈ।



- ਨਿਊਰੋਲੋਜੀਕਲ ਜਾਂਚ, ਦੌਰਾਨ ਦ੍ਰਿਸ਼ਟੀ, ਸੁਣਨ, ਸੰਤੁਲਨ, ਤਾਲਮੇਲ, ਤਾਕਤ ਅਤੇ ਪ੍ਰਤੀਬਿੰਬਾਂ ਦੀ ਜਾਂਚ ਕੀਤੀ ਜਾਂਦੀ ਹੈ। ਇੱਕ ਜਾਂ ਇੱਕ ਤੋਂ ਵੱਧ ਖੇਤਰਾਂ 'ਚ ਸਮੱਸਿਆਵਾਂ ਦਿਮਾਗ ਦੇ ਉਸ ਹਿੱਸੇ ਬਾਰੇ ਜਾਣਕਾਰੀ ਦੇ ਸਕਦੀਆਂ ਹਨ, ਜਿਸਨੂੰ ਗਲਾਈਓਬਲਾਸਟੋਮਾ ਪ੍ਰਭਾਵਿਤ ਕਰਦਾ ਹੈ।
- ਇਮੇਜਿੰਗ ਟੈਸਟ ਗਲਾਈਓਬਲਾਸਟੋਮਾ ਦੇ ਲੋਕੇਸ਼ਨ, ਸਾਈਜ਼ ਲੱਭਣ 'ਚ ਹੈਲਪ ਕਰ ਸਕਦੇ ਹਨ। ਐੱਮ.ਆਰ.ਆਈ. ਦੀ ਵਰਤੋਂ ਅਕਸਰ ਗਲਾਈਓਬਲਾਸਟੋਮਾ ਦੀ ਜਾਂਚ ਕਰਨ ਲਈ ਕੀਤੀ ਜਾਂਦੀ ਹੈ। ਇਮੇਜਿੰਗ ਟੈਸਟਾਂ ਵਿਚ ਸੀਟੀ ਅਤੇ ਪੋਜ਼ੀਟਰੋਨ ਐਮੀਸ਼ਨ ਟੋਮੋਗ੍ਰਾਫੀ ਵੀ ਮਦਦ ਕਰ ਸਕਦੀ ਹੈ।
- ਸਰਜ਼ਰੀ ਤੋਂ ਪਹਿਲਾਂ ਬਾਇਓਪਸੀ ਦੁਆਰਾ ਜਾਂਚ ਪ੍ਰਕਿਰਿਆ ਦੌਰਾਨ ਟਿਸ਼ੂ ਦਾ ਸੈਂਪਲ ਲਿਆ ਜਾਂਦਾ ਹੈ। ਨਮੂਨੇ ਦੀ ਜਾਂਚ ਦੌਰਾਨ ਦੇਖਿਆ ਜਾਂਦਾ ਹੈ ਕਿ ਕੈਂਸਰ ਵਾਲੇ ਸੈੱਲ ਗਲਾਈਓਬਲਾਸਟੋਮਾ ਦੇ ਹੀ ਹਨ?

ਕੈਂਸਰ ਸੈੱਲਾਂ ਦੇ ਖਾਸ ਟੈਸਟਾਂ ਦੀ ਰਿਪੋਰਟ, ਇਲਾਜ ਲਈ ਮੈਡੀਕਲ ਟੀਮ ਦੀ ਹੈਲਪ ਕਰ ਸਕਦੀ ਹੈ। ਗਲਾਈਓਬਲਾਸਟੋਮਾ ਨੂੰ ਹਟਾਉਣ ਲਈ ਨਿਊਰੋਸਰਜਨ ਕੰਮ ਕਰ ਰਹੇ ਹਨ। ਗਲਾਈਓਬਲਾਸਟੋਮਾ ਅਕਸਰ ਤੰਦਰੁਸਤ ਦਿਮਾਗ ਦੇ ਟਿਸ਼ੂ ਵਿਚ ਵੱਧਦਾ ਹੈ, ਇਸ ਲਈ ਕੈਂਸਰ ਦੇ ਸਾਰੇ ਸੈੱਲਾਂ ਨੂੰ ਰੀਮੂਵ ਕਰਨਾ ਔਖਾ ਵੀ ਹੋ ਜਾਂਦਾ ਹੈ।

ਰੇਡੀਏਸ਼ਨ ਥੈਰੇਪੀ ਕੈਂਸਰ ਸੈੱਲਾਂ ਨੂੰ ਮਾਰਨ ਲਈ ਸ਼ਕਤੀਸ਼ਾਲੀ ਊਰਜਾ ਬੀਮ ਦੀ ਵਰਤੋਂ ਕਰਦੀ ਹੈ। ਊਰਜਾ ਐਕਸ-ਰੇ ਅਤੇ ਪ੍ਰੋਟੋਨ ਵਰਗੇ ਸਾਧਨਾਂ ਆ ਸਕਦੀ ਹੈ। ਰੇਡੀਏਸ਼ਨ ਥੈਰੇਪੀ ਆਮ ਤੌਰ 'ਤੇ ਸਰਜਰੀ ਤੋਂ ਬਾਅਦ ਕੀਤੀ ਜਾਂਦੀ ਹੈ। ਇਸਨੂੰ ਕੀਮੋਥੈਰੇਪੀ ਨਾਲ ਵੀ ਜੋੜਿਆ ਜਾ ਸਕਦਾ ਹੈ। ਉਨ੍ਹਾਂ ਲੋਕਾਂ ਲਈ ਜੋ ਸਰਜਰੀ ਨਹੀਂ ਕਰਵਾ ਸਕਦੇ, ਰੇਡੀਏਸ਼ਨ ਥੈਰੇਪੀ ਅਤੇ ਕੀਮੋਥੈਰੇਪੀ ਮੁੱਖ ਇਲਾਜ ਹੋ ਸਕਦਾ ਹੈ।

ਟੀ.ਟੀ.ਐੱਫ. ਥੈਰੇਪੀ ਦੌਰਾਨ ਸੈੱਲਾਂ ਦੀ ਗੁਣਾਂ ਕਰਨ ਦੀ ਸਮਰਥਾ ਨੂੰ ਵਿਗਾੜਨ ਲਈ ਇੱਕ ਬਿਜਲਈ ਖੇਤਰ ਦੀ ਵਰਤੋਂ ਕਰਦਾ ਹੈ। ਟੀ.ਟੀ.ਐੱਫ. ਵਿਚ ਖੋਪੜੀ 'ਤੇ ਸਟਿੱਕੀ ਪੈਡ ਲਗਾ ਕੇ ਪੋਰਟੇਬਲ ਡਿਵਾਈਸ ਨਾਲ ਜੋੜਿਆ ਜਾਂਦਾ ਹੈ, ਜੋ ਇੱਕ ਇਲੈਕਟਰੀਕਲ ਫੀਲਡ ਬਣਾਉਂਦਾ ਹੈ। ਟੀ.ਟੀ.ਐੱਫ. ਕੀਮੋਥਰੈਪੀ ਨਾਲ ਕੰਮ ਕਰਦਾ ਹੈ।

ਟਾਰਗੈਟਿਡ ਥੈਰੇਪੀ 'ਚ ਦਵਾਈਆਂ ਦੁਆਰਾ ਕੈਂਸਰ ਦੇ ਸੈੱਲਾਂ ਵਿਚ ਖਾਸ ਰਸਾਇਣਾਂ 'ਤੇ ਅਟੈਕ ਕਰਕੇ ਕੈਂਸਰ ਸੈੱਲਾਂ ਨੂੰ ਖਤਮ ਕਰਨ ਦਾ ਕਾਰਨ ਵੀ ਬਣ ਸਕਦਾ ਹੈ।

ਪੈਲੇਟਿਵ ਕੇਅਰ, ਦਰਦ ਤੇ ਗੰਭੀਰ ਬਿਮਾਰੀ ਦੇ ਲੱਛਣਾਂ ਤੋਂ ਰਾਹਤ ਪਾਉਣ ਲਈ ਕੀਤੀ ਜਾਂਦੀ ਹੈ।

ਨੋਟ: ਕਿਸੇ ਵੀ ਕਿਸਮ ਦੇ ਸਿਰ ਦਰਦ ਦੀ ਹਾਲਤ ਨੂੰ ਅਣਦੇਖਾ ਕਰਨਾ, ਵੱਡੇ ਖਤਰੇ ਨੂੰ ਸੱਦਾ ਦੇਣ ਵਾਲੀ ਗੱਲ ਸਾਬਿਤ ਹੋ ਸਕਦੀ ਹੈ।

## ਗਦਰੀ ਬਾਬੇ

**ਨੋਟ : ਸਿਰਫ਼ ਉਨ੍ਹਾਂ ਲੋਕਾਂ ਲਈ ਜੋ ਮਹਾਨ ਯੋਧੇ ਗਦਰੀ ਬਾਬਿਆਂ ਦਾ ਨਾਮ ਵਰਤ ਕੇ ਵਪਾਰ ਕਰ ਰਹੇ ਹਨ। ਜਿਹੜੇ ਸੱਚੇ ਦਿਲੋਂ ਉਨ੍ਹਾਂ ਨੂੰ ਯਾਦ ਕਰਦੇ ਹਨ, ਉਹ ਵਧਾਈ ਦੇ ਪਾਤਰ ਹਨ।**

ਮੈਂ ਜਾਣਦਾ ਉਨ੍ਹਾਂ ਲੋਕਾਂ ਨੂੰ
ਜੋ ਗ਼ਦਰੀ ਗ਼ਦਰੀ ਕਰਦੇ ਨੇ

ਹੈ ਇਨ੍ਹਾਂ 'ਚ ਕਈ ਗੱਦਾਰ
ਜਿਹੜੇ ਜੇਬਾਂ ਆਪਣੀਆਂ ਭਰਦੇ ਨੇ

ਕੰਮ ਕਰਦੇ ਨਾ ਉਹ ਧੇਲੇ ਦਾ
ਆਏ ਸਾਲ ਲੋਕਾਂ ਦੇ ਬੂਹੇ ਚੜ੍ਹਦੇ ਨੇ

ਨਾਂ ਲੈ ਕੇ ਸੂਰਮੇ ਸ਼ਹੀਦਾਂ ਦਾ
ਘਰ ਆਪਣਾ ਹਰਦਮ ਭਰਦੇ ਨੇ

ਕਹਿੰਦੇ ਸਾਡਾ ਮੇਲਾ ਹੈ ਚੰਗਾ
ਦੂਜਿਆਂ ਨੂੰ ਰੱਜ ਕੇ ਭੰਡਦੇ ਨੇ

ਨਿੰਦਿਆ ਵਿਰੋਧੀਆਂ ਦੀ ਕਰਕੇ
ਗਦਰੀ ਬਾਬਿਆਂ ਦਾ ਘਾਣ ਕਰਦੇ ਨੇ

ਇਕ ਦੂਜੇ ਤੋਂ ਅੱਗੇ ਲੰਘਣ ਲਈ
ਇਹ ਦੂਜਿਆਂ ਦਾ ਸਿਆਪਾ ਕਰਦੇ ਨੇ

ਭਰਾ ਨਾਲ ਭਰਾ ਹੁਣ ਲੜਨ ਇਥੇ
ਮੇਲਿਆਂ ਲਈ ਇਹ ਇਕ ਦੂਜੇ 'ਤੇ ਵਰਦੇ ਨੇ

ਜਿਨ੍ਹਾਂ ਬਾਬਿਆਂ ਨੇ ਦਿੱਤੀਆਂ ਕੁਰਬਾਨੀਆਂ
ਲੈ ਨਾਂ ਉਨ੍ਹਾਂ ਦਾ, ਆਪਣੀ ਚੌਧਰ ਕਰਦੇ ਨੇ

ਲਿਆ ਇੰਡੀਆ ਤੋਂ ਲੀਡਰਾਂ ਨੂੰ
ਹੁਣ ਇਹ ਕਬੂਤਰਬਾਜ਼ੀ ਵੀ ਕਰਦੇ ਨੇ

ਹਿਸਾਬ ਮੰਗੇ ਜੇ ਕੋਈ ਇਨ੍ਹਾਂ ਕੋਲੋਂ
ਇਹ ਆਨਾ ਕਾਨੀ ਵੀ ਕਰਦੇ ਨੇ

ਬਾਹਰ ਤਾਂ ਕਹਾਉਣ ਇਹ ਵੱਡੇ ਲੀਡਰ
ਘਰ ਆਪਣੇ ਨਾ ਇਨ੍ਹਾਂ ਨੂੰ ਜਰਦੇ ਨੇ

'ਗੁਰਜਤਿੰਦਰ' ਝੁਕੇ ਉਨ੍ਹਾਂ ਅੱਗੇ
ਜਿਹੜੇ ਬਾਬਿਆਂ ਦਾ ਸਤਿਕਾਰ ਕਰਦੇ ਨੇ



**-ਗੁਰਜਤਿੰਦਰ ਸਿੰਘ ਰੰਧਾਵਾ,**
**ਸੈਕਰਾਮੈਂਟੋ**
916-320-9444
(Punjab Mail USA)

## ਜੂਠਾਂ

ਜੂਠਾਂ ਨਿਗਲ਼ ਗਈਆਂ ਨੇ ਸਾਰੀ, ਪਾਕ ਪਵਿੱਤਰ ਸੰਗਤ ਦੀ ਜੂਠ,
ਸ਼ਾਮ ਸਵੇਰੇ ਕਰ ਅਰਦਾਸਾਂ, ਬੋਲਦੀਆਂ ਰਹੀਆਂ ਕੋਰਾ ਝੂਠ।

ਸ਼ਾਕਾਹਾਰੀ ਮਸੰਦ ਕਹਾ ਕੇ, ਢੋਰਾ, ਸੁੱਸਰੀ ਵਿਚੇ ਹੀ ਖਾ ਗਏ,
ਬੇਹੀਆਂ ਅਤੇ ਸੁੱਕੀਆਂ ਰੋਟੀਆਂ, ਮਰੜ ਮਰੜ ਕੇ ਸਭ ਚਬਾ ਗਏ।

ਬਾਬਾ! ਤੇਰੇ ਫ਼ਲਸਫ਼ੇ ਨੂੰ ਵੀ, ਖਾ ਗਏ ਨੇ ਇਹ ਵੇਚ ਕੇ ਚੋਰ,
ਨਹੀਂ ਰਹੀ ਹੁਣ ਕੋਈ ਕੀਮਤ, ਤਿਲ ਫੁੱਲ ਵਰਗੀ ਇੱਥੇ ਹੋਰ।

ਬੀਬੇ ਦਾਹੜਿਆਂ ਵਾਲੇ ਮਖੌਟੇ, ਪਹਿਨ ਨਿਕਲਦੇ ਸਰੇ ਬਜ਼ਾਰ,
ਪੈਰੀਂ ਪਾਣੀ ਪੈਣ ਨਾ ਦੇਵਣ, ਕਾਲ਼ਖਾਂ ਮਲ਼ੇ ਚਿਹਰੇ ਬਦਕਾਰ।

ਬੇਈਮਾਨੀ ਨੂੰ ਬੂਰ ਪੈ ਗਿਆ, ਬੂਰੇ ਨੇ ਕਰ ਦਿੱਤੀ ਕਮਾਲ,
ਆਪਣੇ ਪਾਪਾਂ ਨੂੰ ਢਕਣ ਲਈ, ਚੱਲਦੇ ਰਹੇ ਹਰ ਗੰਦੀ ਚਾਲ।

ਹਜ਼ਾਰਾਂ ਹੋਰ ਘਪਲਿਆਂ ਵਾਂਗੂੰ, ਹੋਵੇਗੀ ਹੁਣ ਬੀਣ 'ਤੇ ਛਾਣ,
ਕਮੇਟੀ ਹੁਣ ਦਰਿਆਫਤ ਕਰੇਗੀ, ਕਿਸ ਨੇ ਖਾਧਾ ਬੂਰਾ ਛਾਣ।

ਰੁਲ਼ ਜਾਵੇਗਾ ਮਸਲਾ ਸਾਰਾ, ਫੇਰ ਇੱਕ ਵਾਰੀ ਘੱਟੇ ਮਿੱਟੀ,
ਚੜ੍ਹ ਕਮੇਟੀ ਦੀ ਘਨੇੜੀ, ਇਹ ਗੁੱਥੀ ਨਹੀਂ ਜਾਣੀ ਨਜਿੱਠੀ।

ਮੁਕੱਦਮ, ਮੁਲਜ਼ਮ, ਗਵਾਹ, ਅਰਦਲੀ, ਹੋ ਜਾਣਗੇ ਸਭ ਇੱਕ ਪਾਸੇ,
ਘਾਲ਼ੇ ਮਾਲ਼ੇ ਦਾ ਲਾ ਕੇ ਲੰਗਰ, ਬੈਠ ਛਕਣਗੇ ਸਭ ਇੱਕ ਬਾਟੇ।



**ਰਵਿੰਦਰ ਸਿੰਘ ਕੁੰਦਰਾ**
**ਕਵੈਂਟਰੀ, ਯੂ.ਕੇ.**
(Punjab Mail USA)

## ਨੌਜਵਾਨਾਂ ਦੇ ਦਿਲਾਂ ਦੀ ਧੜਕਣ : ਸ਼ਹੀਦ ਚੰਦਰ ਸ਼ੇਖਰ ਅਜ਼ਾਦ

ਭਾਬੜਾ ਪਿੰਡ ਮੱਧ ਪ੍ਰਦੇਸ਼ ਰਾਜ ਸੀ,
ਰਿਆਸਤ ਅਲੀਰਾਜਪੁਰ ਨਾਜ ਸੀ।
ਪਿਤਾ ਸੀਤਾਰਾਮ ਮਾਂ ਜਗਰਾਣੀ ਸੀ,
ਮਾਂ ਕਾਹਦੀ ਉਹ ਤਾਂ ਪਟਰਾਣੀ ਸੀ।

23 ਜੁਲਾਈ 1906 ਦੀ ਕਹਾਣੀ ਹੈ,
ਜੰਮਿਆ ਦਲੇਰ ਜੱਗ ਨੇ ਜਾਣੀ ਹੈ।
ਮਾਂ ਚਾਹੇ ਪੁੱਤ ਵਿਦਵਾਨ ਬਣ ਜਾਏ,
ਪੜ੍ਹ ਸੰਸਕ੍ਰਿਤ ਪੈਰਾਂ ਉੱਤੇ ਖੜ੍ਹ ਜਾਏ।

ਪੰਦਰਾਂ ਸਾਲ ਦਾ ਮੁੱਛਫੁੱਟ ਗੱਭਰੂ,
ਭੇਜ'ਤਾ ਬਨਾਰਸ ਪੜ੍ਹਾਕੂ ਬਣ ਜੂ।
ਜਾ ਦਿਲ 'ਚ ਚਿੰਗਾਰੀ ਜਲ ਪਈ,
ਤੇ ਸ਼ਮਾਂ ਆਜ਼ਾਦੀ ਦੀ ਬਲ ਪਈ।

'ਨ ਮਿਲਵਰਤਣ' ਚੱਲੇ ਘੋਲ ਜੀ,
ਇਨਕਲਾਬ ਜ਼ਿੰਦਾਬਾਦ ਬੋਲ ਜੀ।
1922 'ਚ ਗਾਂਧੀ ਨੂੰ ਛੱਡ ਦਿੱਤਾ,
ਮਰ ਮਿਟਣ ਦਾ ਝੰਡਾ ਗੱਡ ਦਿੱਤਾ।

ਝਾਂਸੀ ਤੋਂ ਸਿੱਖੇ ਹਥਿਆਰ ਚੱਲਣੇ,
ਮੋਟਰ ਗੈਰਾਜ ਤੋਂ ਕਾਰ ਭੱਜਣੇ।
ਜਾ ਮਿਲੇ ਮਨਮੱਠ ਨਾਥ ਗੁਪਤਾ,
ਤੇ ਰਾਮਪ੍ਰਸਾਦ ਬਿਸਮਿਲ ਪੁਖ਼ਤਾ।

ਹਿੰਦੁਸਤਾਨ ਰੀਪਬਲਿਕ ਬਣਾਏ,
ਐਸੋਸੀਏਸ਼ਨ ਲਈ ਧਨ ਜੁਟਾਏ।
1923 :
ਜਾ ਕੇ ਭਗਤ ਸਿੰਘ ਨੂੰ ਮਿਲਿਆ,
ਬੂਟਾ ਕ੍ਰਾਂਤੀ ਵਾਲਾ ਸੀ ਖਿਲਿਆ।

1925:
ਡਾਕਾ ਕਾਕੋਰੀ ਦਾ ਫੇਰ ਮਾਰਿਆ,
ਲੁੱਟਕੇ ਰੇਲ ਕੰਮ ਸੀ ਸੰਵਾਰਿਆ।
1928:
ਜੇ.ਪੀ. ਸਾਂਡਰ'ਜ਼ ਨੂੰ ਚਿੱਤ ਕਰਕੇ,
ਮੌਤ 'ਲਾਜਪਤ' ਦੀ ਜ਼ਿੱਦ ਕੱਢਕੇ।

27 ਫਰਵਰੀ 1931 ਅਲਾਹਾਬਾਦ
(ਅਲਫਰੈਡ ਪਾਰਕ) :
'ਕੱਠੇ ਹੋ ਬਾਗ਼ੀ ਕਰਦੇ ਸਲਾਹ ਸੀ,
ਸੂਹੀਆਂ ਝੱਟ ਕੀਤੀ ਇਤਲਾਹ ਸੀ।
ਨੌਟ-ਬਾਵਰ ਫੇਰ ਨ ਲਾਈ ਦੇਰ ਸੀ,
ਘੇਰਿਆ ਪੁਲਸੀਆਂ ਆਣ ਸ਼ੇਰ ਸੀ।

ਹੋਇਆ ਮੁਕਾਬਲਾ ਗਹਿਗਿਚ ਸੀ ,
ਜਾਣਦਾ ਅਜ਼ਾਦ ਮੌਤ ਨੂੰ ਟਿੱਚ ਸੀ।
ਜ਼ਖਮੀ ਹੋ ਆੜ ਲੈ ਮੋਟੇ ਰੁੱਖ ਦੀ,
ਤਾੜ-ਤਾੜ ਪਿਸਤੌਲ ਮਾਰ ਰੁੱਕ ਦੀ।

15 ਸਿਪਾਹੀ ਉਹਨੇ ਢੇਰ ਕਰਕੇ,
ਆਖ਼ਰੀ ਗੋਲੀ ਨਾਲ਼ ਖ਼ੁਦ ਮਰਕੇ।
ਜੀਂਦੇ ਨਾ ਹੱਥ ਆ ਸ਼ਾਦ ਹੋ ਗਿਆ,
ਸਦਾ ਲਈ ਫੇਰ ਅਜ਼ਾਦ ਹੋ ਗਿਆ।


ਮਹਾਨ ਕ੍ਰਾਂਤੀਕਾਰੀਆਂ ਦੇ ਹਾਣਦਾ,
ਬਣ ਇਤਿਹਾਸ ਸਨਮਾਨ ਮਾਣਦਾ।
ਗਾਥਾ ਇਹ ਸ਼ਹੀਦਾਂ ਦੀ ਤਮਾਮ ਹੈ,
"ਨੂਰਪੁਰੀ" ਝੁੱਕ ਕਰਦਾ ਸਲਾਮ ਹੈ।



**-ਸੇਵਾ ਸਿੰਘ "ਨੂਰਪੁਰੀ"**
(Punjab Mail USA)

## ਕਲਮਾਂ

ਉਹ ਕਲਮਾਂ ਬਹਾਦਰ ਹੁੰਦੀਆਂ ਨੇ
ਜਿਹੜੀਆਂ ਨਿਧੜਕ, ਨਿਡਰ ਤੇ ਨਿਰਪੱਖ ਹੋ ਕੇ
ਆਜ਼ਾਦੀ, ਹੱਕ, ਸੱਚ ਤੇ ਇਨਸਾਫ ਲਈ ਲਿਖਦੀਆਂ ਨੇ
ਜਿਹੜੀਆਂ ਮਨੁੱਖ 'ਤੇ ਹੋ ਰਹੇ ਜ਼ੁਲਮ, ਅਨਿਆਂ
ਤੇ ਧੱਕੇਸ਼ਾਹੀ ਦੇ ਵਿਰੁੱਧ ਲਿਖਦੀਆਂ ਨੇ
ਜਿਹੜੀਆਂ ਹੱਕ, ਫਰਜ਼, ਮਾਨਵਤਾ,
ਗਿਆਨ, ਪਿਆਰ, ਸਤਿਕਾਰ, ਦਇਆ,
ਹਮਦਰਦੀ, ਸਹਿਣਸ਼ੀਲਤਾ ਤੇ ਨਿਮਰਤਾ
ਦਾ ਉਪਦੇਸ਼ ਦਿੰਦੀਆਂ ਨੇ
ਜਿਨ੍ਹਾਂ ਵਿਚ ਸੱਚ, ਝੂਠ, ਠੀਕ-ਗਲਤ
ਤੇ ਚੰਗਾ-ਮਾੜਾ ਕਹਿਣ ਦਾ ਸਾਹਸ ਹੁੰਦਾ ਏ
ਅਤੇ ਜਿਨ੍ਹਾਂ ਵਿਚ ਗੈਰਤ, ਸ਼ਰਮ, ਇੱਜ਼ਤ
ਤੇ ਜਿਊਂਦੀ-ਜਾਗਦੀ ਜ਼ਮੀਰ ਹੁੰਦੀ ਏ
ਉਹ ਕਾਪੀ ਸਾੜ ਦੇਵੋ ਤੇ ਕਲਮ ਨੂੰ ਕਲਮ ਕਰ ਦੇਵੋ,
ਕਵੀ ਤੋਂ ਤਖਤ ਅੱਗੇ ਸੱਚ ਜੇਕਰ ਬੋਲ ਨਹੀਂ ਹੁੰਦਾ।



**-ਮਾਸਟਰ ਨਿਰਮਲ ਸਿੰਘ ਲਾਲੀ,**
**ਯੂਬਾ ਸਿਟੀ**
530-777-0955
(Punjab Mail USA)

## "ਹੜ੍ਹਾਂ 'ਚ ਵੀ ਲੰਗਰ ਚਲਾਵੇ ਤੇਰਾ ਖ਼ਾਲਸਾ"

ਦੁਨੀਆਂ ਦੇ ਉੱਤੇ ਜਦੋਂ ਆਉਂਦੀਆਂ ਨੇ ਆਫ਼ਤਾਂ
ਅੰਬਰ ਤੇ ਧਰਤੀ ਹਿਲਾਉਂਦਿਆਂ ਨੇ ਆਫ਼ਤਾਂ
ਬਣਕੇ ਫ਼ਰਿਸ਼ਤਾ ਕੋਈ ਆਵੇ ਤੇਰਾ ਖ਼ਾਲਸਾ।
ਹੜ੍ਹਾਂ 'ਚ ਵੀ ਲੰਗਰ ਚਲਾਵੇ ਤੇਰਾ ਖ਼ਾਲਸਾ।

ਭੂਚਾਲ ਆਇਆ ਹੋਵੇ ਭਾਵੇਂ ਕਹਿਰ ਕੋਈ ਤੂਫ਼ਾਨ ਦਾ
ਸਿਰ ਮੰਡਰਾਵੇ ਜਦੋਂ ਖਤਰਾ ਕੋਈ ਜਾਨ ਦਾ
ਜਾਨ ਦੇ ਕੇ ਜਾਨਾਂ ਨੂੰ ਬਚਾਵੇ ਤੇਰਾ ਖ਼ਾਲਸਾ।
ਹੜ੍ਹਾਂ 'ਚ ਵੀ ਲੰਗਰ.....।

ਜਾਨ ਲੇਵਾ ਹੋਣ ਭਾਵੇਂ ਫੈਲੀਆਂ ਬੀਮਾਰੀਆਂ
ਬਿਨਾਂ ਭੇਦ ਭਾਵ ਦੇ ਨਿਭਾਵੇ ਜ਼ਿੰਮੇਵਾਰੀਆਂ
ਆਕਸੀਜਨ ਸਿਲੰਡਰ ਵਰਤਾਵੇ ਤੇਰਾ ਖ਼ਾਲਸਾ।
ਹੜ੍ਹਾਂ 'ਚ ਵੀ ਲੰਗਰ.....।

ਸਿੱਖ ਸੰਸਥਾਵਾਂ ਪ੍ਰਬੰਧਕ ਕਮੇਟੀਆਂ
ਭਰ ਭਰ ਭੇਜਣ ਦਵਾਈਆਂ ਦੀਆਂ ਪੇਟੀਆਂ
ਡੁੱਬਦਿਆਂ ਨੂੰ ਕੱਢ ਕੇ ਲਿਆਵੇ ਤੇਰਾ ਖ਼ਾਲਸਾ।
ਹੜ੍ਹਾਂ 'ਚ ਵੀ ਲੰਗਰ.....।

ਲੱਖਾਂ ਲੋਕ ਹੋਗੇ ਅੱਜ ਘਰੋਂ ਬੇਘਰ ਨੇ
ਸਭ ਲਈ ਹਮੇਸ਼ਾ ਖੁੱਲ੍ਹੇ ਗੁਰੂਆਂ ਦੇ ਦਰ ਨੇ
ਭਲਾ ਸਰਬੱਤ ਦਾ ਮਨਾਵੇ ਤੇਰਾ ਖ਼ਾਲਸਾ।
ਹੜ੍ਹਾਂ 'ਚ ਵੀ ਲੰਗਰ.....।

ਬਣਕੇ ਘਨੱਈਆ ਇਹ ਛਬੀਲਾਂ ਕਿਤੇ ਲਾਉਂਦਾ ਏ
ਗਿੱਲ ਮਲਕੀਤ ਸਿਰ ਪੰਥ ਨੂੰ ਝੁਕਾਉਂਦਾ ਏ
ਨਾਨਕ ਦੀ ਬਾਣੀ ਸਦਾ ਗਾਵੇ ਤੇਰਾ ਖ਼ਾਲਸਾ।
ਹੜ੍ਹਾਂ 'ਚ ਵੀ ਲੰਗਰ ਚਲਾਵੇ ਤੇਰਾ ਖ਼ਾਲਸਾ।



**ਮਲਕੀਤ ਸਿੰਘ ਗਿੱਲ (ਭੱਠਲਾਂ)**
**ਸੰਪਰਕ :** 79865-28225
94174-90943
(Punjab Mail USA)

## ਡਾਲਰਾਂ ਦੀ ਭੁੱਖ...

ਡਾਲਰਾਂ ਦੀ ਭੁੱਖ ਨੇ ਉਮਰਾਂ ਦੇ ਵਾਅਦੇ ਖਾ ਲਏ,
ਯਾਦ ਅੱਲੜ ਪੁਣੇ ਦੀ ਚੀਚੀ ਦਾ ਛੱਲਾ ਰਹਿ ਗਿਆ।

ਯੁਗਾਂ ਤੋਂ ਦੁਨੀਆਂ ਕਦੀ ਵੱਸਦੀ ਰਹੀ ਮਿਟਦੀ ਰਹੀ,
ਰਹਿ ਗਿਆ ਜੇਕਰ ਸਦਾ ਲਈ ਨਾਮ ਅੱਲਾਹ ਰਹਿ ਗਿਆ।

ਸ਼ੌਂਕ ਖੇਡਣ ਦਾ ਜਵਾਨੀ ਚੜ੍ਹ ਗਈ ਨਸ਼ਿਆਂ ਦੀ ਭੇਟ,
ਹੱਥਾਂ ਵਿਚ ਝਗੜੇ ਲਈ ਹਾਕੀ ਤੇ ਬੱਲਾ ਰਹਿ ਗਿਆ।

ਯਾਰ ਰਿਸ਼ਤੇਦਾਰ ਭਾਈ ਨਿਕਲੇ ਬਸ ਮਤਲਬ ਦੇ ਯਾਰ,
ਰਿਸ਼ਤਿਆਂ ਦੀ ਭੀੜ ਵਿਚ 'ਦਰਦੀ' ਇੱਕਲਾ ਰਹਿ ਗਿਆ।

ਯਾਰ ਨੂੰ ਪਾਉਣੇ ਦੀ ਖਾਤਰ ਮੌਤ ਨੂੰ ਲਾਇਆ ਗਲੇ,
ਇਸ਼ਕ ਦੇ ਇਸ ਵੰਣਜ ਵਿਚ ਕਿਹੜਾ ਸਵੱਲਾ ਰਹਿ ਗਿਆ।



**-ਸਤਨਾਮ ਸਿੰਘ ਦਰਦੀ ਚਾਨੀਆਂ,**
**ਜਲੰਧਰ**
92569-73526
(Punjab Mail USA)

## ਮੇਰਾ ਪਿੰਡ

ਮੇਰੇ ਪਿੰਡ ਦੇ ਬੋਹੜ ਦੇ ਥੱਲੇ, ਸੱਥ ਕਦੇ ਸੀ
ਜੁੜਦੀ ਹੁੰਦੀ।
ਭੁੱਖ ਜਦੋਂ ਬੇ-ਵਕਤੀ ਲੱਗਦੀ, ਹੱਥ ਵਿਚ
ਰੋੜੀ ਗੁੜਦੀ ਹੁੰਦੀ।
ਤਾਸ਼ ਖੇਡਣ ਦਾ ਬੋਹੜ ਦੇ ਥੱਲੇ, ਵੱਖਰਾ
ਇੱਕ ਨਜ਼ਾਰਾ ਹੁੰਦਾ।
ਚਾਰ ਜਣੇ ਸੀ ਖੇਡਦੇ ਹੁੰਦੇ, ਉਂਝ ਬੈਠਾ
ਪਿੰਡ ਸਾਰਾ ਹੁੰਦਾ।
ਬਲਦਾਂ ਨਾਲ ਸੀ ਖੇਤੀ ਹੁੰਦੀ, ਜੀਵਨ
ਬੜਾ ਸੁਖਾਲ਼ਾ ਹੁੰਦਾ।
ਝਾੜ ਫਸਲ ਦਾ ਘੱਟ ਸੀ ਭਾਵੇਂ, ਖਰਚ ਵੀ
ਨਹੀਂ ਸੀ ਬਾਹਲਾ ਹੁੰਦਾ।
ਆਪਣੇ ਘਰ ਦੀ ਲੋੜ ਮੁਤਾਬਕ, ਸਬਜ਼ੀ
ਲੋਕ ਉਗਾ ਲੈਂਦੇ ਸੀ।
ਨਾ ਖਾਦਾਂ ਦੀ ਵਰਤੋਂ ਕਰਦੇ, ਘਰ ਦੀ ਰੂੜੀ
ਪਾ ਲੈਂਦੇ ਸੀ।
ਇੱਕ ਦੂਜੇ ਦੇ ਕੰਮ ਆਉਣ ਦਾ, ਲੋਕਾਂ ਨੂੰ
ਬੜਾ ਚਾਅ ਸੀ ਹੁੰਦਾ।
ਕੰਮ ਦੇ ਮੌਕੇ ਆਵਤ ਜਾ ਕੇ, ਕੰਮ ਵਿਚ
ਹੱਥ ਵਟਾ ਸੀ ਹੁੰਦਾ।
ਕੋਈ ਵੀ ਵਸਤੂ ਮੁੱਕ ਜਾਣੀ ਜੇ, ਇੱਕ ਦੂਜੇ
ਤੋਂ ਮੰਗ ਲੈਂਦੇ ਸੀ।
ਕੋਲ ਹੋਈ ਜਦ ਮੋੜ ਦਵੀਂ ਤੂੰ, ਹੋ ਕੇ ਉਦੋਂ
ਨਿਸੰਗ ਕਹਿੰਦੇ ਸੀ।
ਦੇਸੀ ਉਦੋਂ ਖੁਰਾਕਾਂ ਹੁੰਦੀਆਂ, ਖੁੱਲੇ ਡੁੱਲ੍ਹੇ
ਜੁੱਸੇ ਹੁੰਦੇ।
ਨਿੱਕੀ ਮੋਟੀ ਗੱਲ ਪਿੱਛੇ ਨਾ, 'ਨਾਗਰਾ'
ਲੋਕ ਸੀ ਗੁੱਸੇ ਹੁੰਦੇ।




**-ਜਸਪਾਲ ਸਿੰਘ ਨਾਗਰਾ**
**'ਮਹਿੰਦਪੁਰੀ', ਯੂਬਾ ਸਿਟੀ**
+1-360-448-1989
(Punjab Mail USA)

## ਮੇਰਾ ਪਿੰਡ

ਉਦਾਸੀਆਂ ਦਾ ਨੂਰ
ਇਨ੍ਹਾਂ ਦਾ ਪਥ-ਪ੍ਰਦਰਸ਼ਕ,
ਤੇ
ਖੜਗ ਦਾ ਧਾਰਨੀ
ਇਨ੍ਹਾਂ ਦਾ ਮਹਾਂ-ਨਾਇਕ।
ਹੜ੍ਹਾਂ, ਝੱਖੜਾਂ, ਦਰਿਆਵਾਂ ਦੇ ਵਹਿਣ
ਇਨ੍ਹਾਂ ਦਾ ਰਾਹ ਨਾ ਰੋਕਦੇ
ਇਹ ਜਾਣਦੇ –
"ਪੰਜਾਬ ਦੇ ਦਰਿਆ ਜਾਪੁ ਸਾਹਿਬ
ਗਾਉਂਦੇ।"
ਵਲਗਣਾਂ, ਵਖਰੇਵਿਆਂ ਤੋਂ ਮੁਕਤ
ਇਹ ਮਰਜੀਵੜੇ
'ਮਾਨਸ ਕੀ ਏਕ ਰਾਤ' ਦੇ ਮੁਤਲਾਸ਼ੀ।
ਸੰਤਾਲੀਆਂ, ਚੁਰਾਸੀਆਂ ਦੇ
ਕਾਲੇ ਪਹਿਰਾਂ ਨੂੰ ਉਲੰਘ
'ਤੇਰਾ ਕੀਆ' ਨੂੰ ਹਿਰਦੇ ਵਿਚ ਬਿਠਾਉਣਾ
ਇਨ੍ਹਾਂ ਦਾ ਸਦੀਵੀ ਅਮਲ ਹੈ।
ਇਨ੍ਹਾਂ ਦੇ ਮੱਥੇ ਉੱਤੇ
'ਸੱਚਾ ਸੌਦਾ' ਖੁਣਿਆ ਹੋਇਆ ਹੈ।
ਸਰਕਾਰੀ-ਤੰਤਰ ਵਿਚਲੇ ਅੱਤਵਾਦੀ ਦੇ
ਲਕਬ ਨੂੰ
'ਹੋਊ ਪਰ੍ਹੇ' ਕਹਿ ਕੇ ਛੁਟਿਆਉਂਦੇ
ਨਿਮਾਣਿਆਂ-ਨਿਤਾਣਿਆਂ ਦੀ ਬਾਂਹ
ਫੜਦੇ।
ਜ਼ੋਰ, ਜਬਰ ਤੇ ਜ਼ੁਲਮ ਅੱਗੇ ਮੱਥਾ ਡਾਹੁੰਦੇ,
ਭਗਤੀ ਤੇ ਸ਼ਕਤੀ ਨੂੰ ਸਮਾਨਾਂਤਰ
ਚਿਤਵਦੇ,
ਜ਼ਿੰਦਗੀ ਨੂੰ ਪਿਆਰਦੇ ਤੇ ਸਤਿਕਾਰਦੇ ਬਾਬੇ
ਸਾਡੇ ਸਮਿਆਂ ਦਾ
ਅਮੁੱਕ ਦਸਤਾਵੇਜ਼ ਹਨ!



**-ਪ੍ਰੋ. ਨਵ ਸੰਗੀਤ ਸਿੰਘ**
**# ਅਕਾਲ ਯੂਨੀਵਰਸਿਟੀ,**
**ਬਠਿੰਡਾ**
94176-92015.
(Punjab Mail USA)


REALTY ONE GROUP
FOR SALE & PURCHASE OF ANY KIND OF PROPERTY
Recently Sold Properties
Caravaggio, Sacramento
Stroman, Sacramento
Mason Ct, Tracy
Windsong Dr, Tracy
Oak Valley Way, Stockton
Van Eych, Sacramento
Valenda Ct, Elk Grove
Rodfo Ct, Sacramento
Masters St, Elk Grove
Little Harbor Ct, Elk Grove
Bond Road, Elk Grove
Bond Road, Elk Grove
New Listings
Bradshaw Road, Elk Grove
Neutra Way, Elk Grove
Pawcatuck Way, Rancho Cordova
Gurjatinder S. Randhawa
web: www.RealtorRandhawa.com
916-320-9444
garysingh123@yahoo.com
Gurjatinder S. Randhawa
REALTOR CA DRE licence # 01490567